14

# PUNJAB VIDHAN SABHA DEBATES

*25th March, 1987*

Vol. V—No. 10

OFFICIAL REPORT

143 - A

CONTENTS

**Wednesday, the 25th March, 1987**


| | | Page |
|---|---|---|
| Starred Questions and Answers | .. | (10)1 |
| Written Answers to Starred Questions laid on the Table of the House under Rule 38 | .. | (10)31 |
| Unstarred Questions and Answers | .. | (10)33 |
| Personal Explanation by Captain Amarinder Singh | .. | (10)37 |
| Call Attention Notices under Rule 66 | .. | (10)45 |
| Paper laid on the Table | .. | (10)55 |
| Resumption of General Discussion on the Budget Estimates for the year 1987-88 | .. | (10)55 |



Punjab Vidhan Sabha Secretariat, Chandigarh

Price : Rs

Rs 64-50



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

Wednesday the 25th March, 1987

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr Speaker (Sardar Surjit Singh Minhas) in the Chair.*

---

## STARRED QUESTIONS AND ANSWERS

### Illegal possession of Agricultural land by the Sarpanch of Bathungarh, District Amritsar

***747. Doctor Dalbir Singh :** Will the Minister for Revenue and Rehabilitation be pleased to state whether it is fact that the present Sarpanch and his relatives of village Bathungarh, Tehsil Baba Bakala, District Amritsar, are in illegal possession of the agricultural land of the Gram Panchayat of the said village ; if so, the action taken or proposed to be taken against the said Sarpanch ?

**ਸਰਦਾਰ ਬਲਦੇਵ ਸਿੰਘ ਖਿਆਲਾ** (ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ) : ਸਰਪੰਚ ਅਤੇ ਉਸਦੇ ਰਿਸ਼ਤੇਦਾਰ ਹੁਣ ਨਜਾਇਜ਼ ਕਾਬਜ਼ ਨਹੀਂ ਹਨ। ਸ੍ਰੀ ਜੋਗਿੰਦਰ ਸਿੰਘ ਸਰਪੰਚ ਦੇ ਦੋ ਪੁੱਤਰ ਸਰਵਸ੍ਰੀ ਸੁੱਚਾ ਸਿੰਘ ਤੇ ਮੁਖਤਾਰ ਸਿੰਘ ਅਤੇ ਭਰਾ ਸ੍ਰੀ ਗੁਰਬਚਨ ਸਿੰਘ ਗਰਾਮ ਪੰਚਾਇਤ ਦੀ 13 ਕਨਾਲ 1 ਮਰਲਾ ਸ਼ਾਮਲਾਤ ਤੇ ਨਜਾਇਜ਼ ਕਾਬਜ਼ ਸਨ ਪਰ ਹੁਣ ਧੋਖਾਦੇਹੀ ਨਾਲ ਸਰਪੰਚ ਨੇ ਇਹ ਜ਼ਮੀਨ, ਨਜਾਇਜ਼ ਕਾਬਜ਼ਾਂ, ਆਪਣੇ ਪੁੱਤਰਾਂ ਅਤੇ ਭਰਾ ਨੂੰ ਹੀ ਸਾਲ 1986–87 ਲਈ 800 ਰੁਪਏ ਵਿਚ ਪਟੇ ਤੇ ਦੇ ਦਿੱਤੀ ਹੈ ਅਤੇ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼, 1964 ਦੇ ਰੂਲ 6 (1)(ਬੀ) ਦੀ ਉਲੰਘਣਾ ਅਤੇ ਆਪਣੀ ਪਦਵੀ ਅਤੇ ਅਧਿਕਾਰਾਂ ਦੀ ਕੁਵਰਤੋਂ ਕੀਤੀ ਹੈ। ਇਸ ਲਈ, ਸਰਪੰਚ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਗੈਰ–ਕਾਨੂੰਨੀ ਪਟਾ ਕੈਂਸਲ ਕਰਨ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ ।

**ਡਾਕਟਰ ਦਲਬੀਰ ਸਿੰਘ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਸਰਪੰਚ ਜਿਹੜਾ ਹੈ, ਉਹ ਹੁਣ ਗੈਰਵਾਜ਼ਿਬ ਨਹੀਂ ਹੈ । 7–8 ਸਾਲ ਤੋਂ ਇਸ ਜ਼ਮੀਨ ਦਾ ਝਗੜਾ ਸੀ। ਉਸ ਵੇਲੇ ਵੀ ਇਹ ਸਰਪੰਚ ਸੀ । ਇਕ ਟਰਮ ਵਿਚ ਸਰਪੰਚ ਹੋਰ ਆ ਗਿਆ ਜਿਸ ਨੇ ਇਹ ਮਸਲਾ ਖੜ੍ਹਾ ਕੀਤਾ ਸੀ। 8–9 ਸਾਲ ਜ਼ਮੀਨ ਤੇ ਇਲਲੀਗਲ ਪੋਜ਼ੇਸ਼ਨ ਰਖਿਆ ਹੋਇਆ ਸੀ। ਇਹ ਉਸ ਨੇ ਗੌਰਮਿੰਟ ਨਾਲ ਫਰਾਡ ਕੀਤਾ ਹੈ । ਹੁਣ, ਸਪੀਕਰ ਸਾਹਿਬ, ਜਦੋਂ 1986–87 ਵਿਚ ਕੁਐਸ਼ਚਨ ਕੀਤਾ ਗਿਆ ਤਾਂ 10–12 ਦਿਨ ਪਹਿਲਾਂ ਲੀਗਲ ਓਪੀਨੀਅਨ ਲੈ ਕੇ ਜ਼ਮੀਨ ਆਪਣੇ ਪੁੱਤਰਾਂ ਨੂੰ ਹੀ ਲੀਜ਼ ਤੇ ਦੇ ਦਿਤੀ ਹੈ। ਇਹ 1986–87 ਦਾ ਹੁਣ ਆਰਡਰ ਹੋਇਆ ਹੋਵੇਗਾ । ਇਸ ਤਰ੍ਹਾਂ ਉਨ੍ਹਾਂ ਨੇ ਰੂਲਜ਼ ਦੀ ਉਲੰਘਣਾ ਕੀਤੀ ਹੈ। ਸਪੀਕਰ ਸਾਹਿਬ, ਕੀ ਮੰਤਰੀ ਜੀ ਹੁਣ ਉਸ ਸਰਪੰਚ ਨੂੰ ਡਿਸਮਿਸ ਕਰਕੇ ਅਰੈਸਟ ਕਰਨ ਦਾ ਵਿਸ਼ਵਾਸ ਦਿਵਾਉਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ** : ਸਪੀਕਰ ਸਾਹਿਬ, ਗਰਾਮ ਪੰਚਾਇਤ, ਕੋਟਲਾ ਕਥੂਨਗੜ੍ਹ ਦੀ ਭੂਮੀ ਤੇ ਸ੍ਰੀ ਜੋਗਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ, ਕੋਟਲਾ ਕਥੂਨਗੜ੍ਹ, ਬਲਾਕ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਦਾ ਆਪਣਾ ਨਾਜਾਇਜ਼ ਕਬਜ਼ਾ ਨਹੀਂ ਹੈ। 13 ਕਨਾਲ 1 ਮਰਲਾ ਸ਼ਾਮਲਾਤ ਭੂਮੀ ਤੇ ਸਰਪੰਚ ਦੇ ਦੋ ਪੁੱਤਰਾਂ ਸਰਵਸ੍ਰੀ ਸੁੱਚਾ ਸਿੰਘ ਅਤੇ ਮੁਖਤਾਰ ਸਿੰਘ ਅਤੇ ਭਰਾ ਸ੍ਰੀ ਗੁਰਬਚਨ ਸਿੰਘ ਦਾ ਨਜਾਇਜ਼ ਕਬਜ਼ਾ ਸੀ । ਪੰਜਾਬ ਗਰਾਮ ਪੰਚਾਇਤ ਐਕਟ, 1952 ਅਤੇ ਉਸ ਅਧੀਨ ਬਣੇ ਨਿਯਮਾਂ ਦੇ ਉਪਬੰਧਾਂ ਅਨੁਸਾਰ ਸਰਪੰਚ ਦੇ ਰਿਸ਼ਤੇਦਾਰਾਂ (ਪੁੱਤਰਾਂ ਅਤੇ ਭਰਾ) ਦਾ ਸ਼ਾਮਲਾਤ ਜ਼ਮੀਨ ਤੇ ਨਜਾਇਜ਼ ਕਬਜ਼ਾ ਹੋਣਾ ਸਰਪੰਚ ਨੂੰ ਉਸ ਦੇ ਸਰਪੰਚ ਚੁਣੇ ਜਾਣ ਜਾਂ ਬਣੇ ਰਹਿਣ ਲਈ ਕੋਈ ਅਯੋਗਤਾ ਨਹੀਂ ਹੈ । ਇਸ ਲਈ ਸਰਪੰਚ ਵਿਰੁੱਧ ਇਸ ਦੋਸ਼ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ ।

ਸ੍ਰੀ ਜੋਗਿੰਦਰ ਸਿੰਘ, ਸਰਪੰਚ, ਗਰਾਮ ਪੰਚਾਇਤ, ਕੋਟਲਾ ਕਥੂਨਗੜ੍ਹ, ਬਲਾਕ ਤਰਸਿੱਕਾ ਪਾਸੋਂ ਕਰਵਾ ਕੇ ਰਪੋਟ ਮਿਤੀ 10 ਦਸੰਬਰ, 1984 ਨੂੰ ਭੇਜੀ ਕਿ ਸਰਪੰਚ ਦੇ ਦੋ ਪੁੱਤਰਾਂ ਸਰਵਸ੍ਰੀ ਸੁੱਚਾ ਸਿੰਘ ਤੇ ਮੁਖਤਾਰ ਸਿੰਘ ਅਤੇ ਭਰਾ ਸ੍ਰੀ ਗੁਰਚਰਨ ਸਿੰਘ ਸ਼ਾਮਲਾਤ ਜ਼ਮੀਨ ਤੇ ਨਜਾਇਜ਼ ਕਾਬਜ਼ ਸਨ ਅਤੇ ਕਬਜ਼ਾ ਛੱਡਣ ਨੂੰ ਤਿਆਰ ਨਹੀਂ ਸਨ । ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ, ਅੰਮ੍ਰਿਤਸਰ ਦੀ ਤਜਵੀਜ਼ ਤੇ ਵਿਭਾਗ ਵੱਲੋਂ ਸਰਪੰਚ ਵਿਰੁੱਧ ਰੈਗੂਲਰ ਪੜਤਾਲ ਕਰਵਾਈ ਗਈ । ਰੈਗੂਲਰ ਪੜਤਾਲ ਦੇ ਸਿੱਟੇ ਵਜੋਂ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ, ਅੰਮ੍ਰਿਤਸਰ ਨੂੰ ਮਿਤੀ 25 ਨਵੰਬਰ, 1985 ਨੂੰ ਹਦਾਇਤ ਕੀਤੀ ਗਈ ਕਿ ਉਹ ਨਜਾਇਜ਼ ਕਬਜ਼ਾ ਛੁਡਾਉਣ ਲਈ ਹਰ ਕਿਸਮ ਦਾ ਚਾਰਾਜੋਈ ਤੁਰੰਤ ਕਰੇ । ਇਹ ਵੀ ਲਿਖਿਆ ਗਿਆ ਹੈ ਕਿ ਜੇ ਸਰਪੰਚ ਵਲੋਂ ਮਿਲਵਰਤਣ ਵਿੱਚ ਕੋਈ ਢਿੱਲ ਹੋਵੇ ਤਾਂ ਉਸ ਵਿਰੁੱਧ ਯੋਗ ਕਾਰਵਾਈ ਕੀਤੀ ਜਾਵੇ ।

ਹੁਣ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਅੰਮ੍ਰਿਤਸਰ ਨੇ ਰਪੋਟ ਕੀਤੀ ਹੈ ਕਿ ਸਰਪੰਚ ਗਰਾਮ ਪੰਚਾਇਤ, ਕੋਟਲਾ ਕਥੂਨਗੜ੍ਹ ਨੇ 13 ਕਨਾਲ 1 ਮਰਲਾ ਸ਼ਾਮਲਾਤ ਜ਼ਮੀਨ ਆਪਣੇ ਦੋ ਲੜਕਿਆਂ ਸਰਵਸ੍ਰੀ ਸੁੱਚਾ ਸਿੰਘ ਤੇ ਮੁਖਤਾਰ ਸਿੰਘ ਤੇ ਉਸ ਦੇ ਭਾਈ ਗੁਰਬਚਨ ਸਿੰਘ ਨੂੰ 800 ਰੁਪਏ ਤੇ ਸਾਲ 1986-87 ਵਿੱਚ ਪਟੇ ਤੇ ਦਿਤੀ ਹੈ। ਉਸ ਵਲੋਂ ਅਜਿਹਾ ਕਰਕੇ ਆਪਣੀ ਪਦਵੀ ਅਤੇ ਅਧਿਕਾਰਾਂ ਦੀ ਕੁਵਰਤੋਂ ਅਤੇ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ, 1961 ਅਧੀਨ ਬਣੇ 1964 ਦੇ ਰੂਲਾਂ ਦੇ ਰੂਲ 6(1)(ਬੀ) ਦੀ ਉਲੰਘਣਾ ਕੀਤੀ ਹੈ। ਇਨ੍ਹਾਂ ਦੋਸ਼ਾਂ ਕਾਰਨ ਸਰਪੰਚ ਵਿਰੁੱਧ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 102(4) ਅਧੀਨ ਸਰਪੰਚ ਦੇ ਪੱਦ ਤੋਂ ਮੁਅੱਤਲ ਕੀਤਾ ਗਿਆ ਹੈ ਅਤੇ ਗੈਰ-ਕਾਨੂੰਨੀ ਪੱਟਾ ਜੋ ਕਿ ਉਸ ਨੇ ਆਪਣੇ ਲੜਕਿਆਂ ਅਤੇ ਭਰਾ ਨੂੰ 800 ਰੁਪਏ ਵਿੱਚ ਦਿਤਾ ਹੈ, ਨੂੰ ਕੈਂਸਲ ਕਰਨ ਲਈ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ, 1961 ਦੀ ਧਾਰਾ 10-ਏ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ ।

**ਡਾਕਟਰ ਦਲਬੀਰ ਸਿੰਘ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਸਰਪੰਚ ਦੀ ਇਲਲੀਗਲ ਪੋਜ਼ੈਸ਼ਨ ਹੈ ਹੀ ਨਹੀਂ ਸੀ । ਮੈਂ ਸਵਾਲ ਖਤਮ ਹੋਣ ਤੋਂ ਬਾਅਦ ਇਸ ਗੱਲ ਦਾ ਪਰਮਾਣ ਕਿ ਉਹ ਕੇਸ ਲੜਦਾ ਰਿਹਾ ਹੈ ਅਤੇ ਹਾਈ ਕੋਰਟ ਤੱਕ ਕੇਸ ਹਾਰਦਾ ਰਿਹਾ ਹੈ, ਉਹ ਮੈਂ ਹਾਊਸ ਦੀ ਟੇਬਲ ਤੇ ਰਖਾਂਗਾ । ਅਜੇ ਤੱਕ ਇਹ ਮੰਨਦੇ ਨਹੀਂ ਹਨ ਕਿ ਇਲਲੀਗਲ ਪੋਜ਼ੈਸ਼ਨ ਸੀ। 8 ਸਾਲ ਤੋਂ ਇਹ ਝਗੜਾ ਚਲ ਰਿਹਾ ਹੈ। ਡੀ.ਡੀ.ਪੀ.ਓ. ਨੇ ਇਨਕੁਆਇਰੀ ਸਰਪੰਚ ਦੇ ਖਿਲਾਫ ਹੀ ਕੀਤੀ ਹੈ । ਹੁਣ ਕੁਐਸ਼ਚਨ ਹੋ ਗਿਆ ਹੈ ਤਾਂ ਉਸ ਜ਼ਮੀਨ ਦੀ ਲੀਜ਼ ਭਰਾ ਅਤੇ ਪੁੱਤਰ ਦੇ ਨਾਂ ਕਰ ਦਿੱਤੀ ਹੈ । ਮੰਤਰੀ ਜੀ ਇਹ ਗੱਲ ਮੰਨਣ ਨੂੰ ਕਿਉਂ ਨਹੀਂ ਤਿਆਰ ਕਿ ਇਹ ਇਲਲੀਗਲ

Original with;
Punjab Vidhan Sabha
Digitized by;
Panjab Digital Library

ਪੋਜ਼ੇਸ਼ਨ 7-8 ਸਾਲ ਤੋਂ ਸੀ ਅਤੇ ਉਸਨੂੰ ਡਿਸਮਿਸ ਕਰਨ। ਦੂਜੀ ਗੱਲ ਕਿ ਇਹੀ ਸ਼ਖਸ ਮਾਰਕੀਟ ਕਮੇਟੀ ਗਹਿਰਾ ਦਾ ਮੈਂਬਰ ਵੀ ਹੈ। ਮੰਤਰੀ ਜੀ ਇਹ ਵੀ ਦੱਸਣ ਕਿ ਕੀ ਸਬੰਧਤ ਮੰਤਰੀ ਜੀ ਵਲੋਂ ਇਸਨੂੰ ਮਾਰਕੀਟ ਕਮੇਟੀ ਦੀ ਮੈਂਬਰਸ਼ਿਪ ਤੋਂ ਵੀ ਹਟਾਇਆ ਜਾਵੇਂਗਾ ? ਇਨ੍ਹਾਂ ਦੀ ਗਿਆਤ ਲਈ ਮੈਂ ਕਾਗਜ਼ ਹਾਊਸ ਦੀ ਟੇਬਲ ਤੇ ਰੱਖਣ ਲਗਾ ਹਾਂ।

(ਇਸ ਵਕਤ ਮਾਨਯੋਗ ਮੈਂਬਰ ਨੇ ਸਦਨ ਦੇ ਟੇਬਲ ਤੇ ਕਾਗਜ਼ ਰਖੇ ਜੋ ਕਿ ਮਾਨਯੋਗ ਸਪੀਕਰ ਸਾਹਿਬ ਨੂੰ ਪਹੁੰਚਾ ਦਿੱਤੇ ਗਏ।)

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਮਾਨਯੋਗ ਮੈਂਬਰ ਸਾਹਿਬ ਨੂੰ ਦੱਸ ਦਿੱਤਾ ਹੈ ਕਿ ਜੇ ਨਾਜਾਇਜ਼ ਕਾਬਜ਼ ਦੀ ਗਿਰਦਾਵਰੀ ਹੀ ਨਹੀਂ ਹੈ ਤਾਂ ਕਾਰਵਾਈ ਹੋ ਨਹੀਂ ਸਕਦੀ ਕਿਉਂਕਿ ਜ਼ਮੀਨ ਦਾ ਕਾਬਜ਼ ਤਾਂ ਸਰਪੰਚ ਨਹੀਂ, ਉਸਦਾ ਭਰਾ ਅਤੇ ਪੁੱਤਰ ਕਾਬਜ਼ ਹਨ। ਇਸ ਲਈ ਸਰਪੰਚ ਤੇ ਕਾਰਵਾਈ ਨਹੀਂ ਹੋ ਸਕਦੀ। ਜਦੋਂ ਉਸਨੇ ਜ਼ਮੀਨ ਪੱਟੇ ਤੇ ਦੇ ਦਿੱਤੀ, ਤਾਂ ਉਸਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ, ਇਸ ਲਈ ਹੁਣ ਉਸਤੇ ਕਾਰਵਾਈ ਕੀਤੀ ਗਈ ਹੈ। ਇਸ ਗੱਲ ਵਿੱਚ ਸਚਾਈ ਨਹੀਂ ਕਿ ਉਸਦਾ ਪਹਿਲਾਂ ਤੋਂ ਹੀ ਕਬਜ਼ਾ ਹੈ।

**ਡਾਕਟਰ ਦਲਬੀਰ ਸਿੰਘ** : ਸਪੀਕਰ ਸਾਹਿਬ, ਇਕ ਛੋਟੀ ਜਿਹੀ ਕਲੈਰੀਫਿਕੇਸ਼ਨ ਲੈਣੀ ਹੈ ਜੀ।

**ਸ਼੍ਰੀ ਸਪੀਕਰ** : ਤੁਸੀਂ ਡਾਕਟਰ ਸਾਹਿਬ, ਬਰੀਫ ਕਰੋ। ਮੰਤਰੀ ਜੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਰਪੰਚ ਦੀ ਇਲਲੀਗਲ ਆਕੂਪੇਸ਼ਨ ਨਹੀਂ ਸੀ।

**ਡਾਕਟਰ ਦਲਬੀਰ ਸਿੰਘ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਇਹ ਮੰਨ ਲਿਆ ਹੈ ਕਿ ਉਸਨੇ ਗਲਤੀ ਕੀਤੀ ਹੈ, ਰੂਲਜ਼ ਦੀ ਉਲੰਘਣਾ ਕੀਤੀ ਹੈ Then why he should not be arrested and dismissed ? ਸਸਪੈਂਡ ਕਰਨ ਦਾ ਕੀ ਹੈ ? ਉਹ ਹੇਰਾਫੇਰੀਆਂ ਕਰਕੇ ਮਾਰਕੀਟ ਕਮੇਟੀ ਦਾ ਵੀ ਮੈਂਬਰ ਬਣ ਗਿਆ। ਲੱਖਾਂ ਰੁਪਏ ਦੀ ਜਾਇਦਾਦ ਕਮਾਈ ਹੈ, ਫੇਰ ਕਿਸੇ ਨੂੰ ਹਿੱਸਾ ਦੇ ਕੇ ਬਹਾਲ ਹੋ ਜਾਵੇਗਾ। ਇਸ ਤਰ੍ਹਾਂ ਤਾਂ ਬਿਲਕੁਲ ਹੀ ਹਨੇਰਗਰਦੀ ਛਾਈ ਹੋਈ ਹੈ। ਤੁਸੀਂ ਮੰਤਰੀ ਜੀ ਨੂੰ ਕਹੋ ਕਿ ਉਸਨੂੰ ਸਸਪੈਂਡ ਕਰਨ ਦੀ ਬਜਾਏ ਡਿਸਮਿਸ ਕਰਕੇ ਅਰੈਸਟ ਕਰਨ।

**ਰਾਜ ਮੰਤਰੀ** : ** ** **

**Shri Brij Bhushan Mehra** : There should be no aspersion on the Member.

**Doctor Dalbir Singh** : On a point of personal explanation.

**ਸ਼੍ਰੀ ਸਪੀਕਰ** : ਇਹ ਰਿਮਾਰਕਸ ਐਕਸਪੰਜ ਕੀਤੇ ਜਾਂਦੇ ਹਨ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਜਿਹੜਾ ਮਹਿਕਮਾ ਹੈ, ਉਸ ਵਿੱਚ ਕਾਨੂੰਨ ਬਣੇ ਹੋਏ ਹਨ, ਐਕਟ ਬਣੇ ਹੋਏ ਹਨ ਜਿਨ੍ਹਾਂ ਦੀਆਂ ਧਾਰਾਵਾਂ ਮੁਤਾਬਿਕ ਮੈਂ ਇਹ ਕਾਰਵਾਈ ਕਰ ਰਿਹਾ ਹਾਂ। ਇਹ ਪੁਲਿਸ ਦੇ ਅਧਿਕਾਰ ਵੀ ਸਾਨੂੰ ਦਿਵਾ ਦੇਣ ਤਾਂ ਉਹ ਕਾਰਵਾਈ ਵੀ ਕਰ ਲਵਾਂਗੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਐਕਟ ਦੇ ਵਿੱਚ ਏਨੀ ਪਾਵਰ ਦਿੱਤੀ ਹੋਈ ਹੈ ਕਿ ਕੋਈ ਜ਼ਮੀਨ ਸ਼ਾਮਲਾਟ ਜਿਹੜੀ ਪਿੰਡ ਦੀ ਹੈ, ਉਹ ਬੀ.ਡੀ.ਓ. ਜਾਂ ਡੀ.ਡੀ.ਪੀ.ਓ. ਦੀ ਮਰਜ਼ੀ ਤੋਂ ਬਗੈਰ ਨਹੀਂ ਦਿਤੀ ਜਾ ਸਕਦੀ । ਇਸ ਵਿੱਚ ਕੋਈ ਕੋਰਟ ਵੀ ਇੰਟਰਫੀਅਰ ਨਹੀਂ ਕਰ ਸਕਦੀ । ਸਰਪੰਚ ਨੂੰ ਤਾਂ ਸਸਪੈਂਡ ਕਰ ਦਿੱਤਾ ਹੈ, ਉਨ੍ਹਾਂ ਅਫਸਰਾਂ ਨੂੰ ਸਸਪੈਂਡ ਕਿਉਂ ਨਹੀਂ ਕੀਤਾ, ਕੀ ਇਹ ਇਸਦਾ ਜਵਾਬ ਦੇਣਗੇ?

ਰਾਜ ਮੰਤਰੀ : ਪੜਤਾਲ ਕਰਨ ਤੋਂ ਬਾਅਦ ਇਹੀ ਸਿੱਧ ਹੋਇਆ ਹੈ ਕਿ 13 ਕਨਾਲ 1 ਮਰਲਾ ਜ਼ਮੀਨ ਸੀ । ਉਸ ਜ਼ਮੀਨ ਵਾਸਤੇ ਉਚ ਅਧਿਕਾਰੀਆਂ ਦੀ ਲੋੜ ਨਹੀਂ ਹੁੰਦੀ । ਜ਼ਿਆਦਾ ਜ਼ਮੀਨ ਹੋਵੇ ਤਾਂ ਲੋੜ ਹੁੰਦੀ ਹੈ। ਜੇ ਅਫਸਰ ਹਾਜ਼ਰ ਹੀ ਨਹੀਂ ਸਨ ਤਾਂ ਕਾਰਵਾਈ ਕੀ ਕਰਨੀ ਹੈ ।

ਸਰਦਾਰ ਭਾਗ ਸਿੰਘ : ਇਨ੍ਹਾਂ ਦੇ ਨੋਟਿਸ ਵਿਚ ਇੱਕ ਇਨਸਟਾਂਸ ਹੈ ਪਰ ਇਹੋ ਜਿਹੀਆਂ ਹਜ਼ਾਰਾਂ ਮਿਸਾਲਾਂ ਹਨ ਜਿਥੇ ਸਰਪੰਚ ਜ਼ਮੀਨਾਂ ਤੇ ਨਜਾਇਜ਼ ਕਬਜ਼ਾ ਕਰ ਲੈਂਦੇ ਹਨ। ਕੀ ਇਸ ਦੀ ਘੋਖ ਲਈ ਕੋਈ ਕਮੇਟੀ ਮੁਕਰੱਰ ਕਰਨਗੇ ਜਿਸ ਵਿਚ ਤਹਿਸੀਲਦਾਰ ਜਾਂ ਕੋਈ ਹੋਰ ਅਫਸਰ ਹੋਣ ਤਾਂਕਿ ਜਦੋਂ ਕੋਈ ਸ਼ਿਕਾਇਤ ਆਵੇ ਤਾਂ ਉਸ ਦੀ ਪੜਤਾਲ ਹੋਵੇ ਔਰ ਜੇ ਵਾਕਿਆ ਹੀ ਜ਼ਮੀਨ ਤੇ ਕਿਸੇ ਸਰਪੰਚ ਦਾ ਨਾਜਾਇਜ਼ ਕਬਜ਼ਾ ਹੋਵੇ ਤਾਂ ਉਹ ਉਸ ਤੋਂ ਛੁੜਵਾ ਲਿਆ ਜਾਏ ?

ਰਾਜ ਮੰਤਰੀ : ਮੈਂ ਪਹਿਲਾਂ ਵੀ ਦਸਿਆ ਹੈ ਔਰ ਅਖਬਾਰਾਂ ਵਿਚ ਵੀ ਇਸ ਗਲ ਦਾ ਪ੍ਰਚਾਰ ਕੀਤਾ ਹੈ ਕਿ ਜਦੋਂ ਵੀ ਪਿੰਡ ਦੇ ਬੰਦੇ ਇਹੋ ਜਿਹੀ ਸ਼ਿਕਾਇਤ ਲੈਕੇ ਆਉਂਦੇ ਹਨ ਤਾਂ ਉਸਦੀ ਇਨ-ਕੁਆਇਰੀ ਕਰਾਈ ਜਾਂਦੀ ਹੈ ਔਰ ਇੱਕ ਮਹੀਨੇ ਦੇ ਅੰਦਰ ਅੰਦਰ ਇਨਕੁਆਇਰੀ ਕਰਾ ਕੇ ਕਾਰਵਾਈ ਕੀਤੀ ਜਾਂਦੀ ਹੈ । ਜੇਕਰ ਮੈਂਬਰ ਸਾਹਿਬ ਇਹੋ ਜਿਹੀ ਗਲ ਸਾਡੇ ਧਿਆਨ ਵਿਚ ਲਿਆਉਣਗੇ ਤਾਂ ਜ਼ਰੂਰ ਕਾਰਵਾਈ ਕੀਤੀ ਜਾਏਗੀ ਔਰ ਦੋਸ਼ੀ ਪਾਉਣ ਤੇ ਸਬੰਧਤ ਬੰਦੇ ਨੂੰ ਸਜ਼ਾ ਦਿੱਤੀ ਜਾਏਗੀ।

---

**Inadequate supply of Mulberry Wood to the sports Industry in the State**

***736. Vaid Om Parkash Datta :** Will the Minister of State for Forests be pleased to state whether the Government is aware of the inadequate supply of mulberry wood to the sports industry in the State ; if so, the steps proposed to be taken to promote the plantation of mulberry trees in the State ?

**Sardar Surinder Pal Singh :** Yes, Sir. Adequate supply of mulberry wood is not readily available to meet the entire needs of the sports goods industry in the State. 533 hectares of Government forest land have been planted with mulberry during the past five years. Besides, the mulberry plants are available from Government nurseries for plantation by the public.

ਵੈਦ ਓਮ ਪ੍ਰਕਾਸ਼ ਦੱਤਾ : ਮੈਂ ਸਪੀਕਰ ਸਾਹਿਬ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇਸ ਸਾਲ ਵਿਚ 537 ਹੈਕਟੇਅਰ ਜ਼ਮੀਨ ਦੱਸੀ ਹੈ, ਇਹ ਕਿਹੜੀ ਜਗ੍ਹਾ ਤੇ ਹੈ? ਪਬਲਿਕ ਦੇ ਲੋਕਾਂ ਨੂੰ ਕੀ ਇਹ ਪਲਾਂਟ ਗੌਰਮਿੰਟ ਇੰਡਸਟਰੀ ਤੋਂ ਮਿਲਦੇ ਹਨ? ਕੋਈ ਦਸ ਸਾਲ ਬਾਅਦ ਮਲਬਰੀ ਦਾ ਦਰਖਤ ਤਿਆਰ ਹੁੰਦਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਦਰਖਤ ਲਗਾ ਕੇ ਆਕਸ਼ਨ ਕਰਕੇ ਸਪੋਰਟਸ ਇੰਡਸਟਰੀ ਵਾਲਿਆਂ ਨੂੰ ਦਿੱਤੇ ਗਏ ਹਨ? ਜਿਹੜੇ ਅਸਲੀ ਪੌਦੇ ਹਨ ਉਹ ਤਾਂ ਜਾਂ ਵਿਕ ਜਾਂਦੇ ਹਨ ਜਾਂ ਚੋਰੀ ਹੋ ਜਾਂਦੇ ਹਨ । ਕੀ ਇਹ ਦੱਸਣਗੇ ਕਿ ਜੋ ਲਾਸਟ ਟਾਈਮ ਆਕਸ਼ਨ ਹੋਈ ਹੈ ਕੀ ਉਹ ਰਿਜੈਕਟਿਡ ਮਾਲ ਦੀ ਹੋਈ ਹੈ ਜਾਂ ਠੀਕ ਮਾਲ ਦੀ ਹੋਈ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਮਾਨਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਉਸ ਤਰ੍ਹਾਂ ਸਵਾਲ ਵਿਚ ਤਾਂ ਦਿੱਤਾ ਨਹੀਂ ਗਿਆ ਲੇਕਿਨ ਇਨ੍ਹਾਂ ਦੇ ਗਿਆਤ ਵਾਸਤੇ ਮੈਂ ਦਸਣਾ ਚਾਹੁੰਦਾ ਹਾਂ ਕਿ ਮਲਬਰੀ ਦਸ ਸਾਲ ਵਿਚ ਨਹੀਂ ਬਲਕਿ 15 ਸਾਲ ਵਿਚ ਤਿਆਰ ਹੁੰਦਾ ਹੈ। ਜਿਹੜਾ ਮਲਬਰੀ ਇਨ੍ਹਾਂ ਨੂੰ ਦੇਣਾ ਹੈ, ਉਹ ਪੋਲਾ ਨਾ ਹੋਵੇ, ਇਸ ਲਈ ਦਰਖਤ ਰਿਜ਼ਰਵ ਫਾਰੈਸਟ ਵਿਚ ਹੀ ਲਗਾਏ ਜਾਂਦੇ ਹਨ । ਸ਼ਹਿਤੂਤ ਦਾ ਦਰਖਤ ਸ਼ੈਡ ਵਿਚ ਪੈਦਾ ਕਰਦੇ ਹਾਂ । ਜੇਕਰ ਇਹ ਓਪਨ ਵਿਚ ਲਗਾਏ ਜਾਣ ਤਾਂ ਇਹ ਕੰਮ ਵਿਚ ਨਹੀਂ ਆਉਂਦੇ ਹਨ । 108 ਹੈਕਟੇਅਰ ਜ਼ਮੀਨ ਵਿਚ ਹਰ ਸਾਲ ਲਗਾਉਂਦੇ ਹਾਂ। ਪਰ ਹੁਣ ਲੋਕਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ 150 ਹੈਕਟੇਅਰ ਜ਼ਮੀਨ ਵਿਚ ਇਹ ਹਰ ਸਾਲ ਲਗਾਇਆ ਕਰਾਂਗੇ ।

**ਵੈਦ ਓਮ ਪ੍ਰਕਾਸ਼ ਦੱਤਾ** : ਸਰਦਾਰ ਪ੍ਰਤਾਪ ਸਿੰਘ ਕੈਰੋਂ ਜਦੋਂ ਮੁੱਖ ਮੰਤਰੀ ਸਨ ਤਾਂ ਉਸ ਵਕਤ 30 ਲੱਖ ਦਰਖਤ ਸਪੋਰਟਸ ਇੰਡਸਟਰੀ ਵਾਸਤੇ ਲਗਾਏ ਸਨ ।

**ਸ੍ਰੀ ਸਪੀਕਰ** : ਤੁਸੀਂ ਇਨਫਰਮੇਸ਼ਨ ਦਿਓ ਨਾ ਬਲਕਿ ਇਨ੍ਹਾਂ ਤੋਂ ਇਨਫਰਮੇਸ਼ਨ ਮੰਗੋ ।

**ਵੈਦ ਓਮ ਪ੍ਰਕਾਸ਼ ਦੱਤਾ** : ਨਾਭਾ, ਪਟਿਆਲਾ ਔਰ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਨਹਿਰਾਂ ਦੇ ਕਿਨਾਰੇ, ਸੜਕਾਂ ਦੇ ਕਿਨਾਰੇ ਤੇ ਦਰਖਤ ਲਗਾਏ ਜਾਂਦੇ ਸਨ। ਕੀ ਹੁਣ ਵੀ ਇਸੇ ਤਰ੍ਹਾਂ ਹੀ ਲਗਾਏ ਜਾਂਦੇ ਹਨ ?

**ਰਾਜ ਮੰਤਰੀ** : ਇਹ ਤਾਂ ਪਹਿਲਾਂ ਟਾਹਲੀ ਥਲੇ ਲਗਦੇ ਹਨ ਕਿਉਂਕਿ ਓਪਨ ਵਿਚ ਲਗਾਉਣ ਨਾਲ ਇਹ ਪੋਲੇ ਹੋ ਜਾਂਦੇ ਹਨ ਬਰਾਚੀ ਹੋ ਜਾਂਦੇ ਹਨ। ਅਸੀਂ ਇਹ ਸੈਂਪਲਿੰਗਜ਼ 30 ਪੈਸੇ ਫੀ ਪਲਾਂਟ ਦੇ ਹਿਸਾਬ ਦੇ ਨਾਲ ਪ੍ਰਾਈਵੇਟ ਏਜੰਸੀਜ਼ ਨੂੰ ਦੇ ਰਹੇ ਹਾਂ । ਜੇਕਰ ਇਨ੍ਹਾਂ ਨੂੰ ਹੋਰ ਜ਼ਿਆਦਾ ਚਾਹੀਦੇ ਹਨ ਤਾਂ ਜ਼ਮੀਨ ਲੀਜ਼ ਤੇ ਲੈ ਕੇ ਲਗਾਉਣ ।

**ਸਰਦਾਰ ਕਿਰਪਾਲ ਸਿੰਘ** : ਕੀ ਮਨਿਸਟਰ ਸਾਹਿਬ ਐਗਰੀਕਲਚਰ ਅਤੇ ਹਾਰਟੀਕਲਚਰ ਡੀਪਾਰਟਮੈਂਟਸ ਨੂੰ ਹਦਾਇਤ ਦੇਣਗੇ ਕਿ ਇਸ ਦਰਖਤ ਵਾਸਤੇ ਆਪਣੇ ਆਪਣੇ ਇਲਾਕਿਆਂ ਵਿਚ ਜ਼ਮੀਨ ਮੌਜੂ ਹੋਵੇ ਅਤੇ ਇਸ ਦੇ ਮੁਤੱਲਕ ਲੋਕਾਂ ਨੂੰ ਸੂਚਨਾ ਦੇਣ ਕਿਉਂਕਿ ਇਹ ਦਰਖਤ ਫਾਇਦੇਮੰਦ ਹੈ। ਇਸ ਨਾਲ ਲੋਕਾਂ ਨੂੰ, ਇਲਾਕੇ ਨੂੰ ਅਤੇ ਇੰਡਸਟਰੀ ਨੂੰ ਵੀ ਫਾਇਦਾ ਹੋਵੇਗਾ ।

**ਰਾਜ ਮੰਤਰੀ** : ਜੋ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਇਹ ਦਰਖਤ ਫਾਇਦੇਮੰਦ ਹੈ, ਇਹ ਜ਼ਿਮੀਦਾਰਾਂ ਵਾਸਤੇ ਮਲਬਰੀ ਫਾਇਦੇਮੰਦ ਨਹੀਂ ਹੈ । ਇਸ ਲਈ ਜ਼ਿਮੀਦਾਰ ਇਸ ਨੂੰ ਨਹੀਂ ਲਗਾਉਂਦੇ ਜ਼ਿਮੀਦਾਰਾਂ ਨੂੰ ਸਫੈਦੇ ਵਿਚੋਂ ਜ਼ਿਆਦਾ ਪੈਸੇ ਮਿਲ ਸਕਦੇ ਹਨ। ਪਰ ਅਸੀਂ ਕੋਈ ਰੁਕਾਵਟ ਨਹੀਂ ਪਾਉਣਾ ਚਾਹੁੰਦੇ ਜੇ ਉਹ ਲਗਾਉਣਾ ਚਾਹੁਣ ।

## Repair of Roads

***769. Sardar Dilbagh Singh :** Will the Minister of State for Public Works be pleased to refer to the reply given to Starred Question No. 138 on 5th March, 1986 and be pleased to state whether funds for repair of roads have since been received from the Market Committees concerned and the repair work on the said roads has been taken in hand ?

Original with;
Punjab Vidhan Sabha
Digitized by;
Panjab Digital Library

**ਸਰਦਾਰ ਰਜਿੰਦਰ ਸਿੰਘ ਧਾਲੀਵਾਲ:** ਹਾਂ ਜੀ। ਤਹਿਸੀਲ ਨਵਾਂ ਸ਼ਹਿਰ ਵਿਚ 33 ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਲਈ 42.55 ਲੱਖ ਰੁਪਏ ਆਏ ਸਨ। ਇਨ੍ਹਾਂ ਵਿਚੋਂ 27 ਸੜਕਾਂ ਤੇ ਕੰਮ ਪੂਰਾ ਹੋ ਗਿਆ ਹੈ ਅਤੇ ਬਾਕੀ ਛੇ ਸੜਕਾਂ ਤੇ ਕੰਮ ਚਲ ਰਿਹਾ ਹੈ।

**ਸਰਦਾਰ ਦਿਲਬਾਗ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 5 ਮਾਰਚ ਨੂੰ ਇਹੀ ਕੁਐਸ਼ਚਨ ਆਇਆ ਸੀ ਔਰ ਇਨ੍ਹਾਂ ਨੇ ਕਿਹਾ ਸੀ ਕਿ ਸਰਵੇ ਹੋ ਰਿਹਾ ਹੈ ਔਰ ਜਲਦੀ ਤੋਂ ਜਲਦੀ ਮੁਰੰਮਤ ਕਰਾਂਗੇ। ਹਾਲਾਂ ਵੀ ਉਹੀ ਹਾਲਤ ਹੈ। ਬੱਸਾਂ ਬੰਦ ਹਨ। ਉਥੇ ਕੋਈ ਵੀ ਰਿਪੇਅਰ ਨਹੀਂ ਹੋਈ। ਜੇ ਕੋਈ ਕੰਮ ਹੋਇਆ ਹੋਵੇ ਤਾਂ ਇਹ ਇਨਕੁਆਇਰੀ ਕਰ ਲੈਣ। ਜਿਥੋਂ ਤੱਕ ਤੁਅੱਲਕ ਹੈ ਕਿ ਕੰਮ ਮਾਰਕਿਟ ਕਮੇਟੀਆਂ ਨੂੰ ਦੇ ਦਿਤਾ ਹੈ ਕਿ ਉਹ ਬਣਾਉਣਗੀਆਂ ਇਸ ਦੇ ਮੁਤੱਲਕ ਮੈਂ ਕਹਿ ਸਕਦਾ ਹਾਂ ਕਿ ਮਾਰਕਿਟ ਕਮੇਟੀ ਨੇ ਉਥੇ ਕੋਈ ਨਹੀਂ ਬਣਾਈ। ਇਨ੍ਹਾਂ ਦੇ ਤੋਤੇ ਉਡ ਗਏ ਹਨ। ਉਥੇ ਬਿਲਕੁਲ ਨਹੀਂ ਬਣਾਈਆਂ ਗਈਆਂ। ਮੈਂ ਸਮਝਦਾ ਹਾਂ ਕਿ ਇਹ ਪੀ.ਡਬਲਿਊ.ਡੀ. ਨੂੰ ਕਹਿਕੇ ਸੜਕਾਂ ਮੁਰੰਮਤ ਕਰਾਉਣ ਤਾਕਿ ਜਿਹੜੇ ਲੋਕਾਂ ਦੀਆਂ ਸਰਵਿਸਿਜ਼ ਬੰਦ ਹੋਈਆਂ ਹੋਈਆਂ ਹਨ, ਲੋਕਾਂ ਨੂੰ ਤਕਲੀਫ ਹੋ ਰਹੀ ਹੈ, ਉਸ ਦਾ ਕੋਈ ਹੱਲ ਲੱਭਿਆ ਜਾਵੇ।

**ਰਾਜ ਮੰਤਰੀ** : ਸਰ, ਇਨ੍ਹਾਂ ਨੇ ਕਿਹਾ ਹੈ ਕਿ ਸੜਕਾਂ ਦੀ ਮੁਰੰਮਤ ਨਹੀਂ ਹੋਈ, ਮੈਂ ਜ਼ਰੂਰ ਪੜਤਾਲ ਕਰਵਾਵਾਂਗਾ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਬਕਾਇਆ ਕੰਮ ਹੈ ਉਸ ਨੂੰ ਪੂਰਾ ਕਰਾਂਗੇ।

**ਸਰਦਾਰ ਦਿਲਬਾਗ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਇਨ੍ਹਾਂ ਨੇ ਇਸੇ ਹਾਊਸ ਵਿਚ ਬਿਆਨ ਦਿਤਾ ਸੀ ਕਿ ਅਸੀਂ ਸਰਵੇ ਕਰਾਂਗੇ, ਛੇਤੀ ਤੋਂ ਛੇਤੀ ਕਰਾਂਗੇ। ਅਗਰ ਉਸ ਉਤੇ ਮਾਰਕਿਟ ਕਮੇਟੀ ਨੇ ਐਕਸ਼ਨ ਨਹੀਂ ਲਿਆ, ਪੀ.ਡਬਲਿਊ.ਡੀ. ਨੇ ਐਕਸ਼ਨ ਨਹੀਂ ਲਿਆ ਤਾਂ ਕੀ ਸਬੰਧਤ ਅਫਸਰਾਂ ਦੇ ਖਿਲਾਫ ਇਨਕੁਆਇਰੀ ਕਰਕੇ ਐਕਸ਼ਨ ਲੈਣਗੇ ਕਿ ਉਨ੍ਹਾਂ ਨੇ ਇਹ ਕੰਮ ਕਿਉਂ ਨਹੀਂ ਕੀਤਾ ਅਤੇ ਸੜਕਾਂ ਦੀ ਰਿਪੇਅਰ ਕਿਉਂ ਨਹੀਂ ਹੋਈ ?

**ਰਾਜ ਮੰਤਰੀ** : ਹਾਂ ਜੀ, ਜ਼ਰੂਰ ਐਕਸ਼ਨ ਲਵਾਂਗੇ।

**ਪੰਡਿਤ ਸਰਵਣ ਰਾਮ ਮਠਸੋਵਾਲੀਆ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਦੇ ਏਰੀਆ ਗੜ੍ਹਸ਼ੰਕਰ ਤਹਿਸੀਲ ਵਿਚ ਕਾਫੀ ਸੜਕਾਂ ਰਿਪੇਅਰ ਵਾਸਤੇ ਮਨਜ਼ੂਰ ਹੋਈਆਂ ਸਨ ਪਰ ਉਨ੍ਹਾਂ ਵਾਸਤੇ ਪੈਸਾ ਨਹੀਂ ਮਿਲਿਆ। ਇਸ ਲਈ ਕੀ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਕਿ ਜਿਹੜੀਆਂ ਸੜਕਾਂ ਰਿਪੇਅਰ ਵਾਸਤੇ ਮਨਜ਼ੂਰ ਹੋਈਆਂ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਬਣਾਉਣਗੇ ਅਤੇ ਕਿੰਨੀ ਦੇਰ ਵਿਚ ਉਨ੍ਹਾਂ ਦੀ ਮੁਰੰਮਤ ਕਰਾਉਣਗੇ ?

**ਰਾਜ ਮੰਤਰੀ** : ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਮਾਰਕਿਟ ਕਮੇਟੀਆਂ ਜਾਂ ਮਾਰ-ਕੀਟਿੰਗ ਬੋਰਡ ਵਲੋਂ ਜਦ ਪੈਸਾ ਆਵੇਗਾ ਤਾਂ ਅਸੀਂ ਬਣਾ ਦਿਆਂਗੇ।

**ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਗੁਰਦਾਸਪੁਰ ਵਿਚ ਉਥੇ ਹਨੂਮਾਨ ਚੌਕ ਤੇ ਜਿਹੜੀ ਸੜਕ ਬਣੀ ਹੈ ਉਥੇ ਲੁੱਕ ਨਹੀਂ ਪਾਈ ਗਈ ਅਤੇ ਬੁਲਡੋਜ਼ਰ ਨਹੀਂ ਫੇਰਿਆ ਗਿਆ ਜਿਸ ਕਰਕੇ ਉਥੋਂ "ਚੌਕ ਤੋਂ ਸੜਕ 2 ਮਹੀਨਿਆਂ ਬਾਅਦ ਖਰਾਬ ਹੋ ਗਈ। ਉਸ ਬਾਰੇ ਇਨ੍ਹਾਂ ਨੇ ਕੀ ਐਕਸ਼ਨ ਲਿਆ ਹੈ ? ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਮੈਂ ਬੇਨਤੀ ਕੀਤੀ ਸੀ ਕਿ ਇਹ ਰਿਸਪਾਂਸੀਬਿਲਿਟੀ ਫਿਕਸ ਕਰਨ। ਇਸ ਲਈ ਕੀ ਜਿਨ੍ਹਾਂ ਐਸ.ਡੀ.ਓ., ਐਕਸੀਅਨ ਅਤੇ ਓਵਰਸੀਅਰ ਨੇ ਇਹ ਸੜਕ ਬਣਾਈ ਸੀ ਕੀ ਇਹ ਰਿਸਪਾਂਸੀਬਿਲਿਟੀ ਫਿਕਸ ਕਰਕੇ, ਇਨਕੁਆਇਰੀ ਕਰਕੇ ਉਨ੍ਹਾਂ ਨੂੰ ਸਜ਼ਾ ਦੇਣਗੇ ਜਾਂ ਉਨ੍ਹਾਂ ਨੂੰ ਇਨਾਮ ਦੇਣ ਦੀ ਕੋਸ਼ਿਸ਼ ਕਰਨਗੇ ? (ਹਾਸਾ)

**ਰਾਜ ਮੰਤਰੀ** : ਉਸ ਦੀ ਪੜਤਾਲ ਕਰਵਾ ਲਵਾਂਗੇ ਕਿ ਉਸ ਦੇ ਟੁੱਟਣ ਦੇ ਕੀ ਕਾਰਨ ਹਨ। ਉਸ ਦੇ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ ।

**ਸਰਦਾਰ ਕਰਨੈਲ ਸਿੰਘ ਡੋਡ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕੰਡੀ ਏਰੀਏ ਦਾ ਵਾ-ਵਰੋਲਾ ਰੋਜ਼ ਰਹਿੰਦਾ ਹੈ ਔਰ 5—7 ਮੈਂਬਰਜ਼ ਹਰ ਵੇਲੇ ਹਾਊਸ ਵਿਚ ਸ਼ੋਰ ਪਾਉਂਦੇ ਹਨ, ਕੀ ਡਿਵੈਲਪਮੈਂਟ [ਡੀਪਾਰਟਮੈਂਟ] ਨੇ ਉਸ ਦੇ ਲਈ ਕੋਈ ਕੰਡੀ ਏਰੀਆ ਸੈਲ ਬਣਾਇਆ ਹੈ ਜਾਂ ਬਣਾ ਸਕਦਾ ਹੈ ਜਾਂ ਮੁੱਖ ਮੰਤਰੀ ਸਾਹਿਬ ਕੋਈ ਕੰਡੀ ਏਰੀਆ ਪੋਰਟਫੋਲੀਓ ਬਣਾ ਕੇ ਕੋਈ ਮਨਿਸਟਰ ਨਿਯੁਕਤ ਕਰ ਦੇਣਗੇ ? (ਹਾਸਾ)

(ਕੋਈ ਉਤਰ ਨਹੀਂ ਆਇਆ)

**ਕਾਮਰੇਡ ਮਹਿਤਾਬ ਸਿੰਘ** : ਸਪੀਕਰ ਸਾਹਿਬ, ਹਰ ਵਾਰ ਜਦੋਂ ਸੈਸ਼ਨ ਸ਼ੁਰੂ ਹੁੰਦਾ ਹੈ ਤਾਂ ਸੜਕਾਂ ਦੇ ਮੁਤੱਲਕ 4—5 ਸਵਾਲ ਆ ਜਾਂਦੇ ਹਨ ਕਿਉਂਕਿ ਪੰਜਾਬ ਵਿੱਚ ਸੜਕਾਂ ਦੀ ਹਾਲਤ ਜੇ ਦੇਖੀ ਜਾਵੇ ਤਾਂ ਸਿਵਾਏ ਜੀ.ਟੀ.ਰੋਡ ਦੇ ਬਾਕੀ ਦੀਆਂ ਸਾਰੀਆਂ ਸੜਕਾਂ ਦੀ ਹਾਲਤ ਮਾੜੀ ਹੈ। ਪਿੰਡਾਂ ਵਿੱਚ ਜਿੰਨੀਆਂ ਵੀ ਸੜਕਾਂ ਹਨ ਉਨ੍ਹਾਂ ਦੀ ਹਾਲਤ ਮਾੜੀ ਹੈ । ਲਿੰਕ ਰੋਡਜ਼ ਜੋ ਪਿੰਡਾਂ ਵਿੱਚ ਹਨ ਉਨ੍ਹਾਂ ਦੀ ਹਾਲਤ ਵੀ ਮਾੜੀ ਹੈ, ਉਥੇ ਕੋਈ ਸਾਈਕਲ, ਮੋਟਰ ਸਾਈਕਲ, ਸਕੂਟਰ ਨਹੀਂ ਚਲ ਸਕਦਾ, ਟਰੱਕ ਜਦੋਂ ਉਥੇ ਜਾਂਦੇ ਹਨ ਤਾਂ ਉਹ ਘੜੱਚ ਘੜੱਚ ਕਰਦੇ ਹਨ, ਕੀ ਮਨਿਸਟਰ ਸਾਹਿਬ ਸਾਰੇ ਪੰਜਾਬ ਲਈ ਸਮੁੱਚੇ ਤੌਰ ਤੇ ਕੋਈ ਕਮੇਟੀ ਬਣਾ ਦੇਣਗੇ ਜਿਹੜੀ ਪੰਜਾਬ ਦੀਆਂ ਸੜਕਾਂ ਨੂੰ ਦੇਖ ਕੇ ਉਸ ਦੇ ਵਿੱਚ ਕੋਈ ਸੁਧਾਰ ਕਰ ਸਕੇ ?

ਦੂਸਰਾ, ਸਪੀਕਰ ਸਾਹਿਬ, ਮੁਹਾਲੀ ਜਿਹੜਾ ਚੰਡੀਗੜ੍ਹ ਦੇ ਨਾਲ ਲਗਦਾ ਹੈ, ਅਤੇ ਚੰਡੀਗੜ੍ਹ ਦਾ ਕੋਈ ਪਤਾ ਨਹੀਂ ਕਿ ਕਿਧਰ ਜਾਣਾ ਹੈ ਅਤੇ ਕਿਧਰ ਨਹੀਂ ਜਾਣਾ, ਮੁਹਾਲੀ ਵਿੱਚ ਸਰਕਾਰੀ ਤੌਰ ਤੇ ਮੁਲਾਜ਼ਮਾਂ ਨੂੰ ਮਕਾਨ ਜਾਂ ਫਲੈਟ ਵਗੈਰਾ ਦਿੱਤੇ ਗਏ ਹਨ ਪਰ ਉਥੇ ਦੀਆਂ ਜੋ ਸੜਕਾਂ ਹਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ ਅਤੇ ਉਥੇ ਸਾਈਕਲ, ਸਕੂਟਰ ਮੋਟਰਸਾਈਕਲ ਵਗੈਰਾ ਚੰਗੀ ਤਰ੍ਹਾਂ ਨਹੀਂ ਚਲ ਸਕਦੇ । ਕੀ ਮਨਿਸਟਰ ਸਾਹਿਬ ਮੁਹਾਲੀ ਦੀਆਂ ਸੜਕਾਂ ਨੂੰ ਠੀਕ ਕਰਾਉਣਗੇ ? (ਵਿਘਨ)

**ਸ਼੍ਰੀ ਸਪੀਕਰ** : ਬਜਟ ਤੇ ਜਦੋਂ ਤੁਸੀਂ ਬੋਲੋਗੇ ਤਾਂ ਉਸ ਵੇਲੇ ਸਰਕਾਰ ਦਾ ਧਿਆਨ ਇਸ ਗੱਲ ਵਲ ਦਿਵਾ ਦੇਣਾ । In the Budget Speech you will have the right to talk on this issue also.

**ਸਰਦਾਰ ਹਰਦਿਆਲ ਸਿੰਘ ਰਾਜਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਸੜਕਾਂ ਹਨ ਉਨ੍ਹਾਂ ਦੀ ਹਾਲਤ ਖ਼ਰਾਬ ਹੋਣ ਕਰਕੇ ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ, ਜੇ ਸੜਕਾਂ ਦਾ ਕੰਮ ਬੰਦ ਹੋ ਗਿਆ ਤਾਂ ਉਸ ਦੇ ਵਿੱਚ ਕਮਿਸ਼ਨ ਵੀ ਬੰਦ ਹੋਣੀ ਚਾਹੀਦੀ ਹੈ ਕਿਉਂਕਿ ਸੜਕਾਂ ਤੇ ਜਿੰਨੀ ਲੁੱਕ, ਬਜਰੀ ਆਦਿ ਸਾਮਾਨ ਜਾਂਦਾ ਹੈ ਉਸ ਦੇ ਵਿੱਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦਿਆਲ ਸਿੰਘ ਰਾਜਲਾ]

ਕਮਿਸ਼ਨ ਰਖੀ ਜਾਂਦੀ ਹੈ, ਜਿੰਨਾ ਚਿਰ ਕੋਈ ਕੰਮ ਨਹੀਂ ਹੁੰਦਾ ਇਹ ਕਮਿਸ਼ਨ ਵੀ ਬੰਦ ਹੋਣੀ ਚਾਹੀਦੀ ਹੈ। ਮੇਰੇ ਹਲਕੇ ਸਮਾਣਾ ਵਿੱਚ ਸੜਕਾਂ ਦੀ ਹਾਲਤ ਬਹੁਤ ਖ਼ਰਾਬ ਹੈ ਕੀ ਮਨਿਸਟਰ ਸਾਹਿਬ ਕਿਰਪਾਲਤਾ ਕਰਨਗੇ ਕਿ ਉਥੇ ਦੀਆਂ ਸੜਕਾਂ ਦੀ ਹਾਲਤ ਵਿੱਚ ਸੁਧਾਰ ਲਿਆਂਦਾ ਜਾਵੇ ਜੇ ਨਹੀਂ ਤਾਂ ਉਤਨਾ ਚਿਰ ਕਮਿਸ਼ਨ ਬੰਦ ਹੋਣੀ ਚਾਹੀਦੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਉਂਦੇ ਆਉਂਦੇ ਇਕ ਗਜ਼ਲ ਸੁਣ ਰਿਹਾ ਸੀ—

'ਫਿਰ ਵੋਹੀ ਸ਼ਾਮੇ ਗ਼ਮ ਵੋਹੀ ਤਨਹਾਈ ਹੈ'
ਫਿਰ ਉਹੀ ਸੜਕਾਂ, ਉਹ ਫਰਿਆਦ ਤੇ ਉਹੀ ਜਵਾਬ ਹੈ। (ਹਾਸਾ)

ਸਪੀਕਰ ਸਾਹਿਬ, ਜੋ ਕਾਮਰੇਡ ਸਾਹਿਬ ਨੇ ਸੁਜੈਸ਼ਨ ਦਿੱਤਾ ਹੈ ਉਸ ਦੇ ਬਾਰੇ ਵਿਚਾਰ ਕਰ ਲਵਾਂਗੇ, ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਸੜਕਾਂ ਠੀਕ ਕੀਤੀਆਂ ਗਈਆਂ ਹਨ। ਪਿੱਛਲੇ 6 ਸਾਲਾਂ ਤੋਂ ਕੋਈ ਸੜਕ ਠੀਕ ਨਹੀਂ ਸੀ ਕੀਤੀ ਗਈ, ਇਸ ਕਰਕੇ ਬਹੁਤ ਸਾਰੀਆਂ ਸੜਕਾਂ ਰਹਿ ਗਈਆਂ ਹਨ, ਜਿਵੇਂ ਜਿਵੇਂ ਫੰਡਜ਼ ਆਉਣਗੇ ਅਸੀਂ ਠੀਕ ਕਰਾਂਗੇ।

**ਸਰਦਾਰ ਰਣਜੀਤ ਸਿੰਘ ਬਾਲੀਆਂ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੜਕਾਂ ਲਈ ਮਾਰਕੀਟਿੰਗ ਬੋਰਡ ਪਬਲਿਕ ਵਰਕਸ ਡਿਪਾਰਟਮੈਂਟ (ਬੀ.ਐਂਡ ਆਰ.) ਕੋਲ ਪੈਸੇ ਜਮ੍ਹਾਂ ਕਰਵਾ ਦਿੰਦੇ ਹਾਂ ਪਰ ਪੈਸੇ ਜਮ੍ਹਾਂ ਕਰਵਾਉਣ ਤੇ ਵੀ ਸਾਲ ਸਾਲ ਕੰਮ ਸ਼ੁਰੂ ਨਹੀਂ ਹੁੰਦਾ ਔਰ ਉਸ ਦੇ ਲਈ ਜਿਹੜਾ ਪ੍ਰੋਸੀਜਰ ਹੈ ਉਹ ਬਹੁਤ ਲੰਮਾ ਚੌੜਾ ਹੈ, ਕੀ ਉਹ ਤਰੀਕਾ ਸਿੰਪਲੀ-ਫਾਈ ਕਰਨਗੇ ਤਾਂਕਿ ਕੰਮ ਜਲਦੀ ਸ਼ੁਰੂ ਹੋ ਜਾਵੇ ?

**ਰਾਜ ਮੰਤਰੀ** : ਸਵਾਲ ਇਕ ਵਾਰੀ ਜ਼ਰਾ ਰਿਪੀਟ ਕਰ ਦਿਓ, ਚੰਗੀ ਤਰ੍ਹਾਂ ਸੁਣਿਆ ਨਹੀਂ।

**ਸ੍ਰੀ ਸਪੀਕਰ** : ਜ਼ਰਾ ਅਟੈਨਟਿਵ ਹੋ ਕੇ ਬੈਠਿਆ ਕਰੋ। ਬਾਲੀਆਂ ਸਾਹਿਬ, ਆਪਣਾ ਸਵਾਲ ਰਿਪੀਟ ਕਰ ਦਿਓ।

**ਸਰਦਾਰ ਰਣਜੀਤ ਸਿੰਘ ਬਾਲੀਆਂ** : ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ ਮਾਰਕੀਟਿੰਗ ਬੋਰਡ ਪੈਸਾ ਜਮ੍ਹਾਂ ਕਰਵਾ ਦਿੰਦਾ ਹੈ ਸੜਕਾਂ ਲਈ ਪਰ ਪੈਸੇ ਜਮ੍ਹਾਂ ਕਰਾਉਣ ਦੇ ਬਾਅਦ ਸਾਲ ਸਾਲ ਕੰਮ ਸ਼ੁਰੂ ਨਹੀਂ ਹੁੰਦਾ ਅਤੇ ਇਸ ਦੇ ਲਈ ਜਿਹੜਾ ਪ੍ਰੋਸੀਜਰ ਹੈ ਉਹ ਵੀ ਬੜਾ ਲੰਮਾ ਚੌੜਾ ਹੈ, ਕੀ ਮਨਿਸਟਰ ਸਾਹਿਬ ਜਲਦੀ ਕੰਮ ਸ਼ੁਰ ਕਰਵਾਉਣਗੇ ਅਤੇ ਜਿਹੜਾ ਤਰੀਕਾ ਹੈ ਕੀ ਉਸ ਨੂੰ ਵੀ ਸਿੰਪਲੀ-ਫਾਈ ਕਰਨਗੇ ਤਾਂਕਿ ਕੰਮ ਜਲਦੀ ਸ਼ੁਰੂ ਹੋ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਦੋਂ ਪੈਸੇ ਜਮ੍ਹਾਂ ਹੋਣ ਉਦੋਂ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਲਦੀ ਕੰਮ ਸ਼ੁਰੂ ਹੋ ਜਾਵੇ। ਮੈਂ ਪਹਿਲਾਂ ਵੀ ਕਿਹਾ ਸੀ ਅਤੇ ਉਸ ਗੱਲ ਨੂੰ ਫਿਰ ਦੁਹਰਾ ਦਿਆਂ ਕਿ 6 ਮਹੀਨੇ ਦੀ ਲਿਮਿਟ ਰਖੀ ਹੈ ਔਰ ਉਸ ਦੇ ਵਿੱਚ ਕੋਈ ਕੁਤਾਹੀ ਨਹੀਂ ਕੀਤੀ ਜਾਂਦੀ, ਸਟ-ਰਿਕਟਲੀ ਫਾਲੋ ਕਰ ਰਹੇ ਹਾਂ। ਜੋ ਕੋਈ ਫਾਰਮੈਲਿਟੀਜ਼, ਇਹ ਕਹਿੰਦੇ ਹਨ ਕਿ ਰਹਿੰਦੀਆਂ ਹਨ, ਉਹ ਕੰਪਲੀਟ ਕਰਾਂਗੇ।

---

Original with;
Punjab Vidhan Sabha
Digitized by;
Panjab Digital Library

**Survey of the passages crossing the Canals**

***766. Jathedar Tara Singh Attari :** Will the Minister of State for Public Works be pleased to state whether the Government proposes to conduct a survey of the passages which pass through the canals for construction of bridges thereon ; if so, the time by which it is likely to be done ?

**ਸਰਦਾਰ ਹਰੀ ਸਿੰਘ ਜ਼ੀਰਾ** (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ) : ਨਹੀਂ ਸੀ।

**ਜੱਥੇਦਾਰ ਤਾਰਾ ਸਿੰਘ** : ਸਪੀਕਰ ਸਾਹਿਬ, ਪਿੰਡ ਸੋਹਲ ਦੀ ਅੱਧੀ ਜ਼ਮੀਨ ਨਹਿਰ ਦੇ ਦੂਜੇ ਪਾਸੇ ਹੈ। ਨਹਿਰ ਤੇ ਜਿਹੜਾ ਪੁਲ ਬਣਿਆ ਹੋਇਆ ਹੈ ਉਸ ਦੀਆਂ ਬੁਰਜੀਆਂ ਨੱਪੀਆਂ ਗਈਆਂ ਹਨ ਔਰ ਪਾਣੀ ਉਛਲ ਜਾਂਦਾ ਹੈ, ਬਲਦ ਲੰਘ ਨਹੀਂ ਸਕਦੇ ਦੂਜੇ ਪਾਸੇ ਕਾਫੀ ਪੈਂਡਾ ਕਰਕੇ ਜਾਣਾ ਪੈਂਦਾ ਹੈ। ਫਿਰ ਨਹਿਰ ਵਾਲਿਆਂ ਨੇ ਕਟ ਲਾ ਦਿਤੀ ਕਿ ਇਧਰਲੇ ਪਾਸੇ ਨਾ ਲੰਘੇ। ਲੋਕਾਂ ਨੂੰ ਕਾਫੀ ਤਕਲੀਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਅਰੋੜਾਂ ਵਾਲੀ ਪਿੰਡ ਹੈ ਉਹ ਵੀ ਅੱਧਾ ਨਹਿਰ ਦੇ ਇਧਰਲੇ ਪਾਸੇ ਹੈ ਅਤੇ ਅੱਧਾ ਉਪਰਲੇ ਪਾਸੇ ਹੈ। ਉਥੇ ਛੋਟਾ ਜਿਹਾ ਪੁਲ ਹੈ ਜਿਸ ਦੇ ਥਲੇ ਗਾਰਡਰ ਵੀ ਨਹੀਂ ਲਗੇ ਹੋਏ। ਮੈਂ ਇਨ੍ਹਾਂ ਪੁਲਾਂ ਵਾਸਤੇ ਬੇਨਤੀ ਕੀਤੀ ਸੀ ਆਇਆ ਕਿ ਇਹ ਬਣਾ ਦਿਤੇ ਜਾਣਗੇ ਤਾਕਿ ਲੋਕਾਂ ਨੂੰ ਸਹੂਲਤ ਹੋ ਸਕੇ ?

**ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ** : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸੁਆਲ ਸੀ ਸਰਵੇ ਕਰਾਉਣ ਬਾਰੇ ਔਰ ਉਹ ਵੀ ਸਾਰੇ ਪੰਜਾਬ ਦਾ। ਇਨ੍ਹਾਂ ਨੇ ਕੋਈ ਸਪੈਸਿਫਿਕ ਪੁਲ ਬਾਰੇ ਕਿਹਾ ਹੈ। ਇਹ ਉਸ ਬਾਰੇ ਲਿਖ ਕੇ ਦੇ ਦੇਣ ਜੇ ਕੋਈ ਨਾਰਮ ਹੋਇਆ ਔਰ ਅਗਰ ਬਣਾ ਸਕਦੇ ਹੋਏ ਤਾਂ ਜ਼ਰੂਰ ਬਣਾ ਦਿਆਂਗੇ।

**ਜੱਥੇਦਾਰ ਤਾਰਾ ਸਿੰਘ** : ਸਪੀਕਰ ਸਾਹਿਬ, ਮੈਂ ਅਗੇ ਲਿਖ ਕੇ ਦਿਤਾ ਹੋਇਆ ਹੈ ਔਰ ਮੇਰਾ ਖਿਆਲ ਹੈ ਕਿ ਚੀਫ ਮਨਿਸਟਰ ਸਾਹਿਬ ਦੇ ਦਫਤਰ ਵਿਚ ਪਿਆ ਹੋਣਾ ਹੈ। ਮੈਂ ਤਾਂ 6 ਮਹੀਨਿਆਂ ਤੋਂ ਲਿਖ ਲਿਖ ਕੇ ਦੇ ਰਿਹਾ ਹਾਂ।

**ਰਾਜ ਮੰਤਰੀ** : ਇਹ ਇਨ੍ਹਾਂ ਦਾ ਵਖਰਾ ਸੁਆਲ ਹੈ, ਪਤਾ ਕਰ ਲਵਾਂਗੇ ਕਿ ਕੀ ਪੋਜ਼ੀਸ਼ਨ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 788**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

**10+2 System of Education in Government Girls Higher Secondary School, Bhawanigarh**

***783. Sardar Ranjit Singh Balian :** Will the Chief Minister be pleased to state :—

(a) whether it is a fact that in the Government Girls Higher Secondary School Bhawanigarh 10+2 system of education has been introduced ;

(b) whether it is also a fact that Science faculty has not been introduced in the said school ; if so, the time by which it is likely to be introduced ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ)** : (ੳ) ਹਾਂ ਜੀ ।

(ਅ) ਹਾਂ ਜੀ । ਸਮਾਂ ਨਿਸਚਤ ਨਹੀਂ ਕੀਤਾ ਜਾ ਸਕਦਾ ।

**ਸਰਦਾਰ ਰਣਜੀਤ ਸਿੰਘ ਬਾਲੀਆਂ** : ਸਪੀਕਰ ਸਾਹਿਬ, ਹਾਇਰ ਸਕੈਂਡਰੀ ਸਕੂਲ ਪਹਿਲਾਂ ਹੀ ਚਲ ਰਿਹਾ ਹੈ, ਕੀ ਕੋਈ ਤਜਵੀਜ਼ ਇਨ੍ਹਾਂ ਦੇ ਜ਼ੇਰੇ ਗੌਰ ਹੈ ਕਿ ਉਥੇ ਸਾਇੰਸ ਗਰੁਪ ਜਲਦੀ ਚਾਲੂ ਕੀਤਾ ਜਾਵੇ ?

**ਸਹਿਕਾਰਤਾ ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ। ਉਥੇ ਸਾਇੰਸ ਦਾ ਕੋਈ ਸਟੂਡੈਂਟ ਨਹੀਂ ਹੈ । ਜੇਕਰ ਉਥੇ ਸਾਇੰਸ ਸਟੂਡੈਂਟਸ ਹੋਣਗੇ ਤਾਂ ਚਾਲੂ ਕੀਤਾ ਜਾਏਗਾ ।

**ਸਰਦਾਰ ਰਣਜੀਤ ਸਿੰਘ ਬਾਲੀਆਂ** : ਸਪੀਕਰ ਸਾਹਿਬ, ਉਥੇ ਹਾਇਰ ਸਕੈਂਡਰੀ ਸਕੂਲ ਪਹਿਲਾਂ ਚਲ ਰਿਹਾ ਹੈ । ਫਿਰ ਉਥੋਂ 20, 20 ਮੀਲ ਤੇ ਕੋਈ ਸਾਇੰਸ ਸਕੂਲ ਨਹੀਂ ਹੈ । ਉਥੇ ਦੀਆਂ ਲੜਕੀਆਂ ਨੂੰ ਸਾਇੰਸ ਗਰੁੱਪ ਵਾਸਤੇ ਕਾਫੀ ਤਕਲੀਫ ਹੁੰਦੀ ਹੈ । ਕੀ ਮੰਤਰੀ ਜੀ ਯਕੀਨ ਦਿਲਾਉਣਗੇ ਕਿ ਉਥੇ ਸਾਇੰਸ ਗਰੁੱਪ ਜ਼ਰੂਰ ਚਾਲੂ ਕੀਤਾ ਜਾਏਗਾ ?

**ਮੰਤਰੀ** : ਸਪੀਕਰ ਸਾਹਿਬ, ਉਥੇ ਇਕ ਸਰਵੇ ਕਮੇਟੀ ਭੇਜੀ ਸੀ, ਉਸ ਕਮੇਟੀ ਦੀ ਰਿਪੋਰਟ ਹੈ ਕਿ ਸਾਇੰਸ ਦਾ ਉਥੇ ਕੋਈ ਸਟੂਡੈਂਟ ਨਹੀਂ ਹੈ। ਉਥੇ 14 ਸਟੂਡੈਂਟਸ ਹਨ ਹੋਮ ਸਾਇੰਸ ਦੇ ਅਤੇ 25 ਹੁਮੈਨਿਟੀ ਦੇ । ਮੈਂ ਤਾਂ ਹੀ ਕਿਹਾ ਸੀ ਕਿ ਜੇ ਸਟੂਡੈਂਟਸ ਹੋਣਗੇ ਤਾਂ ਉਥੇ ਸਾਇੰਸ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਧਾਰ ਬਲਾਕ ਦਾ ਜਿਹੜਾ 90 ਕਿਲੋਮੀਟਰ ਦਾ ਏਰੀਆ ਹੈ ਉਸ ਦੇ ਵਿਚ 10+2 ਦਾ ਕੋਈ ਸਕੂਲ ਨਹੀਂ ਹੈ ; ਕੀ ਉਸ ਏਰੀਏ ਨੂੰ ਇਸ ਸਕੀਮ ਹੇਠ ਲਿਆਂਦਾ ਜਾਏਗਾ ?

**ਮੰਤਰੀ** : ਇਹ ਸੁਆਲ ਵਖਰਾ ਲਿਖ ਕੇ ਦੇਣ ਜਵਾਬ ਦੇ ਦਿਆਂਗੇ ।

**ਸ੍ਰੀ ਸਪੀਕਰ** : ਮਾਸਟਰ ਜੀ, ਤੁਸੀਂ ਆਪਣਾ ਵਖਰਾ ਸੁਆਲ ਦੇ ਦਿਓ ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 10+2 ਦੇ ਐਸੇ ਕਿੰਨੇ ਸਕੂਲ ਹਨ ਜਿਨ੍ਹਾਂ ਵਿਚ ਸਾਇੰਸ ਸਬਜੇਕਟ ਦਾ ਇੰਤਜ਼ਾਮ ਨਹੀਂ ਹੋ ਸਕਿਆ ; ਅਗਰ ਕੋਈ ਡਾਟਾ ਇਨ੍ਹਾਂ ਪਾਸ ਹੈ ਤਾਂ ਦਸ ਦੇਣ ?

**ਸ੍ਰੀ ਸਪੀਕਰ** : ਸਰਦਾਰ ਕਿਰਪਾਲ ਸਿੰਘ ਜੀ, ਤੁਸੀਂ ਤਾਂ ਪੁਰਾਣੇ ਵਿਧਾਇਕ ਹੋ ਅਗਰ ਇਸ ਬਾਰੇ ਕੋਈ ਸੁਆਲ ਆਏਗਾ ਤਾਂ ਹੀ ਜਵਾਬ ਦੇਣਗੇ ।

**ਸਰਦਾਰ ਕਿਰਪਾਲ ਸਿੰਘ** : ਮੈਂ ਪੁਰਾਣਾ ਵਿਧਾਇਕ ਹਾਂ ਤਾਂ ਹੀ ਪੁੱਛ ਰਿਹਾ ਹਾਂ । ਇਹ ਡਾਟਾ ਤਾਂ ਇਨ੍ਹਾਂ ਕੋਲ ਹੋਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਹਰ ਵੇਲੇ ਰੇਡੀ ਮੇਡ ਚੀਜ਼ਾਂ ਐਕਸਪੈਕਟਿਡ ਨਹੀਂ ਹੁੰਦੀਆਂ । ਮੰਤਰੀ ਜੀ ਅਗਰ ਕੋਈ ਡਿਟੇਲ ਹੈ ਤਾਂ ਦੇ ਦਿਓ ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਹਾਇਰ ਸਕੈਂਡਰੀ ਸਕੂਲ 105 ਹਨ ਅਤੇ 35 ਵਿਚ 10+2 ਚਲ ਰਿਹਾ ਹੈ। 168 ਕਾਲਜਾਂ ਵਿਚ 10+2 ਇੰਟਰੋਡਿਊਸ ਕੀਤਾ ਗਿਆ ਹੈ। 118 ਪ੍ਰਾਈਵੇਟ ਰੇਕੁਗਨਾਈਜ਼ਡ ਸਕੂਲਾਂ ਵਿਚ ਇਹ ਕੀਤਾ ਗਿਆ ਹੈ। ਸਾਇੰਸ ਕਲਾਸਾਂ ਦਾ ਕੋਈ ਵਖਰਾ ਡਾਟਾ ਇਸ ਵੇਲੇ ਨਹੀਂ ਹੈ, ਇਹ ਸੁਆਲ ਭੇਜ ਦੇਣ ਜਵਾਬ ਦੇ ਦਿੱਤਾ ਜਾਏਗਾ।

## Industry in Tehsil Pathankot

***750. Shri Raghu Nath Sahai Puri :** Will the Minister for Finance be pleased to state whether there is any proposal to set up any type of new Industry in Pathankot Tehsil, if so, the details thereof ?

**ਸ਼੍ਰੀ ਪ੍ਰੇਮ ਗੁਪਤਾ (ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ) :** ਨਹੀਂ ਜੀ।

**ਸ਼੍ਰੀ ਰਘੂ ਨਾਥ ਸਹਾਏ ਪੁਰੀ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ 'ਨਹੀਂ ਜੀ।' ਕੀ ਇਹ ਨਹੀਂ, ਨੂੰ 'ਹਾਂ' ਵਿਚ ਕਨਵਰਟ ਕਰਨ ਦੀ ਕੋਸ਼ਿਸ਼ ਕਰਨਗੇ ?

**ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ :** ਸਪੀਕਰ ਸਾਹਿਬ, ਉਥੇ ਸਰਕਾਰੀ ਅਦਾਰੇ ਵਲੋਂ ਕੋਈ ਕਾਰਖਾਨਾ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਜਿਹੜੀਆਂ ਕੰਡੀਸ਼ਨਾਂ ਹਨ ਉਹ ਇਲਾਕਾ ਪੂਰੀਆਂ ਨਹੀਂ ਕਰਦਾ। ਜਿਹੜੀ ਨਵੀਂ ਪਾਲਿਸੀ ਫਾਇਨਾਂਸ ਮਨਿਸਟਰ ਸਾਹਿਬ ਨੇ ਹੁਣ ਅਨਾਊਂਸ ਕੀਤੀ ਹੈ, ਉਸ ਮੁਤਾਬਿਕ 25% ਸਬਸਿਡੀ ਇਨਡਸਟਰੀ ਨੂੰ ਮਿਲਣੀ ਹੈ। ਇਹ ਕਿਸੇ ਇਨ-ਡਸਟਰੀਅਲ ਹਾਊਸ ਨਾਲ ਗੱਲ ਕਰ ਲੈਣ ਫਿਰ ਜੋ ਸਰਕਾਰ ਛੇਤੀ ਤੋਂ ਛੇਤੀ ਕਰ ਸਕਦੀ ਹੋਵੇਗੀ ਉਹ ਸਹੂਲਤਾਂ ਦੇਵੇਗੀ।

**ਸ਼੍ਰੀ ਰਘੂਨਾਥ ਸਹਾਏ ਪੁਰੀ :** ਸਪੀਕਰ ਸਾਹਿਬ, ਇਹ ਬੈਕਵਰਡ ਤਹਿਸੀਲ ਹੈ, ਅਗਰ ਉਥੇ ਆਪਣੀ ਇਨਡਸਟਰੀ ਲਗਾਈਏ ਤਾਂ ਕੀ ਬਾਕੀ ਪੰਜਾਬ ਨਾਲੋਂ ਜ਼ਿਆਦਾ ਰਿਆਇਤ ਉਥੇ ਦਿੱਤੀ ਜਾਵੇਗੀ ? (ਵਿਘਨ)

**ਰਾਜ ਮੰਤਰੀ :** ਨਹੀਂ ਬਾਕੀਆਂ ਨਾਲੋਂ ਜ਼ਿਆਦਾ ਕਿਵੇਂ ਦਿੱਤੀ ਜਾਵੇਗੀ, ਤੁਸੀਂ ਲਿਆਵੋ ਤਾਂ ਸਹੀ, ਫੇਸਿਲਿਟੀਜ਼ ਤਾਂ ਹੋਰ ਵੀ ਮਿਲ ਸਕਦੀਆਂ ਹਨ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਕ ਕਮੇਟੀ ਬਣਾ ਕੇ ਉਸ ਇਲਾਕੇ ਦਾ ਸਰਵੇ ਕਰਾਏਗੀ ਜਿਹੜੀ ਵੇਖੇ ਕਿ ਕੀ ਇੰਡਸਟਰੀ ਲਗ ਸਕਦੀ ਹੈ ਜਾਂ ਨਹੀਂ ?

**ਰਾਜ ਮੰਤਰੀ :** ਸਪੀਕਰ ਸਾਹਿਬ, ਏਸੇ ਮੰਤਵ ਨੂੰ ਮੁੱਖ ਰੱਖ ਕੇ ਹੀ 25 ਫੀ ਸਦੀ ਸਬਸਿਡੀ ਉਥੇ ਸਰਕਾਰ ਨੇ ਮਨਜ਼ੂਰ ਕੀਤੀ ਹੈ।

## Flyover Bridge at Jalandhar

***737. Vaid Om Parkash Datta :** Will the Minister of State for Public Works be pleased to state whether the Government proposes to construct a flyover bridge at Jalandhar ; if so, the time by which the construction work of the said bridge is likely to commence ?

Original with;
Punjab Vidhan Sabha
Digitized by;
Panjab Digital Library

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ :** ਨਹੀਂ ਜੀ ।

**ਵੈਦ ਓਮ ਪ੍ਰਕਾਸ਼ ਦੱਤਾ:** ਸਪੀਕਰ ਸਾਹਿਬ, ਲਾਸਟ ਟਾਈਮ ਮੈਂ ਪਤਾ ਕਰਨਾ ਚਾਹੁੰਦਾ ਸੀ। ਲਾਸਟ ਟਾਈਮ ਵੀ ਇਹ ਕੁਐਸਚਨ ਰਖਿਆ ਸੀ ਪਰ 'ਨੋ ਸਰ' ਜਵਾਬ ਮਿਲਿਆ ਸੀ। ਅੱਜ ਵੀ ਉਹ ਹੀ ਜਵਾਬ ਮਿਲਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਮੰਤਰੀ ਸਾਹਿਬ ਨੂੰ ਆਪ ਵੇਖਣਾ ਚਾਹੀਦਾ ਹੈ, ਬਹੁਤ ਸਾਰੀਆਂ ਟਰੇਨਜ਼ ਨਿਕਲ ਕੇ ਜਾਂਦੀਆਂ ਹਨ, ਇੰਡਸਟਰੀ ਦੀ ਡਿਵੈਲਪਮੈਂਟ ਦਾ ਸਿਟੀ ਹੈ, ਸਾਰੀ ਇੰਡਸਟਰੀ ਬਣ ਰਹੀ ਹੈ, ਉਥੇ ਸਪੋਰਟਸ ਇੰਡਸਟਰੀ ਹੈ, ਕਾਰ-ਖਾਨੇ ਹਨ, ਐਜੂਕੇਸ਼ਨ ਦਾ ਵਾਈਡ ਸੈਂਟਰ ਹੈ। ਮੈਂ ਮੰਤਰੀ ਸਾਹਿਬ ਨੂੰ ਇਕ ਹੋਰ ਪ੍ਰਾਰਥਨਾ ਕਰਾਂਗਾ ਕਿ ਮੈਂ ਇਕ ਮਾਨਯਗ ਮੁੱਖ ਮੰਤਰੀ ਸਾਹਿਬ ਨੂੰ ਲੈਟਰ ਲਿਖਿਆ ਸੀ, ਉਹ ਪੜ੍ਹ ਕੇ ਜ਼ਰੂਰ ਸੁਣਾਵਾਂਗਾ, ਕੀ ਇਜਾਜ਼ਤ ਹੋਵੇਗੀ ਸਪੀਕਰ ਸਾਹਿਬ ?

**ਸ਼੍ਰੀ ਸਪੀਕਰ :** ਤੁਸੀਂ ਉਸ ਦੇ ਕਨਟੈਂਟਸ ਹੀ ਦੱਸ ਦਿਓ।

**ਵੈਦ ਓਮ ਪ੍ਰਕਾਸ਼ ਦੱਤਾ :** ਮੈਂ ਉਨ੍ਹਾਂ ਨੂੰ ਲੈਟਰ ਲਿਖਿਆ ਸੀ ਕਿ ਰਾਜ ਵਿਚ ਜਦੋਂ ਇਤ-ਨੀਆਂ ਸੜਕਾਂ ਬਣ ਰਹੀਆਂ ਹਨ, ਜਲੰਧਰ ਵਿਚ ਮੇਹਰਬਾਨੀ ਕਰਕੇ ਇਹ ਕੰਮ ਕਰਵਾ ਦਿਓ। ਉਨ੍ਹਾਂ ਨੇ ਕਿਹਾ ਸੀ ਕਿ ਕਨਸਿਡਰ ਕੀਤਾ ਜਾਵੇਗਾ। ਉਨ੍ਹਾਂ ਨੇ ਮੇਰੀ ਐਪਲੀਕੇਸ਼ਨ ਤੇ ਵਿਚਾਰ ਕੀਤਾ ਸੀ। ਉਸ ਤੋਂ ਬਾਦ ਮੈਂ ਸਪੀਕਰ ਸਾਹਿਬ ਨੂੰ ਚਿੱਠੀ ਭੇਜੀ ਸੀ। ਉਸ ਵਕਤ ਸਪੀਕਰ ਸਾਹਿਬ ਨੇ ਵੀ ਬਰਨਾਲਾ ਸਾਹਿਬ ਨੂੰ ਲਿਖ ਭੇਜਿਆ ਸੀ ਕਿ ਇਹ ਜ਼ਰੂਰੀ ਹੈ। ਸਾਰੇ ਪਠਾਨਕੋਟ ਦਾ ਏਨਾ ਕੰਮ ਕਰ ਦਿੱਤਾ ਹੈ, ਕਿਰਪਾ ਕਰਕੇ ਇਸ ਕੰਮ ਨੂੰ ਵੀ ਕਿਸੇ ਤਰੀਕੇ ਨਾਲ ਕੀਤਾ ਜਾਵੇ। ਗੌਰਮਿੰਟ ਨੇ ਪੈਸਾ ਖਰਚ ਕਰਨਾ ਹੈ, ਰੇਲਵੇ ਨੇ ਖਰਚ ਕਰਨਾ ਹੈ, ਕਾਰਪਰੇਸ਼ਨ ਨੇ ਰੁਪਿਆ ਖਰਚਣਾ ਹੈ, ਤੁਹਾਡੇ ਹਿੱਸੇ ਬਹੁਤ ਥੋੜਾ ਆਉਣਾ ਹੈ। ਮੈਂ ਪ੍ਰਾਰਥਨਾ ਕਰਾਂਗਾ ਕਿ ਪਲਾਨ ਬਨਾਉਣਾ ਚਾਹੀਦਾ ਹੈ।

**ਸ਼੍ਰੀ ਸਪੀਕਰ :** ਧਾਲੀਵਾਲ ਸਾਹਿਬ, ਵੈਦ ਜੀ ਨੇ ਕਨਸਰਨ ਪਰਗਟ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਜਲੰਧਰ ਆਓ, ਤੇ ਮੌਕੇ ਤੇ ਮੁਆਇਨਾ ਕਰੋ। ਤੁਸੀਂ ਆ ਜਾਓ ਤਾਂ ਤਸੱਲੀ ਹੋ ਜਾਵੇਗੀ, ਇਸ ਲਈ ਜ਼ਰੂਰ ਜਲੰਧਰ ਜਾ ਆਓ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਉਥੇ ਬੁਨਿਆਦੀ ਪੱਥਰ ਰਖਿਆ ਹੈ, ਉਥੇ ਬ੍ਰਿਜ ਹੈ। ਪਰ ਉਸ ਦਾ ਕੁਝ ਨਹੀਂ ਬਣਿਆ। ਕੀ ਇਹ ਦੱਸਣਗੇ ਕਿ ਕਦੋਂ ਤਕ ਉਥੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੂੰ ਕਿ ਸਾਰੀਆਂ ਫਾਰਮੈਲਿਟੀਜ਼ ਕੰਮਪਲੀਟ ਹੋ ਗਈਆਂ ਹਨ, ਇਹ ਕੰਮ ਸ਼ੁਰੂ ਕਰਵਾ ਰਹੇ ਹਾਂ।

**ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ :** ਅੱਠ ਮਹੀਨੇ ਹੋ ਗਏ ਹਨ, ਸਟੋਨ ਰਖਿਆ ਹੈ ਚੀਫ ਮਨਿਸਟਰ ਸਾਹਿਬ ਨੇ। ਕੀ ਟਾਈਮ ਦੱਸਣਗੇ ਕਿ ਕਦੋਂ ਤਕ ਕੰਮ ਸ਼ੁਰੂ ਹੋਵੇਗਾ ?

**ਰਾਜ ਮੰਤਰੀ :** ਮੈਂ ਲੇਟੈਸਟ ਇਨਫਰਮੇਸ਼ਨ ਦੇ ਦਿੰਦਾ ਹਾਂ। ਫਲਾਈਓਵਰ ਬ੍ਰਿਜ ਬਣਨਾ ਸੀ ਰੇਲਵੇ ਲਾਈਨ ਤੇ ਪੈਸਾ ਜਿਹੜਾ ਸੀ ਉਹ ਰੇਲਵੇ ਨੇ 50% ਔਰ ਪੰਜਾਬ ਸੇਰਕਾਰ ਨੇ 50% ਦੇਣਾ ਸੀ, ਜਿਹੜਾ 50% ਲੋਕਲ ਬਾਡੀਜ਼ ਨੇ ਦੇਣਾ ਸੀ, ਕਈ ਵਾਰ ਲੋਕਲ ਬਾਡੀਜ਼ ਆਪਣਾ ਹਿੱਸਾ ਨਹੀਂ

Original with;
Punjab Vidhan Sabha
Digitized by;
Panjab Digital Library

ਦੇ ਸਕਦੀਆਂ ਜਾਂ ਰੇਲਵੇ ਤੋਂ ਸੈਂਕਸ਼ਨ ਵਗੈਰਾ ਨਹੀਂ ਆ ਸਕਦੀ ਇਸ ਕਰਕੇ ਲੇਟ ਹੋ ਜਾਂਦਾ ਹੈ। ਪਿੱਛਲੇ ਸਮੇਂ ਵਿਚ ਵੀ ਕਾਫੀ ਕੰਮ ਹੋਇਆ ਹੈ। ਇਕ ਸ਼ਰੀਫਪੁਰੇ ਦਾ ਪੁਲ ਮੁਕੰਮਲ ਕਰ ਦਿੱਤਾ ਹੈ, ਬਠਿੰਡੇ ਦਾ ਪੁਲ ਵੀ ਮੁਕੰਮਲ ਹੋਣ ਵਾਲਾ ਹੈ। ਇਸੇ ਤਰ੍ਹਾਂ ਢੋਲੇਵਾਲਾ-ਕੋਟਕਪੂਰੇ ਦਾ ਜਿਹੜਾ ਪੁਲ ਹੈ ਇਸ ਦੀ ਜਲੰਧਰ ਵਾਸਤੇ ਬੜੀ ਇੰਪਾਰਟੈਂਸ ਹੈ, ਇਸ ਦੀ ਸਰਵੇ ਵਾਸਤੇ ਡਿਪਾਰਟਮੈਂਟ ਨੂੰ ਲਿਖ ਦਿੱਤਾ ਹੈ। ਇਸ ਤਰ੍ਹਾਂ ਹੋਰ ਕਈ ਡਿਵੈਲਪਮੈਂਟ ਦੇ ਕੰਮ ਸਰਕਾਰ ਕਰ ਰਹੀ ਹੈ।

## Appointment of a Committee to prepare report/Memorandum for submission to Sarkaria Commission

***794. Sardar Karnail Singh Doad :** Will the Chief Minister be pleased to state:—

(a) whether the Government has constituted any Committee to prepare a Report/Memorandum for submission to the Sarkaria Commission ;

(b) if the reply to part (a) above be in the affirmative ; whether the said Committee has prepared the report/Memorandum, if so, a copy thereof be laid on the Table of the House ?

**Sardar Surjit Singh Barnala :** (a) Yes, Sir.

(b) A copy of the Report submitted by the Committee is *laid on the Table of the House.

**ਸਰਦਾਰ ਕਰਨੈਲ ਸਿੰਘ ਡੋਡ :** ਸਪੀਕਰ ਸਾਹਿਬ, ਰਾਜੀਵ-ਲੌਂਗੋਵਾਲ ਸਮਝੌਤੇ ਦੀ ਕਲਾਜ਼ 8.1 ਅਤੇ 8.2 ਅਨੁਸਾਰ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਸਰਕਾਰੀਆ ਕਮਿਸ਼ਨ ਨੂੰ ਰੈਫਰ ਹੋਇਆ ਹੈ। ਇਸ ਦੀ ਕਲਾਜ਼ 8.1 ਅਤੇ 8.2 ਵਿੱਚ ਇਸ ਤਰ੍ਹਾਂ ਹੈ:—

8·1 "Shiromani Akali Dal states that the Anandpur Sahib Resolution is entirely within the frame work of the Indian Constitution that it attempts to define the concept of Centre-State relations in a manner which may bring out the true federal characteristics of our Unitary Constitution ; and that the purpose of the Resolution is to provide greater autonomy to the State with a view to strengthening the unity and integrity of the country ; since unity in diversity forms the corner-stone of our national entity.

8·2 In view of the above, the Anandpur Sahib Resolution in so far as it deals with Centre-State Relations stands referred to the Sarkaria Commission.

**ਸ੍ਰੀ ਸਪੀਕਰ :** ਤੁਸੀਂ ਸਵਾਲ ਪੁਛੋ।

**ਸਰਦਾਰ ਕਰਨੈਲ ਸਿੰਘ ਡੋਡ :** ਇਹ ਰੈਜ਼ੋਲਿਊਸ਼ਨ ਰੈਫਰ ਹੋਇਆ ਹੈ ਔਰ ਜੋ ਮੈਮੋਰੰਡਮ ਸਰਕਾਰ ਨੇ ਭੇਜਣਾ ਹੈ ਕੀ ਉਸ ਵਿਚ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ, ਜਿਸ ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਮੁੱਖ ਮੰਤਰੀ ਖੁਦ ਹਨ, ਵਿਚ ਦਰਜ ਰਾਜਸੀ ਨਿਸ਼ਾਨੇ ਦੀ ਪ੍ਰਾਪਤੀ ਲਈ ਲੋੜੀਂਦੀਆਂ ਸਾਰੀਆਂ ਤਜ਼ਵੀਜ਼ਾਂ ਪਰਪੋਜ਼ ਕੀਤੀਆਂ ਹਨ ਔਰ ਕੀ ਇਹ ਮੈਮੋਰੰਡਮ ਸਰਕਾਰ ਨੇ ਅਪਰੂਵ ਕਰ ਦਿੱਤਾ ਹੈ ਔਰ ਸਰਕਾਰੀਆ ਕਮਿਸ਼ਨ ਨੂੰ ਭੇਜ ਦਿੱਤਾ ਹੈ ?

*Placed in the Library.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਮੋਰੰਡਮ ਤਿਆਰ ਹੋ ਗਿਆ ਹੈ। ਇਹ ਕਾਫੀ ਵੱਡੀ ਕਿਤਾਬ 200 ਪੇਜ ਦੀ ਹੈ। ਇਹ ਹਾਊਸ ਦੀ ਟੇਬਲ ਤੇ ਰੱਖ ਦਿੱਤੀ ਹੈ। ਮੈਂਬਰ ਸਾਹਿਬ ਨੂੰ ਮੌਕਾ ਹੈ, ਇਸ ਨੂੰ ਘੋਖ ਲੈਣ, ਜਾਇਜ਼ਾ ਲੈ ਲੈਣ। ਲੇਕਿਨ ਹਾਲੇ ਇਹ ਫਾਈਨਲ ਸ਼ੇਪ ਵਿਚ ਕੇਬਨਿਟ ਨੇ ਅਪਰੂਵ ਕਰਨਾ ਹੈ ਔਰ ਫਿਰ ਸਰਕਾਰੀਆ ਕਮਿਸ਼ਨ ਕੋਲ ਜਾਣਾ ਹੈ।

**ਸਰਦਾਰ ਕਰਨੈਲ ਸਿੰਘ ਡੋਡ :** ਮੈਂ ਬੇਨਤੀ ਕਰਾਂਗਾ ਕਿ ਕੀ ਸਰਕਾਰ ਵਚਨਬੱਧ ਹੈ ਇਸ ਗਲ ਲਈ ਕਿ ਜੋ ਰਾਜਸੀ ਨਿਸ਼ਾਨੇ ਦੀ ਪੂਰਤੀ ਲਈ ਜਿਸ ਤਰ੍ਹਾਂ ਇਸ ਰੇਜ਼ੋਲਿਊਸ਼ਨ ਦੇ ਪਾਰਟ 'ਅ' ਵਿਚ ਲਿਖਿਆ ਹੈ ਕਿ ......

> "ਇਸ ਨਵੇਂ ਪੰਜਾਬ ਤੇ ਦੇਸ਼ ਅਤੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖਲ ਕੇਵਲ ਦੇਸ਼ ਦੇ ਡਿਫੈਂਸ, ਪ੍ਰਦੇਸ਼ੀ ਮਾਮਲਿਆਂ, ਤਾਰ, ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੱਕ ਸੀਮਤ ਹੋਵੇ, ਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ ......" (ਵਿਘਨ)

ਜੇ ਸਰਕਾਰ ਇਸ ਲਈ ਵਚਨਬੱਧ ਹੈ ਔਰ ਜੇ ਇਸ ਗਲ ਦੀ ਪਰੋਵੀਜ਼ਨ ਇਸ ਮੈਮੋਰੰਡਮ ਵਿਚ ਨਹੀਂ ਹੈ ਤਾਂ ਕੀ ਸਰਕਾਰ ਆਪਣੇ ਮੈਮੋਰੰਡਮ ਵਿਚ ਤਜਵੀਜ਼ਾਂ ਕਰੇਗੀ ਜੋ ਕਿ ਇਸ ਰਾਜਸੀ ਨਿਸ਼ਾਨੇ ਦੀ ਪੂਰਤੀ ਲਈ ਜ਼ਰੂਰੀ ਹਨ?

**ਮੁੱਖ ਮੰਤਰੀ :** ਇਕ ਮੈਮੋਰੰਡਮ ਸ਼੍ਰੋਮਣੀ ਅਕਾਲੀ ਦਲ ਵਲੋਂ ਵੀ ਸੈਪਰੇਟਲੀ ਭੇਜਿਆ ਜਾ ਰਿਹਾ ਹੈ ਜੋ ਅਨੰਦਪੁਰ ਸਾਹਿਬ ਰੇਜ਼ੋਲਿਊਸ਼ਨ ਦੀਆਂ ਲੋੜੀਂਦੀਆਂ ਮੱਦਾਂ ਅਨੁਸਾਰ ਹੈ।

(At this stage many members wanted to raise supplementaries)

**Mr. Speaker :** Mr. Dhindsa may put his supplementary.

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਆਇਆ ਅਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਸਾਰੇ ਦਾ ਸਾਰਾ ਸਰਕਾਰੀਆਂ ਕਮਿਸ਼ਨ ਨੂੰ ਦੇ ਦਿੱਤਾ ਹੈ? ਇਨ੍ਹਾਂ ਨੇ ਕਮੇਟੀ ਬਣਾ ਕੇ ਰਿਪੋਰਟ ਲਿਆਂਦੀ ਹੈ ਔਰ ਇਹ ਬੜਾ ਵੱਡਾ ਮਸਲਾ ਹੈ। ਅਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਇਹ ਸਾਰੇ ਹਿੰਦੁਸਤਾਨ ਵਿਚ ਅੱਜ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੀ ਰਿਪੋਰਟ ਤੇ ਹਾਊਸ ਵਿਚ ਘੱਟੋ ਘੱਟ ਇਕ ਘੰਟਾ ਬਹਿਸ ਹੋਣੀ ਚਾਹੀਦੀ ਹੈ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਰਿਪੋਰਟ ਹਾਲੇ ਅਸੀਂ ਫਾਈਨੇਲਾਈਜ਼ ਨਹੀਂ ਕੀਤੀ ਹੈ। ਇਸ ਦੀ ਰਿਪੋਰਟ ਤੇ ਬਹਿਸ ਲਈ ਕੋਈ ਗੁੰਜਾਇਸ਼ ਨਹੀਂ ਹੈ। ਇਸ ਉਤੇ ਡਿਸਕਸ਼ਨ ਪਹਿਲੇ ਕੈਬਨਿਟ ਵਿਚ ਹੋਵੇਗੀ ਅਤੇ ਉਸ ਤੋਂ ਬਾਦ ਇਹ ਗੱਲ ਹੋ ਸਕਦੀ ਹੈ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਇਸ ਆਨੰਦਪੁਰ ਸਾਹਿਬ ਦੇ ਰੇਜ਼ੋਲਿਊਸ਼ਨ ਨੂੰ ਸਰਕਾਰੀਆ ਕਮਿਸ਼ਨ ਕੋਲ ਹਿੰਦ ਸਰਕਾਰ ਨੇ ਜਾਂ ਪੰਜਾਬ ਸਰਕਾਰ ਨੇ ਭੇਜਿਆ ਸੀ ਜਾਂ ਫੇਰ ਅਕਾਲੀ ਦਲ ਪਾਰਟੀ ਨੇ ਭੇਜਿਆ ਸੀ?

**ਮੁੱਖ ਮੰਤਰੀ :** ਸਪੀਕਰ ਸਾਹਿਬ. ਇਹ ਅਕਾਰਡ ਦੇ ਮੁਤਾਬਿਕ ਹਿੰਦ ਦੀ ਸਰਕਾਰ ਨੇ ਸਰਕਾਰੀਆ ਕਮਿਸ਼ਨ ਕੋਲ ਰੈਫਰ ਕੀਤਾ ਸੀ ਅਤੇ ਪਾਰਲੀਮੈਂਟ ਵਿਚ ਦਸਿਆ ਗਿਆ ਸੀ ਕਿ ਸਰਕਾਰ ਨੇ ਰੈਫਰ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਇਹ ਰਿਪੋਰਟ ਇਨਕੰਪਲੀਟ ਹੈ ਫੇਰ ਇਸ ਦੇ ਵਿਚ ਕਿਹੜੀ ਕਿਹੜੀ ਕਮੀ ਰਹਿ ਗਈ ਹੈ ਜਿਸ ਨੂੰ ਸਰਕਾਰ ਨੇ ਹਾਲੇ ਪੂਰਾ ਕਰਨਾ ਹੈ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਹ ਰਿਪੋਰਟ ਇਨਕੰਪਲੀਟ ਨਹੀਂ ਹੈ ਪਰ ਹਾਲੇ ਇਸ ਨੂੰ ਕੈਬਨਿਟ ਵਿਚ ਲਿਆਉਣਾ ਹੈ ਅਤੇ ਕੈਬਨਿਟ ਦੀ ਸਹਿਮਤੀ ਨਾਲ ਇਸ ਦੇ ਵਿਚ ਕੁਝ ਐਡੀਸ਼ਨ ਕਰਨੀ ਹੈ ਔਰ ਇਹ ਲਾਈਕਲੀ ਹੋਰ ਐਡੀਸ਼ਨ ਕੀਤੀ ਜਾਣੀ ਹੈ।

**ਸ੍ਰੀ ਸਪੀਕਰ** . ਚੀਫ ਮਨਿਸਟਰ ਸਾਹਿਬ ਦਾ ਬੜਾ ਕਲੀਅਰ ਜਵਾਬ ਦੇਣ ਤੋਂ ਬਾਦ ਕੋਈ ਸਵਾਲ ਬਾਕੀ ਰਹਿ ਨਹੀਂ ਜਾਂਦਾ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਕੈਬਨਿਟ ਵਿਚ ਜਾਣ ਤੋਂ ਪਹਿਲਾਂ ਇਸ ਰਿਪੋਰਟ ਦੀ ਪ੍ਰਵਾਨਗੀ ਹਾਊਸ ਵਿਚੋਂ ਲਈ ਜਾਵੇ। ਜਿਸ ਤਰ੍ਹਾਂ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਜੇਕਰ ਕੋਈ ਇਸ ਦੇ ਵਿਚ ਕਮੀ ਹੈ ਤਾਂ ਉਸ ਉਤੇ ਹਾਊਸ ਡਿਸਕਸ ਕਰ ਸਕਦਾ ਹੈ ਔਰ ਉਸ ਤੋਂ ਬਾਦ ਇਸ ਨੂੰ ਕੈਬਨਿਟ ਵਿਚ ਲਿਆਂਦਾ ਜਾਵੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਨੂੰ ਹਾਊਸ ਵਿਚ ਪਹਿਲੇ ਡਿਸਕਸ ਨਹੀਂ ਕੀਤਾ ਜਾ ਸਕਦਾ। ਇਹ ਗੌਰਮਿੰਟ ਦਾ ਡਾਕੂਮੈਂਟ ਹੈ ਅਤੇ ਇਸ ਡਾਕੂਮੈਂਟ ਨੂੰ ਗੌਰਮਿੰਟ ਹੀ ਕਮਿਸ਼ਨ ਕੋਲ ਭੇਜਦੀ ਹੈ।

**Mr. Speaker :** Next Question, Sardar Dilbagh Singh.

**Shri Brij Bhushan Mehra :** The Report is on the Table of the House. It can be discussed.

**Mr. Speaker :** Please take your seat. ਇਹ ਠੀਕ ਹੈ ਪਰ ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰ ਲਿਆ ਹੈ ।

## Financial Assistance from the Central Government

***771. Sardar Dilbagh Singh :** Will the Chief Minister be pleased to state whether the Punjab State Agriculture Marketing Board received any financial assistance from the Central Government for making water supply and sanitary arrangements in Depalpur Mandi (Nawanshahar) ; if so ; whether the said amount has been utilised for the purpose for which it was received ; if not, the time by which that is likely to be utilised ?

**Sardar Surinder Pal Singh (Minister of State for Forests and Soil Conservation) :** (A) Yes ,

During the year 1984-85 the Punjab State Agricultural Marketing Board received a sum of Rs. 1.00 lacs as Ist Instalment of Central Assistance from Government of India through the Punjab Government for making water supply and sanitary arrangements at Depalpur Rural Market of Market Committee, Nawanshahar. On the request of Market Committee, Nawanshahar, and with the approval of Government of India, this amount has been spent on the construction of auction platform instead of water supply and sanitary arrangements, as the auction platform was required immediately to save the grains from quality damage which could be caused from Katcha floors.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ:** ਸਪੀਕਰ ਸਾਹਿਬ, 27 ਜਨਵਰੀ, 1985 ਨੂੰ 27 ਮੰਡੀਆਂ ਨੇ ਇਨ੍ਹਾਂ ਨੇ 1.5 ਲੱਖ ਰੁਪਿਆ ਵਾਟਰ ਅਤੇ ਸੈਨੀਟਰੀ ਦੇ ਲਈ ਖਰਚ ਕਰਨਾ ਸੀ ਗੌਰਮਿੰਟ ਆਫ ਇੰਡੀਆ ਦੇ ਰਾਹੀਂ। ਹੁਣ ਤੁਸੀਂ ਦੇਖ ਲਵੋ 1985, 1986 ਅਤੇ 1987 ਦੇ 3 ਮਹੀਨੇ ਵੀ ਬੀਤ ਚੁੱਕੇ ਹਨ ਲੇਕਿਨ ਇਹ ਉਥੇ ਇਕ ਲੱਖ ਰੁਪਿਆ ਖਰਚ ਕਰਕੇ ਥੜੇ ਬਣਾ ਰਹੇ ਹਨ। ਉਥੇ ਬੇਟ ਏਰੀਆ ਤੋਂ ਲੋਕ ਕਾਫੀ ਦੂਰ ਦੂਰ ਤੋਂ ਆਉਂਦੇ ਹਨ। ਡੰਗਰਾਂ ਲਈ ਅਤੇ ਬੰਦਿਆਂ ਲਈ ਪਾਣੀ ਦਾ ਪ੍ਰਬੰਧ ਅਤੇ ਸੈਨੀਟਰੀ ਦਾ ਪ੍ਰਬੰਧ ਬਹੁਤ ਜ਼ਰੂਰੀ ਸੀ, ਉਥੇ ਇਨ੍ਹਾਂ ਲੋਕਾਂ ਲਈ ਇਹ ਜ਼ਰੂਰੀ ਸੀ ਪਰ ਇਨ੍ਹਾਂ ਨੇ ਉਥੇ ਥੜੇ ਬਣਾ ਦਿੱਤੇ ਹਨ ਜਦ ਕਿ ਉਥੇ ਪਹਿਲੇ ਹੀ ਫਰਸ਼ ਪਏ ਹੋਏ ਸਨ। ਕੀ ਇਹ ਉਥੇ ਉਨ੍ਹਾਂ ਲਈ ਪਾਣੀ ਅਤੇ ਸੈਨੀਟਰੀ ਦਾ ਇੰਤਜ਼ਾਮ ਕਰਨ ਲਈ ਤਿਆਰ ਹਨ ਅਤੇ ਪੂਰਾ ਅਮਾਊਂਟ ਖਰਚ ਕਰਨ ਲਈ ਤਿਆਰ ਹਨ ?

**ਰਾਜ ਮੰਤਰੀ, ਜੰਗਲਾਤ ਤੇ ਭੂਮੀ ਰਖਿਆ:** ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਸਵਾਲ ਦੇ ਜਵਾਬ ਨੂੰ ਚੰਗੀ ਤਰ੍ਹਾਂ ਸਮਝਿਆ ਹੀ ਨਹੀਂ ਹੈ। ਇਸ ਦੀ ਇਜਾਜ਼ਤ ਗੌਰਮਿੰਟ ਆਫ ਇੰਡੀਆ ਨੇ ਦਿੱਤੀ ਸੀ ਅਤੇ ਮੰਡੀਆਂ ਨੇ ਮੰਡੀਕਰਨ ਬੋਰਡ ਨੂੰ ਸੈਨੀਟਰੀ ਅਤੇ ਵਾਟਰ ਦੇ ਬਜਾਏ ਸਾਨੂੰ ਪਲੇਟ-ਫਾਰਮ ਬਣਾਉਣਾ ਜ਼ਰੂਰੀ ਹੈ। ਇਹ ਮਾਰਕਿਟ ਕਮੇਟੀ ਦੀ ਰਿਕੁਐਸਟ ਤੇ ਗੌਰਮਿੰਟ ਆਫ ਇੰਡੀਆ ਨੇ ਬਣਾਉਣ ਦੀ ਇਜਾਜ਼ਤ ਦਿੱਤੀ ਸੀ।

**ਸਰਦਾਰ ਦਿਲਬਾਗ ਸਿੰਘ.** ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਅਸੀਂ ਗੌਰਮਿੰਟ ਆਫ ਇੰਡੀਆ ਦੀ ਇਜਾਜ਼ਤ ਲਈ ਹੈ। ਮੇਰਾ ਸਪਲੀਮੈਂਟਰੀ ਇਹ ਸੀ ਕਿ ਦੋਹਾਂ ਕੰਮਾਂ ਵਿਚੋਂ ਕਿਸ ਨੂੰ ਪਹਿਲ ਦਿਤੀ ਜਾਵੇਗੀ ਜਨਰਲ ਆਬਾਦੀ ਦੇ ਪਾਣੀ ਵਾਸਤੇ ਜਾਂ ਦੂਸਰਾ ਫਰਸ਼ਾਂ ਵਾਸਤੇ। ਇਨ੍ਹਾਂ ਦੋਨਾਂ ਵਿਚੋਂ ਕੀ ਮੰਤਰੀ ਜੀ ਦੱਸਣਗੇ ਕਿ ਕਿਹੜਾ ਜ਼ਰੂਰੀ ਹੈ ਤੇ ਕਿਹੜੀ ਚੀਜ਼ ਪਹਿਲਾਂ ਕਰ ਰਹੇ ਹਨ ?

**ਰਾਜ ਮੰਤਰੀ:** ਸਪੀਕਰ ਸਾਹਿਬ, ਇਸ ਸਬੰਧੀ ਗੌਰਮਿੰਟ ਆਫ ਪੰਜਾਬ ਨੇ ਗੌਰਮਿੰਟ ਆਫ ਇੰਡੀਆ ਤੋਂ ਪ੍ਰਵਾਨਗੀ ਲਈ ਹੈ।

**ਸਰਦਾਰ ਦਿਲਬਾਗ ਸਿੰਘ:** ਸਪੀਕਰ ਸਾਹਿਬ, ਦੋਨੋਂ ਕੰਮਾਂ ਵਿਚੋਂ ਕਿਸ ਨੂੰ ਅਹਿਮੀਅਤ ਦਿਤੀ ਗਈ ਹੈ ਫਰਸ਼ਾਂ ਨੂੰ ਜਾਂ ਕਿ ਪਾਣੀ ਦੀ ਸਪਲਾਈ ਨੂੰ। ਕੀ ਇਸ ਬਾਰੇ ਮੰਤਰੀ ਜੀ ਦੱਸਣਗੇ ?

**ਰਾਜ ਮੰਤਰੀ:** ਸਪੀਕਰ ਸਾਹਿਬ, ਮਾਰਕਿਟ ਕਮੇਟੀ ਨਵਾਂ ਸ਼ਹਿਰ ਨੇ ਜੋ ਕੁਝ ਕਿਹਾ ਹੈ, ਉਹੀ ਕੁਝ ਹੀ ਦਿਤਾ ਹੈ।

*9.47 ਸਵੇਰੇ | (ਇਸ *ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸਰਦਾਰ ਦਿਲਬਾਗ ਸਿੰਘ:** ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਇਕ ਮੈਂਬਰ ਨੇ ਵੀ ਕਿਹਾ ਹੈ ਕਿ ਚਿੱਠੀ ਭੇਜੀ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਨਾਲ ਲੋਕਾਂ ਨੂੰ ਜ਼ਿਆਦਾ ਫਾਇਦਾ ਹੁੰਦਾ ਹੈ। ਕੀ ਮੰਤਰੀ ਜੀ ਇਸ ਦਾ ਜਵਾਬ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਸਵਾਲ ਦਾ ਜਵਾਬ ਦੇ ਦਿਤਾ ਹੈ। ਸਮਾਲ ਟਾਊਨ ਕਮੇਟੀ ਨਵਾਂ ਸ਼ਹਿਰ ਨੇ ਜੋ ਚਾਹਿਆ ਤਾਂ ਫਿਰ ਮਾਰਕਿਟਿੰਗ ਬੋਰਡ ਨੇ ਸਾਨੂੰ ਕਿਹਾ। ਪੰਜਾਬ ਗੌਰਮਿੰਟ ਨੇ ਸੈਂਟਰਲ ਗੌਰਮਿੰਟ ਤੋਂ ਡੈਵੀਏਟ ਕਰਾਇਆ। ਮੈਂ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਗਿਆਤ ਅਤੇ ਸਹੂਲਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪਾਣੀ ਦਾ ਵੀ ਇੰਤਜ਼ਾਮ ਕਰ ਦੇਵਾਂਗੇ ਜਦੋਂ ਪੈਸੇ ਆਉਣਗੇ।

---

## Acquisition of land for Ropar Thermal Plant

***789. Sardar Tara Singh** : Will the Chief Minister be pleased to state—

(a) the names of the farmers whose lands were acquired for the Ropar Thermal Plant.

(b) whether any assurance was given that a Member each from the families of the said farmers would be provided jobs in the Thermal Plant, if so, the details of the persons who have been provided jobs under the said assurance ?

**ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ) :**

(ੳ) ਉਨ੍ਹਾਂ ਵਿਅਕਤੀਆਂ ਦੀ ਪਿੰਡਵਾਰ ਗਿਣਤੀ ਦੀ ਸੂਚੀ ਜਿਨ੍ਹਾਂ ਦੀਆਂ ਜ਼ਮੀਨਾਂ ਪ੍ਰਾਪਤ ਕੀਤੀਆਂ ਗਈਆਂ ਸਨ, ਅਨੁਲੱਗ 1 ਰਾਹੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ। ਤਾਂ ਵੀ ਪਰੰਪਰਾ ਅਨੁਸਾਰ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਦੀਆਂ ਜ਼ਮੀਨਾਂ ਪਰਾਪਤ ਕੀਤੀਆਂ ਗਈਆਂ ਹਨ, ਪ੍ਰਾਜੈਕਟ ਵਿਚ ਨੌਕਰੀ ਦੇਣ ਲਈ ਯੋਗ ਧਿਆਨ ਰਖਿਆ ਗਿਆ ਹੈ। ਅਨੁਲੱਗ ਦੋ ਰਾਹੀਂ ਸਦਨ ਦੀ ਮੇਜ਼ ਤੇ ਰੱਖੀ ਗਈ ਸੂਚੀ ਅਨੁਸਾਰ 103 ਅਜਿਹੇ ਵਿਅਕਤੀਆਂ ਨੂੰ ਨੌਕਰੀ ਦਿੱਤੀ ਜਾ ਚੁਕੀ ਹੈ।

### ANNEXURE-I

**Village-wise break up of number of persons whose land was Acquired for Ropar Thermal Project**

| Serial No. | Name of village | | No. of Persons |
|---|---|---|---|
| 1. | Sirsa Nangal | .. | 27 |
| 2. | Majri | .. | 28 |
| 3. | Kot bala | .. | 20 |
| 4. | Auspur | .. | 88 |
| 5. | Awankot | .. | 74 |

Original with;
Punjab Vidhan Sabha
Digitized by;
Panjab Digital Library

[Minister of State for Housing and Urban Development]

| Serial No. | Name of village | | No. of Persons |
|---|---|---|---|
| 6 | Turaf | .. | 2 |
| 7. | Chakdera | .. | 162 |
| 8. | Dorburji | .. | 262 |
| 9. | Rattanpura | .. | 249 |
| 10. | Nuhon | .. | 183 |
| 11. | Ghanauli | .. | 956 |
| 12. | Sada bart | .. | 6 |
| 13. | Khuaspura | .. | 8 |
| 14. | Mianpur | .. | 7 |
| 15. | Tapal Majro | .. | 6 |
| 16. | Malikpur | .. | 40 |
| 17. | Bilawalpur | .. | 22 |
| 18. | Chandpur | .. | 26 |
| 19. | Ahmedpur | .. | 12 |
| 20. | Alipur | .. | 24 |
| 21. | Raval Majri | .. | 24 |
| 22. | Rasualpura | .. | .. |
| 23. | Chotti Raillon | .. | 15 |
| 24. | Paprala | .. | 157 |
| | Total | .. | 2,397 |

## ANNEXURE-II

**Name of persons whose land was acquired and who were employed for R.T.P. Const. Works**

| Serial No. | Names of persons whose land was acquired | | (a) Employment offered to with designation<br>(b) His father's name<br>(c) Relation with land owner. |
|---|---|---|---|
| 1 | 2 | | 3 |
| | **Ghanauli Village** | | |
| | Sarvshri— | | Sarvshri |
| 1. | Santokh Singh | .. | (a) Santosh Singh, W/C, U.S.W.<br>(b) Ganga Singh<br>(c) Self. |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 2. | Bir Singh | .. (a) Jaswant Singh, W/C,U.S.W.<br>(b) Ranjit Singh.<br>(c) Grand-son. |
| 3. | Sarwan Singh | .. (a) Sarwan Singh, W/C.<br>(b) Tulsi Singh<br>(c) Self. |
| 4. | Smt. Mehtab Kaur | .. (a) Shadi Singh, W/C Driver.<br>(b) Lachman Singh.<br>(c) Son. |
| 5. | Mastan Singh | .. (a) Surjit Singh, W/C Driver.<br>(b) Gurdial Singh.<br>(c) Grandson. |
| 6. | Gurdas Singh | .. (a) Avtar Singh, S·S.A. (Regular).<br>(b) Gurdas Singh.<br>(c) Son. |
| 7. | Santokh Singh | .. (a) Mohan Singh, W/C S. Helper.<br>(b) Santokh Singh<br>(c) Son. |
| 8. | Mangal Ram | .. (a) Sh. Dharamvir ,W/C U.S.W.<br>(b) Niranjan Singh,<br>(c) Grand son. |
| 9. | Sardul Singh | .. (a) Sardul Singh, W/C Driver.<br>(c) Rattan Singh,<br>(c) Self. |
| 10. | Amar Singh | .. (a) Mohinder Singh, Peon.<br>(b) Amar Singh,<br>(c) Son. |
| 11. | Kartar Singh | .. (a) Sewa Singh, Regular Driver,<br>(b) Kartar Singh,<br>(c) Self. |
| 12. | Teja Singh | .. (a) Teja Singh Peon (Reg.)<br>(b) Mangat Ram,<br>(c) Son. |
| 13. | Bhawan Singhl | .. (a) Chanan Singh, Regular Driver,<br>(b) Bhawan Singh,<br>(c) Son. |
| 14. | Mohinder Singh | . (a) Karnail Singh, Skilled (W/C).<br>(b) Mohinder Singh,<br>(c) Son. |
| 15. | Mangal Singh | .. (a) Asra Ram, Skilled (W/C.)<br>(b) Mangal Singh.<br>(c) Son. |
| 16. | Balwant Singh | .. (a) Balwant Singh, W/C S.W.<br>(b) Ralla Singh,<br>(c) Self. |
| 17. | Mohinder Singh | .. (a) Balwinder Singh, S.W. (W/C),<br>(b) Manohar Singh.<br>(c) Son. |

Original with;
Punjab Vidhan Sabha
Digitized by;
Panjab Digital Library

[Minister of State for Housing and Urban Development]

| 1 | 2 | 3 | 4 |
|---|---|---|---|
| 18. | Kapoor Singh | .. (a) Sohan Singh, W/C S.W.<br>(b) Kapoor Singh.<br>(c) Son. | |
| 19. | Balbir Singh | .. (a) Gurdev Singh, W/C, S.W.<br>(b) Surat Singh,<br>(c) Nephew. | |
| 20. | Inder Singh | .. (a) Jagdish Singh, S.W. (D/W).<br>(b) Arjun Singh.<br>(c) Grandson. | |
| 21. | Hari Singh | .. (a) Balbir Singh , Driver (D/W.)<br>(b) Hari Singh.<br>(c) Son. | |
| 22. | Gurdev Singh | .. (a) Miss. Jaswinder Kaur, Teacher (D/W).<br>(b) Gurdev Singh.<br>(c) Daughter. | |
| | **Rattanpura Village** | | |
| 23. | Sukha Singh | .. (a) Udham Singh, D/W Driver.<br>(b) Sukha Singh.<br>(c) Son. | |
| 24. | Atma Singh | .. (a) Gian Singh, Driver (W/C).<br>(b) Atma Singh.<br>(c) Son. | |
| 25. | Bachan Singh | .. (a) Harjeet Singh Driver, /R.<br>(b) Bachan Singh.<br>(c) Son. | |
| | **Derurji Village :** | | |
| 26. | Jit Singh | .. (a) Prem Singh, Peon (Regular)<br>(b) Tulsi Singh.<br>(c) Nephew. | |
| | **Majri Village** | | |
| 27. | Gurbax Singh | .. (a) Kaka Singh S.W. (W/C).<br>(b) Gurbax Singh<br>(c) Son. | |
| 28. | Madan Singh | .. (a) Madan Singh, U.S.H. (W/C).<br>(b) Parma Singh.<br>(c) Self. | |
| | **Chak Dhera Village** | | |
| 29. | Teja Singh | .. (a) Harjap Singh, S.H. (W/C).<br>(b) Teja Singh.<br>(c) Son. | |
| 30. | Sucha Singh | .. (a) Lakhbir Singh, S.H. (W/C).<br>(b) Sucha Singh.<br>(c) Son. | |

Original with;
Punjab Vidhan Sabha
Digitized by;
Panjab Digital Library

| 2 | 3 | 4 |
|---|---|---|
| **Chandpur (Dakala) Village** | | |
| 31. Amar Singh | .. (a) Gurcharan Singh, Driver (D/W).<br>(b) Amar Singh.<br>(c) Son. | |
| **Malikpur Village** | | |
| 32. Pritam Singh | .. (a) Manjit Singh, (W/C.) S.W.<br>(b) Pritam Singh.<br>(c) Son. | |
| 33. Inder Singh | .. (a) Gurnam Singh, W/C, S W.<br>(b) Inder Singh.<br>(c) Son. | |
| **Nuhon Village** | | |
| 34. Naranjan Singh | .. (a) Santokh Singh, Driver (W/C).<br>(b) Naranjan Singh.<br>(c) Son. | |
| **Awankot Village** | | |
| 35. Teja Singh | .. (a) Pritam Singh, S.W. (D/W).<br>(b) Teja Singh.<br>(c) Son. | |
| **Nangal Sirsa, Village** | | |
| 36. Jarnail Singh | .. (a) Darshan Singh, W/C T. Mate.<br>(b) Jarnail Singh.<br>(c) Son. | |
| 37. Jarnail Singh | .. (a) Sawaran Singh, W/C, T. Mate.<br>(b) Jarnail Singh.<br>(c) Son. | |
| 38. Particulars not supplied by the Employees | .. (a) Amar Singh, W.C. Lab. Attdt.<br>(b) Chuhar Singh.<br>(c) .. | |
| 39. Do | .. (a) Suraj Mal, W.C. Beldar.<br>(b) Atma Ram.<br>(c) .. | |
| 40. Do | .. (a) Kharak Singh, U.S. Worker.<br>(b) Bachan Singh.<br>(c) .. | |
| **Asspur Village** | | |
| 41. Avtar Singh | .. (a) Avtar Singh, U.S. Worker (D/W)<br>(b) Sunder Singh.<br>(c) Self. | |
| 42. Babu Ram | .. (a) Krishan Singh, D/W U.S.W.,<br>(b) Babu Ram.<br>(c) Son. | |

Original with;
Punjab Vidhan Sabha
Digitized by;
Panjab Digital Library

[Minister of State for Housing and Urban Development]

| 1 | 2 | 3 | 4 |
|---|---|---|---|
| 43. | Bhagat Ram | (a) Karamjit Singh, D/W, U.S.W.<br>(b) Bhagat Ram.<br>(c) Son | |
| | **Paprala Village** | | |
| 44. | Hardial Singh | (a) Hardial Singh, W/C, Fitter.<br>(b) Amar Singh.<br>(c) Self. | |
| 45. | Assa Singh | (a) Miss. Amarjit Kaur, Contingency basis.<br>(b) Ajaib Singh.<br>(c) Grand-daughter. | |

**Name of persons whose land was acquired and who were employed for R.T.P. Works under Chief Engineer/Kop., /Mtc.**

| Sr. No. | Name of persons whose land was acquired | (a) Employment offered to with designation. (b) His father's name (c) Relation with land owner |
|---|---|---|
| 1 | 2 | 3 |
| | **Village Ghanauli** | |
| | **Sarvshri** | **Sarvshri** |
| 1. | Shadi Ram son of Smt. Rali | (a) Didar Singh, U.S.W., /D.W.<br>(b) Shadi Ram.<br>(c) Son. |
| 2. | Kulvir Singh | (a) Trilochan Singh, S.W./D.W.<br>(b) Kulvir Singh.<br>(c) Son. |
| 3. | Lekh Ram | (a) Lekh Ram, U.S.W./W.C.<br>(b) Jethu Ram.<br>(c) Self. |
| 4. | Arjan Singh | (a) Kaka Singh, Sweeper/D.W.<br>(b) Arjan Singh.<br>(c) Son. |
| 5. | Sita Ram | (a) Nirmal Singh, U.S.W./W.C.<br>(b) Sita Ram,<br>(c) Son. |
| 6. | Hardev Singh | (a) Hardev Singh, U.S.W.,/D.W.<br>(b) Jithu Ram,<br>(c) Self. |
| 7. | Kartar Singh | (a) Mewa Singh, S.W./W.C.<br>(b) Kartar Singh,<br>(c) Son. |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 8. | Gurdial Singh | .. (a) Prem Singh, S.W./W.C.<br>(b) Gurdial Singh,<br>(c) Son. |
| 9. | Parkash Singh | .. (a) Parkash Singh, S.W./W.C.<br>(b) Tara Singh,<br>(c) Self. |
| 10. | Jaswant Singh | .. (a) Jaswant Singh, S.W./W.C.<br>(b) Mashook,<br>(c) Self. |
| 11. | Waryam Singh | .. (a) Waryam Singh, S.W./W.C.<br>(b) Baru Ram,<br>(c) Self. |
| 12. | Inder Singh | .. (a) Kuljit Singh, S.W./DriverD.W.<br>(b) Inder Singh,<br>(c) Son. |
| 13. | Inder Singh | .. (a) Kamaljit Singh, S.W./D.W.<br>(b) Inder Singh,<br>(c) Son. |
| 14. | Gurcharan Singh | .. (a) Surjit Kaur, Sweeper, D.W.<br>(b) Wife of Gurcharan Singh,<br>(c) Wife. |
| 15. | Tek Chand | .. (a) Tek Chand, Fitter, D.W.<br>(b) Mansa Ram,<br>(c) Self. |
| 16. | Arjan Singh | .. (a) Balbir Singh, U.S.W/D.W.<br>(b) Arjan Singh,<br>(c) Son. |
| 17. | Parkash Singh | .. (a) Narinder Kumar, Fitter/W.C.<br>(b) Parkash Singh,<br>(c) Son. |
| 18. | Puran Singh | .. (a) Ajit Singh, W/C.<br>(b) Puran Singh,<br>(c) Son. |
| | **Village Daburji** | |
| 19. | Faquiria | .. (a) Jaspal Singh, U.S.W./D.W.<br>(b) Piara Singh.<br>(c) Grand-son. |
| 20. | Faquiria | .. (a) Gurmit Singh, U.S.W./D.W.<br>(b) Balwant Singh,<br>(c) Grand-son. |
| 21. | Nirmal Singh | .. (a) Santokh Singh, U.S.W./D.W.<br>(b) Nirmal Singh,<br>(c) Son. |
| 22. | Kabul Singh | .. (a) Kashmir Singh, U.S.W./D.W.<br>(b) Kabul Singh,<br>(c) Son. |
| 23. | Harcharan Singh | .. (a) Dalbir Singh, S.W/.D.W.<br>(b) Harcharan Singh,<br>(c) Son. |

Original with;
Punjab Vidhan Sabha
Digitized by;
Panjab Digital Library

[Minister of State for Housing and Urban Development]

| 1 | 2 | 3 |
|---|---|---|
| 24. | Dayal Singh | .. (a) Dayal Singh, U.S.W./D.W.<br>(b) Uttam Singh,<br>(c) Self. |
| 25. | Karnail Singh | .. (a) Baldev Singh. U.S.W./D.W.<br>(b) Karnail Singh,<br>(c) Son. |
| 26. | Sultan Singh | .. (a) Piara Singh, U.S.W./W.C.<br>(b) Sultan Singh,<br>(c) Son. |
| 27. | Ujjagar Singh | .. (a) Kuldip Singh U.S.W./D.W.<br>(b) Ujjagar Singh,<br>(c) Son. |
| 28. | Charan Singh | .. (a) Karnail Singh, U.S.W./D.W.<br>(b) Charan Singh,<br>(c) Son. |
| 29. | Khem Chand | .. (a) Gurmukh Singh, U.S.W./D.W.<br>(b) Khem Singh.<br>(c) Son. |
| 30. | Nirmal Singh | .. (a) Nirmal Singh, S.W./D.W.<br>(b) Hari Singh,<br>(c) Self. |
| 31. | Balbir Singh | .. (a) Balbir Singh/S.W./W.C.<br>(b) Ram Chand,<br>(c) Self. |
| 32. | Pritam Singh | .. (a) Gurdial Singh, S.W./W.C.<br>(b) Pritam Singh,<br>(c) Son. |
| 33. | Niranjan Singh | .. (a) Jasbir Singh, U.S.W./D.W.<br>(b) Niranjan Singh,<br>(c) Son. |
| | **Village Malikpur** | |
| 34. | Surjan Singh | .. (a) Rajinder Singh, S.W./D.W.<br>(b) Surjan Singh,<br>(c) Son. |
| 35. | Balwant Singh | .. (a) Paramjit Singh, S.W./D.W.<br>(b) Balwant Singh,<br>(c) Son. |
| 36. | Inder Singh | .. (a) Sohan Lal, S.W./W.C.<br>(b) Inder Singh,<br>(c) Son. |
| 37. | Bishan Singh | .. (a) Amrik Singh, Carpenter W.C.<br>(b) Bishan Singh,<br>(c) Son. |
| 38. | Jagat Singh | .. (a) Surjit Singh, U.S.W./D.W.<br>(b) Jagat Singh,<br>(c) Son. |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| | **Village Chandpur.** | |
| 39. | Mansa Ram | .. (a) Man Singh, U.S.W./D.W.<br>(b) Mansa Ram,<br>(c) Son. |
| 40. | Mansa Ram | .. (a) Ajmer Singh, S.W./D.W.<br>(b) Bakhtawar Singh,<br>(c) Son. |
| 41. | Didar Singh | .. (a) Manjit Singh, U.S.W./W.C.<br>(b) Didar Singh<br>(c) Son. |
| 42. | Gurbachan Singh | .. (a) Lal Singh S.W./D.W.<br>(b) Gurbachan Singh,<br>(c) Son. |
| 43. | Dayal Singh | .. (a) Salwinder Singh, U.S.W.D.W.<br>(b) Dayal Singh,<br>(c) Son. |
| 44. | Smt. Dhan Kaur W/o Hakam Singh | .. (a) Kulwinder Singh, Pharmacist/D.W.<br>(b) Hakam Singh,<br>(c) Son. |
| | **Village Nuhon** | |
| 45. | Surjit Singh | .. (a) Surjit Singh, U.S.W./W.C.<br>(b) Jaimal Singh,<br>(c) Self. |
| 46. | Atma Singh | .. (a) Atma Singh, U.S.W./W.C.<br>(b) Jaimal Singh,<br>(c) Self. |
| 47. | Rullia Ram | .. (a) Som Nath, U.S.W/W.C.<br>(b) Rullia Ram,<br>(c) Son. |
| 48. | Inder Singh | .. (a) Inder Singh, U.S.W./D.W.<br>(b) Sardara,<br>(c) Self. |
| | **Village Ratanpura** | |
| 49. | Bachan Singh | .. (a) Amarjit Singh, U.S.W/D.W.<br>(b) Bachan Singh,<br>(c) Son. |
| | **Village Chak Dhera** | |
| 50. | Mann Singh | .. (a) Daljit Singh, S.W./D.W.<br>(b) Mann Singh,<br>(c) Son. |
| 51. | Mohinder Singh | .. (a) Tarlochan Singh, U.S.W./D.W.<br>(b) Mohinder Singh,<br>(c) Son. |
| 52. | Gurbax Singh | .. (a) Kulwant Singh, U.S.W./D.W.<br>(b) Gurbax Singh,<br>(c) Son. |

*Original with;*
Punjab Vidhan Sabha
*Digitized by;*
Panjab Digital Library

[Minister of State for Housing and Urban Development]

| 1 | 2 | 3 |
|---|---|---|
| 53. | Rakha Singh | .. (a) Kaka Singh, S.W./W.C.<br>(b) Rakha Singh,<br>(c) Son. |
| 54. | Sucha Singh | .. (a) Jasmer Singh, S.W./D.W.<br>(b) Sucha Singh,<br>(c) Son. |
| | **Village Paprala** | |
| 55. | Smt. Waryani w/o Bant Singh<br>Dharamvir Singh son of Pritam Singh | .. (a) Dalbir Singh, U.S.W./D.W.<br>(b) Dharamvir Singh,<br>(c) Son. |
| 56. | Pal Singh | .. (a) Harmesh Singh, Carpenter/D.W.<br>(b) Pal Singh,<br>(c) Son. |
| 57. | Kartar Singh | .. (a) Balbir Singh ,S.W./W.C.<br>(b) Kartar Singh,<br>(c) Son. |
| 58. | Mohan Singh | .. (a) Swaran Singh, W/C Driver,<br>(b) Mohan Singh<br>(c) Son. |

**ਸਰਦਾਰ ਤਾਰਾ ਸਿੰਘ** : ਡਿਪਟੀ ਸਪੀਕਰ ਸਾਹਿਬ, ਜਿਨ੍ਹਾ ਵਿਅਕਤੀਆਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ, ਉਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਮੁੱਖ ਮੰਤਰੀ ਸਨ ਅਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਜਿਨ੍ਹਾਂ ਵਿਅਕਤੀਆਂ ਦੀਆਂ ਜ਼ਮੀਨਾਂ ਪਰਾਪਤ ਕੀਤੀਆਂ ਗਈਆਂ ਹਨ ਉਨ੍ਹਾਂ ਦੇ ਪਰਿਵਾਰਾਂ ਦੇ ਵਿਅਕਤੀਆਂ ਨੂੰ ਥਰਮਲ ਪਲਾਂਟ ਵਿਚ ਨੌਕਰੀ ਦਿਤੀ ਜਾਵੇਗੀ। ਇਹ ਜਿਹੜੀ ਪਰੰਪਰਾ ਚਲ ਰਹੀ ਹੈ। ਇਸ ਤੇ ਅਮਲ ਨਹੀਂ ਹੋ ਰਿਹਾ। ਡਿਪਟੀ ਸਪੀਕਰ ਸਾਹਿਬ, 24 ਪਿੰਡ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਲਿਤੀਆਂ ਗਈਆਂ ਹਨ ਅਤੇ 2397 ਪਰਿਵਾਰ ਹਨ ਜਿਨ੍ਹਾਂ ਦੀਆਂ ਜ਼ਮੀਨਾ ਸਨ ਪਰ ਸਿਰਫ 103 ਪਰਿਵਾਰ ਦੇ ਵਿਅਕਤੀਆਂ ਨੂੰ ਹੀ ਨੌਕਰੀਆਂ ਦਿਤੀਆਂ ਗਈਆਂ ਹਨ। ਇਹ ਜਿਹੜੀ ਰਿਪੋਰਟ ਦਿੱਤੀ ਗਈ ਹੈ ਇਹ ਗਲਤ ਰਿਪੋਰਟ ਦਿੱਤੀ ਗਈ ਹੈ। ਕੀ ਮੰਤਰੀ ਜੀ ਇਨ੍ਹਾਂ ਵਿਅਕਤੀਆਂ ਦੀਆਂ ਜ਼ਮੀਨਾਂ ਲਈਆਂ ਗਈਆਂ ਹਨ, ਉਨ੍ਹਾਂ ਨੂੰ ਨੌਕ-ਰੀਆਂ ਦਿਵਾਉਣਗੇ ? ਇਹ 2397 ਪਰਿਵਾਰ ਹਨ ਜਿਨ੍ਹਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ। ਕੀ ਉਨ੍ਹਾਂ ਸਾਰਿਆਂ ਨੂੰ ਹੀ ਨੌਕਰੀਆਂ ਦਿਤੀਆਂ ਜਾਣਗੀਆਂ ?

**ਰਾਜ ਮੰਤਰੀ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ** : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਾਦਲ ਸਾਹਿਬ ਦੇ ਆਸ਼ਵਾਸਨ ਦਾ ਜ਼ਿਕਰ ਕੀਤਾ ਹੈ। ਉਹ ਜ਼ਾਤੀ ਤੌਰ ਤੇ ਬਾਹਰ ਜਾ ਕੇ ਵੀ ਆਸਵਾਸ਼ਨ ਦੇ ਸਕਦੇ ਹਨ। ਇਹ ਵੱਖਰੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਸਾਹਮਣੇ ਇਹ ਚੀਜ਼ ਨਹੀਂ ਹੈ। ਹਾਊਸ ਵਿਚ ਵੀ ਨਹੀਂ ਹੈ। 1981 ਤੋਂ ਲੈ ਕੇ 1983 ਤਕ 1183 ਅਤੇ 436 ਰੋਪੜ ਇਲਾਕੇ ਦੇ ਆਦਮੀ ਹਨ। ਮੈਂਬਰ ਸਾਹਿਬ ਨੂੰ ਗਲਤੀ ਲੱਗੀ ਹੈ ਔਰ ਜੇਕਰ ਕਹਿਣਗੇ ਤਾਂ ਦੁਬਾਰਾ ਵੀ ਪਤਾ ਕਰ ਸਕਦੇ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਤਾਰਾ ਸਿੰਘ** : ਇਸ ਪਲਾਂਟ ਵਿਚ ਹਿਮਾਚਲ ਦੇ ਲੋਕਾਂ ਨੂੰ, ਹਰਿਆਣੇ ਦੇ ਲੋਕਾਂ ਨੂੰ ਯੂ. ਪੀ. ਦੇ ਲੋਕਾਂ ਨੂੰ ਨੇਪਾਲੀ ਲੋਕਾਂ ਨੂੰ ਸੈਂਕੜਿਆਂ ਦੀ ਤਾਦਾਦ ਵਿਚ ਭਰਤੀ ਕੀਤਾ ਗਿਆ ਹੈ। ਕੀ ਉਸ ਯੋਗਤਾ ਦੇ ਲੋਕ ਪੰਜਾਬ ਵਿਚ ਨਹੀਂ ਸਨ ਜਾਂ ਉਸ ਯੋਗਤਾ ਦੇ ਲੋਕ ਜਿਨ੍ਹਾਂ ਦੀਆਂ ਜ਼ਮੀਨਾਂ ਲਈਆਂ ਗਈਆਂ, ਉਨ੍ਹਾਂ ਵਿਚੋਂ ਨਹੀਂ ਮਿਲੇ ਤਾਂ ਬਾਹਰ ਦੀ ਭਰਤੀ ਕੀਤੀ ਗਈ ਜਾਂ ਇਸਦੇ ਕੋਈ ਹੋਰ ਕਾਰਣ ਸਨ ? ਕੀ ਅਗੋਂ ਲਈ ਬਾਹਰ ਤੋਂ ਭਰਤੀ ਬੰਦ ਕੀਤੀ ਜਾਵੇਗੀ ?

**ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਐਮ. ਐਲ. ਏ. ਸਾਹਿਬ ਨੇ ਅੱਧਾ ਤਾਂ ਜਵਾਬ ਆਪ ਹੀ ਦੇ ਲਿਆ ਹੈ। ਟੈਕਨੀਕਲ ਆਦਮੀ ਰੱਖਣੇ ਸਨ। ਡਰਾਈਵਰ ਜਾਂ ਹੋਰ ਮੌਕੇ ਤੇ ਰੱਖੇ ਵੀ ਗਏ ਸਨ। ਇਨ੍ਹਾਂ ਨੇ ਬਾਹਰਲਿਆਂ ਸੂਬਿਆਂ ਦੀ ਗੱਲ ਕੀਤੀ ਹੈ। ਹੋਰ ਪ੍ਰਾਜੈਕਟਾਂ ਤੋਂ ਕੁਝ ਆਦਮੀ ਵਿਹਲੇ ਹੁੰਦੇ ਹਨ, ਤਾਂ ਰਖਣੇ ਪੈਂਦੇ ਹਨ। ਚਾਹੇ ਉਹ ਬਾਹਰਲਿਆਂ ਸੂਬਿਆਂ ਵਿੱਚ ਵੀ ਕਿਉਂ ਨਾ ਕੰਮ ਕਰਦਾ ਰਿਹਾ ਹੋਵੇ, ਐਡਜਸਟ ਕਰਨਾ ਪੈਂਦਾ ਹੈ।

**ਸ੍ਰੀ ਰਾਮ ਪ੍ਰਕਾਸ਼ ਬਾਲੀ** . ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਮਸਲਾ ਸਰਦਾਰ ਤਾਰਾ ਸਿੰਘ ਨੇ ਸਵਾਲ ਵਿਚ ਲਿਆਂਦਾ ਹੈ, ਉਹ ਠੀਕ ਹੈ। ਲੋਕਲ ਬੰਦਿਆਂ ਨੂੰ ਪੂਰੀਆਂ ਪੋਸਟਾਂ ਨਹੀਂ ਮਿਲਦੀਆਂ। ਮੈਂ ਵੀ ਉਥੇ ਹੀ ਸੀ, ਉਦੋਂ ਸਰਕਾਰ ਨੇ ਵਾਇਦੇ ਕੀਤੇ ਸਨ ਪਰ ਉਹ ਇਮਪਲੀਮੈਂਟੇਸ਼ਨ ਠੀਕ ਨਹੀਂ ਹੋਈ। ਇਹ ਠੀਕ ਹੈ ਕਿ ਕੁਝ ਨੇਕ ਅਫਸਰ ਵੀ ਸਨ ਅਤੇ ਉਨ੍ਹਾਂ ਲੋਕਲ ਬੰਦਿਆਂ ਨੂੰ ਪਰੈਫਰ ਕਰਕੇ ਰਖਿਆ ਵੀ ਹੈ, ਪਰ ਬਹੁਤ ਸਾਰੇ ਅਫਸਰਾਂ ਨੇ ਬਾਹਰੋਂ ਲਿਆ ਕੇ ਭਰਤੀ ਕੀਤੀ ਹੈ ਆਨੰਦਪੁਰ ਹਾਈਡਲ ਵਿਚ ਵੀ ਸਕਿਲਡ ਲੇਬਰ ਐਜੀਟੇਸ਼ਨ ਕਰਦੀ ਰਹੀ ਹੈ, ਲੇਕਿਨ ਉਸਨੂੰ ਪੀ. ਐਸ. ਈ. ਬੀ. ਨੇ ਐਡਜਸਟ ਨਹੀਂ ਕੀਤਾ। ਕੀ ਕੋਈ ਇਸ ਲਈ ਕਮੇਟੀ ਬਣਾਈ ਜਾਵੇਗੀ ਕਿ ਇਸ ਗੱਲ ਦੀ ਇਨਕੁਆਇਰੀ ਕੀਤੀ ਜਾਵੇ ?

**ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਪ੍ਰਾਜੈਕਟ ਸ਼ੁਰੂ ਹੋਇਆ ਸੀ ਤਾਂ ਆਨੰਦਪੁਰ ਹਾਈਡਲ ਦਾ ਕੰਮ ਪੂਰੇ ਜ਼ੋਰਾਂ ਤੇ ਚਲ ਰਿਹਾ ਸੀ। ਬਾਕੀ ਪੇਂਡੂ ਲੋਕੀਂ ਦਿਹਾੜੀ ਤੇ ਕੰਮ ਕਰਨ ਵਿੱਚ ਉਤਸਕ ਨਹੀਂ ਸਨ। 1984-85 ਦੇ ਅੰਤ ਵਿਚ ਕਈਆ ਨੇ ਕੋਸ਼ਿਸ਼ ਕੀਤੀ ਸੀ ਲੇਕਿਨ ਬੰਦੇ ਉਦੋਂ ਤਕ ਰੱਖੇ ਜਾ ਚੁੱਕੇ ਸਨ। 1985 ਵਿੱਚ 82 ਆਦਮੀ ਰਖੇ ਹਨ, ਜਿਨ੍ਹਾਂ ਵਿਚੋਂ 27 ਬੰਦੇ ਉਸ ਇਲਾਕੇ ਦੇ ਰਖੇ ਗਏ ਹਨ।

**ਸ੍ਰੀ ਰਾਮ ਪ੍ਰਕਾਸ਼ ਬਾਲੀ**: ਡਿਪਟੀ ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਕੀ ਇਹ ਕੋਈ ਇਨਕੁਆਇਰੀ ਉਸ ਅਫਸਰ ਦੇ ਖਿਲਾਫ ਕਰਨਗੇ ਜਿਸ ਨੇ ਇਹ ਬੰਦੇ ਐਡਜਸਟ ਕੀਤੇ ਅਤੇ ਕੋਈ ਐਕਸ਼ਨ ਲੈਣਗੇ ?

**ਸ੍ਰੀ ਡਿਪਟੀ ਸਪੀਕਰ** : ਬਾਲੀ ਸਾਹਿਬ, ਜਵਾਬ ਠੀਕ ਆ ਗਿਆ ਹੈ। ਜ਼ੀਰਾ ਸਾਹਿਬ, ਤੁਸੀਂ ਥੋਹੜਾ ਜਿਹਾ ਮੈਂਬਰ ਦੇ ਸਵਾਲ ਦੀ ਭਾਵਨਾ ਦਾ ਖਿਆਲ ਰਖਿਆ ਕਰੋ ਤਾਕਿ ਉਹ ਠੀਕ ਸਾਹਮਣੇ ਆ ਜਾਵੇ ।

**ਰਾਜ ਮੰਤਰੀ**: ਡਿਪਟੀ ਸਪੀਕਰ ਸਾਹਿਬ ਜੇ ਇਨ੍ਹਾਂ ਦੇ ਧਿਆਨ ਵਿੱਚ ਕੋਈ ਗੱਲ ਹੈ, ਤਾਂ ਦੱਸ ਦੇਣ; ਅਸੀਂ ਇਨਕੁਆਇਰੀ ਕਰਾ ਲਵਾਂਗੇ।

---

Original with;
Punjab Vidhan Sabha
Digitized by;
Panjab Digital Library

**Admission to the Post-graduate classes in Government Medical College, Patiala**

***770. Doctor Dalbir Singh :** Will the Chief Minister be pleased to state whether the policy of reservation was followed in the matter of admission to the post graduate classes in the Government Medical College, Patiala for the academic year 1986-87 ; if so, the number of students belonging to the Scheduled Castes and the wards of freedom fighters, separately, admitted in each course ?

**ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ ):** ਹਾਂ ਜੀ । ਮੈਡੀਕਲ ਕਾਲਜ, ਪਟਿਆਲਾ ਵਿਖੇ ਪੜ੍ਹਾਈ ਸਾਲ 1986-87 ਦੌਰਾਨ ਪੋਸਟ ਗਰੈਜੂਏਟ ਕੋਰਸਾਂ ਦੇ ਦਾਖਲੇ ਸਮੇਂ ਰਿਜ਼ਰਵੇਸ਼ਨ ਦੀ ਪਾਲਿਸੀ ਅਪਨਾਈ ਗਈ ਸੀ। ਪੋਸਟ ਗਰੈਜੂਏਟ ਕੋਰਸਾਂ ਦੇ ਦਾਖਲੇ ਵਿਚ ਫਰੀਡਮ ਫਾਈਟਰ ਦੇ ਬਚਿਆਂ ਲਈ ਕੋਈ ਰਿਜ਼ਰਵੇਸ਼ਨ ਨਹੀਂ ਹੈ। ਮੈਡੀਕਲ ਕਾਲਜ, ਪਟਿਆਲਾ ਵਿਖੇ ਪੋਸਟ ਗਰੈਜੂਏਟ ਕੋਰਸਾਂ ਵਿਚ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦਾ ਸਪੈਸ਼ਲਟੀ-ਵਾਈਜ਼ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| ਲੜੀ ਨੰ: | ਸਪੈਸ਼ਲਟੀ ਦਾ ਨਾਂ | | ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦੀ ਗਿਣਤੀ |
|---|---|---|---|
| 1 | ਮੈਡੀਸਨ | ... | 3 |
| 2 | ਸਰਜਰੀ | ... | 2 |
| 3 | ਆਬਸਟ ਤੇ ਗਾਇਨੀ | ... | 1 |
| 4 | ਪੈਂਡਆਟ੍ਰਿਕਸ | .. | 2 |
| 5 | ਔਪਥਲਮਾਲੋਜੀ | ... | 1 |
| 6 | ਆਰਥੋਪੈਡਿਕਸ | ... | 1 |
| 7 | ਐਨਸਥੀਸਿਆ | .. | 1 |
| 8 | ਰੇਡੀਓ-ਡਾਇਗਨੋਜ਼ਿਜ | ... | 1 |
| 9 | ਫਾਰਮਾਕਾਲਾਜੀ | ... | 1 |
| 10 | ਗਾਇਨੀ ਵਿੱਚ ਡਿਪਲੋਮਾ | ... | ... |
| 11 | ਡੀ: ਐਲ: ਓ: | .. | 1 |

Original with;
Punjab Vidhan Sabha
Digitized by;
Panjab Digital Library

**ਡਾਕਟਰ ਦਲਬੀਰ ਸਿੰਘ**: ਸਪਲੀਮੈਂਟਰੀ ਸਰ। ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਜਿਸ ਐਡਮੀਸ਼ਨ ਬਾਰੇ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਸਵਾਲ ਦੇ ਜਵਾਬ ਵਿੱਚ, ਉਸਦੀ ਇਕ ਕਾਪੀ ਹੈ। 47 ਰਜਿਸਟਰਾਰ ਸਿਲੈਕਟ ਹੋਏ ਸਨ 1986 ਵਿੱਚ ਜਿਨ੍ਹਾਂ ਦੇ ਵਿਚੋਂ ਸ਼ਡਿਊਲਡ ਕਾਸਟ ਕੈਂਡੀਡੇਟਸ 12 ਰਖਣੇ ਚਾਹੀਦੇ ਸਨ ਜਦੋਂ ਕਿ 5 ਨੂੰ ਐਡਮੀਸ਼ਨ ਮਿਲੀ ਸੀ। 5 ਇਨ੍ਹਾਂ ਨੇ ਮੈਨਸ਼ਨ ਕੀਤੇ ਹਨ ਉਸ ਲਿਸਟ ਵਿਚ ਜਿਹੜੀ ਇਨ੍ਹਾਂ ਨੇ ਸ਼ਡਿਊਲਡ ਕਾਸਟ ਕੈਂਡੀਡੇਟ ਬਾਰੇ ਪੋਸਟ ਗਰੈਜੂਏਟ ਵਿੱਚ ਐਡਮੀਸ਼ਨ ਦੀ ਰਖੀ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਉਹ ਸਟੂਡੈਂਟਸ ਹਨ ਜਿਹੜੇ 1985-86 ਵਿੱਚ ਹਾਈਕੋਰਟ ਵਿੱਚ ਕੇਸ ਪੋਸਟ-ਗਰੈਜੂਏਸ਼ਨ ਦੀ ਐਡਮੀਸ਼ਨ ਦਾ ਜਾਣ ਕਰਕੇ ਐਡਮੀਸ਼ਨ ਨਹੀਂ ਸੀ ਹੋਈ, ਅਤੇ ਜਦੋਂ ਫਾਈਨਲ ਡਿਸੀਜ਼ਨ ਹੋਇਆ ਤਾਂ ਸਾਰੇ ਸਟੂਡੈਂਟਸ ਦੀ ਰਜਿਸਟਰਾਰ ਦੀ ਐਡ-ਮੀਸ਼ਨ ਇਕ ਵਾਰੀ ਕਰ ਲਈ ਗਈ। ਜਿਹੜੀ ਐਡਮੀਸ਼ਨ ਹਰ ਸਾਲ ਹੁੰਦੀ ਰਹੀ ਹੈ, ਪ੍ਰੋਫੈਸਰ ਜਾਂ ਅਸਿਸਟੈਂਟ ਪ੍ਰੋਫੈਸਰ ਦੀਆਂ ਪੋਸਟਾਂ ਤੇ ਗਰੈਜੂਅਲੀ ਹੁੰਦੀ ਰਹੀ ਹੈ, ਉਸ ਵਿਚੋਂ ਹਰ ਸਾਲ ਦੀ ਐਡਮੀਸ਼ਨ ਜਿੰਨੀ ਸ਼ਡਿਊਲਡ ਕਾਸਟ ਕੈਂਡੀਡੇਟਸ ਨੂੰ ਮਿਲਣੀ ਚਾਹੀਦੀ ਸੀ, ਕੀ ਉਸ ਗਲ ਨੂੰ ਮੱਦੇ ਨਜ਼ਰ ਰਖ ਕੇ ਇਹ 5 ਸਟੂਡੈਂਟਸ ਦੀ ਐਡਮੀਸ਼ਨ ਕੀਤੀ ਗਈ ਹੈ ?

**ਸੂਚਨਾ ਅਤੇ ਲੋਕ ਸੰਪਰਕ ਮੰਤਰੀ**: ਐਡਮੀਸ਼ਨ ਵਾਸਤੇ ਕੋਈ ਕਰਾਈਟੇਰੀਆ ਲੇਅ ਡਾਊਨ ਕੀਤਾ ਜਾਂਦਾ ਹੈ ਔਰ ਉਸਦੇ ਮੁਤਾਬਿਕ ਹੀ ਜਿੰਨੇ ਵੀ ਸ਼ਡਿਊਲਡ ਕਾਸਟਸ ਇਲੀਜੀਬਲ ਕੈਂਡੀਡੇਟਸ ਸਨ ਉਨ੍ਹਾਂ ਸਾਰਿਆਂ ਨੂੰ ਦਾਖਲਾ ਦੇ ਦਿਤਾ ਗਿਆ ਸੀ।

**ਡਾਕਟਰ ਦਲਬੀਰ ਸਿੰਘ**: ਗੋਲ ਮੋਲ ਜਵਾਬ ਆਇਆ ਹੈ (ਵਿਘਨ)

**ਸ਼੍ਰੀ ਡਿਪਟੀ ਸਪੀਕਰ**: ਜਵਾਬ ਕਲੀਅਰ ਹੈ।

**ਡਾਕਟਰ ਦਲਬੀਰ ਸਿੰਘ**: ਫਰੀਡਮ ਫਾਈਟਰਜ਼ ਦੇ ਵਾਰਡਜ਼ ਲਈ ਕੋਈ ਰਿਜ਼ਰਵੇਸ਼ਨ ਨਹੀਂ ਹੈ, ਇਹ ਮਾੜੀ ਗਲ ਹੈ, ਇਹ ਪਾਲਿਸੀ ਇਨ੍ਹਾਂ ਨੇ ਬਣਾਈ ਹੈ ਉਨ੍ਹਾਂ ਵਾਸਤੇ ਕੋਈ ਰਿਜ਼ਰਵੇਸ਼ਨ ਨਹੀਂ ਰਖੀ ਔਰ ਨੌਮੀਨੇਸ਼ਨਜ਼ ਕਰ ਦਿਤੀਆਂ ਜਾਂਦੀਆਂ ਹਨ। ਇਹ ਦੱਸਣਗੇ ਕਿ ਜੇਕਰ ਰਿਜ਼ਰਵੇਸ਼ਨ ਇਨ੍ਹਾਂ ਲਈ ਨਹੀਂ ਹੈ ਤਾਂ ਕੀ ਕੋਈ ਨਾਮੀਨੇਸ਼ਨ ਕੀਤੀ ਹੈ ?

**ਮੰਤਰੀ**: ਇਨ੍ਹਾਂ ਨੇ ਨਵਾਂ ਕੁਐਸ਼ਚਨ ਪੁਟ ਕਰ ਦਿਤਾ ਹੈ ਔਰ ਇਹ ਰੈਲੇਵੈਂਟ ਨਹੀਂ ਹੈ। ਫਰੀਡਮ ਫਾਈਟਰਜ਼ ਦੇ ਬਚਿਆਂ ਵਾਸਤੇ ਕੋਈ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ, ਸਰਕਾਰ ਇਸ ਤੇ ਵਿਚਾਰ ਕਰ ਲਏਗੀ ਪਰ ਹੁਣ ਤਕ ਕੋਈ ਇਹੋ ਜਿਹੀ ਪਾਲਸੀ ਨਹੀਂ ਹੈ।

**ਡਾਕਟਰ ਕੇਵਲ ਕ੍ਰਿਸ਼ਨ**: ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਲਿਜੀਬਿਲਿਟੀ ਨਾਲ ਹੀ ਐਡਮੀਸ਼ਨ ਕਰਦੇ ਹਾਂ। । 12 ਦੀ ਜਗ੍ਹਾ 5 ਐਡਮਿਟ ਹੋਏ। ਕੀ ਇਹ ਇਲੈਜੀਬਿਲਟੀ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਨੂੰ ਰਿਲੈਕਸ ਕਰਨਗੇ ?

**ਮੰਤਰੀ**: ਮੈਂ ਬੇਨਤੀ ਕੀਤੀ ਸੀ ਕਿ ਐਡਮੀਸ਼ਨ ਵਾਸਤੇ ਕੋਈ ਕਰਾਈਟੇਰੀਆ ਲੇਅ ਡਾਊਨ ਕੀਤਾ ਜਾਂਦਾ ਹੈ। ਜਿਹੜੇ ਸ਼ਡਿਊਲਡ ਕਾਸਟਸ ਕੈਂਡੀਡੇਟਸ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਦੇ ਸਨ ਉਨ੍ਹਾਂ ਨੂੰ ਐਡਮੀਸ਼ਨ ਦੇ ਦਿਤੀ ਗਈ। ਇਨ੍ਹਾਂ ਨੇ ਨਵੀਂ ਗਲ ਰਿਲੈਕਸੇਸ਼ਨ ਦੀ ਕਹੀ ਹੈ। ਇਹ ਤਾਂ ਇਕ ਸਪੈਸ਼ਲਿਸਟ ਡਾਕਟਰ ਦਾ ਸਬੰਧ ਹੈ ਔਰ ਅੱਜ ਤਕ ਇਸ ਵਿਚ ਕੋਈ ਰਿਲੈਕਸੇਸ਼ਨ ਕਰਨ ਦਾ ਸਵਾਲ ਪੈਦਾ ਨਹੀਂ ਹੁੰਦਾ ਔਰ ਨਾ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

**Installation of deep tube-wells in Kandi area of Pathankot Tehsil**

*751. **Shri Raghu Nath Sahai Puri :** Will the Chief Minister be pleased to state whether the Government has any proposal to instal more deep tubewells in the Kandi Area of Pathankot Tehsil ; if so, the details thereof ?

**ਸਰਦਾਰ ਹਰੀ ਸਿੰਘ ਜ਼ੀਰਾ** (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ) : ਪਠਾਨਕੋਟ ਤਹਿਸੀਲ ਵਿਚ 20 ਟਿਊਬਵੈਲ ਲਗਾਉਣ ਲਈ ਦੋ ਸਕੀਮਾਂ ਚਲ ਰਹੀਆਂ ਹਨ । ਇਨ੍ਹਾਂ ਵਿਚੋਂ 9 ਟਿਊਬਵੈਲ ਚਲ ਰਹੇ ਹਨ ਅਤੇ 4 ਟਿਊਬਵੈਲਾਂ ਦਾ ਬਿਜਲੀਕਰਨ ਛੇਤੀ ਹੀ ਕਰ ਦਿੱਤਾ ਜਾਵੇਗਾ। ਬਾਕੀ ਰਹਿੰਦੇ 7 ਟਿਊਬਵੈਲਾਂ ਦਾ ਕੰਮ ਛੇਤੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ ।

ਪਠਾਨਕੋਟ ਬਲਾਕ ਵਿਚ 10 ਹੋਰ ਟਿਊਬਵੈਲ ਲਗਾਉਣ ਲਈ ਸਕੀਮ ਨਾਬਾਰਡ ਨੂੰ ਸਤੰਬਰ, 1986 ਵਿਚ ਪ੍ਰਵਾਨਗੀ ਲਈ ਭੇਜੀ ਹੈ। ਨਾਬਾਰਡ ਦੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਸ ਸਕੀਮ ਨੂੰ ਲਾਗੂ ਕਰਨ ਸਬੰਧੀ ਵਿਚਾਰ ਕੀਤਾ ਜਾਵੇਗਾ ।

**ਸ਼੍ਰੀ ਰਘੁਨਾਥ ਸਹਾਏ ਪੁਰੀ :** ਡਿਪਟੀ ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜੇ 11 ਟਿਊਬਵੈਲਜ਼ ਲਗਣ ਵਾਲੇ ਹਨ ਇਹ ਕਿੰਨੀ ਦੇਰ ਵਿਚ ਲਗਾ ਦਿੱਤੇ ਜਾਣਗੇ ?

**ਰਾਜ ਮੰਤਰੀ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ :** ਇਹ ਸਕੀਮ ਪ੍ਰਵਾਨਗੀ ਲਈ ਭੇਜੀ ਹੋਈ ਹੈ। ਜਦੋਂ ਇਹ ਮਨਜ਼ੂਰ ਹੋ ਕੇ ਆ ਗਈ ਔਰ ਫੰਡਜ਼ ਅਵੇਲੇਬਲ ਹੋਏ ਤਾਂ ਇਹ ਕੰਮ ਕੀਤਾ ਜਾਏਗਾ।

**ਸ਼੍ਰੀ ਰਘੁਨਾਥ ਸਹਾਏ ਪੁਰੀ :** ਜਿਹੜੇ 20 ਟਿਊਬਵੈਲਜ਼ ਮਨਜ਼ੂਰ ਹੋਏ ਹਨ ਉਨ੍ਹਾਂ ਵਿਚੋਂ 11 ਬਕਾਇਆ ਰਹਿੰਦੇ ਹਨ। ਇਹ ਜਿਹੜੇ ਬਕਾਇਆ ਰਹਿੰਦੇ ਹਨ ਇਹ ਕਿੰਨੇ ਚਿਰ ਵਿਚ ਮੁਕੰਮਲ ਹੋ ਜਾਣਗੇ ?

**ਰਾਜ ਮੰਤਰੀ :** ਡਿਪਟੀ ਸਪੀਕਰ ਸਾਹਿਬ, ਪਠਾਨਕੋਟ ਬਲਾਕ ਵਿਚ 10 ਟਿਊਬਵੈਲ ਲਗਾਉਣ ਦੀ ਸਕੀਮ ਚਲ ਰਹੀ ਹੈ। ਘਰੋਟ, ਗੈਰਾ ਔਰ ਅਨਦੋਈਆ, ਮਾਰਚ, 1985 ਤੋਂ ਚਲ ਰਹੇ ਹਨ। 3 ਹੋਰ ਟਿਊਬਵੈਲਜ਼ ਮਾਰਚ, 1986 ਤੋਂ ਚਲ ਰਹੇ ਹਨ। ਇੱਕ ਟਿਊਬਵੈਲ ਦੀ ਖੁਦਾਈ ਵਿਚ ਵਿਕਾਸ ਹੋ ਗਿਆ ਹੈ ਔਰ ਬਿਜਲੀ ਕਰਨ ਕਰ ਦਿਤਾ ਜਾਏਗਾ। ਬਾਕੀ ਰਹਿੰਦੇ 3 ਛੇਤੀ ਕਰਨ ਦੀ ਸੰਭਾਵਨਾ ਹੈ ਬਸ਼ਰਤੇ ਕਿ ਲੋੜੀਂਦੇ ਫੰਡਜ਼ ਉਪਲਬਧ ਹੋਏ।

**ਸ਼੍ਰੀ ਰਘੁਨਾਥ ਸਹਾਏ ਪੁਰੀ :** ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ......

**ਸ਼੍ਰੀ ਡਿਪਟੀ ਸਪੀਕਰ :** ਤੁਹਾਡੀਆਂ ਦੋ ਸਪਲੀਮੈਂਟਰੀਜ਼ ਹੋ ਗਈਆਂ ਹਨ।

**ਸ਼੍ਰੀ ਰਘੁਨਾਥ ਸਹਾਏ ਪੁਰੀ :** ਅਸੀਂ ਤਿੰਨ ਸਪਲੀਮੈਂਟਰੀਜ਼ ਕਰ ਸਕਦੇ ਹਾਂ ਜੀ।

**ਸ਼੍ਰੀ ਡਿਪਟੀ ਸਪੀਕਰ :** ਨਹੀਂ ਜੀ, ਬਹੁਤ ਹੋ ਗਈਆਂ ਹਨ।

**ਸ਼੍ਰੀ ਰਮੇਸ਼ ਚੰਦਰ ਡੋਗਰਾ :** ਬੜੀ ਖੁਸ਼ੀ ਹੈ ਕਿ ਟਿਊਬਵੈਲ ਲੱਗੇ ਹਨ ਅਤੇ ਕੁਝ ਲੱਗ ਰਹੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਕੰਸਟੀਚਿਊਐਂਸੀ ਇਕ ਨਿਭਾਗੀ ਕੰਸਟੀਚਿਊਐਂਸੀ ਹੈ, ਉਥੋਂ ਦੇ ਲੋਕ ਅਨਫਾਰਚੂਨੇਟ ਹਨ ਜਿਹੜੇ ਦਸੂਹੇ ਵਿਚ ਰਹਿੰਦੇ ਹਨ ਕਿਉਂਕਿ ਉਥੇ ਇਕ ਵੀ ਡੀਪ

Original with;
Punjab Vidhan Sabha
Digitized by;
Panjab Digital Library

ਟਿਊਬਵੈੱਲ ਨਹੀਂ ਲੱਗਾ। ਇਸ ਲਈ ਕੀ ਮਨਿਸਟਰ ਸਾਹਿਬ, ਉਪਰਾਲਾ ਕਰਕੇ ਉਥੇ ਡੀਪ ਬੋਰ ਟਿਊਬਵੈੱਲ ਲਗਵਾਉਣਗੇ ਤਾਂ ਕਿ ਉਥੇ ਦੇ ਲੋਕਾਂ ਦੀ ਜ਼ਮੀਨ ਇਰੀਗੇਟ ਹੋ ਸਕੇ ਅਤੇ ਲੋਕਾਂ ਦੀ ਇਹ ਤਕਲੀਫ਼ ਦੂਰ ਹੋ ਸਕੇ।

**ਰਾਜ ਮੰਤਰੀ** : ਇਸ ਸਵਾਲ ਨਾਲ ਇਹ ਮੇਲ ਨਹੀਂ ਖਾਂਦਾ। ਮੈਂਬਰ ਸਾਹਿਬ ਵੱਖਰਾ ਲਿਖਕੇ ਦੇ ਦੇਣ ਅਤੇ ਅਸੀਂ ਇਸ ਬਾਰੇ ਸਰਵੇ ਕਰਵਾ ਕੇ ਜੇ ਇਹ ਇਸ ਸਕੀਮ ਵਿਚ ਸ਼ਾਮਿਲ ਹੋ ਸਕਦਾ ਹੋਇਆ ਤਾਂ ਉਸ ਵਿਚ ਲਿਆਉਣ ਦੀ ਕੋਸ਼ਿਸ਼ ਕਰਾਂਗੇ।

**Mr. Deputy Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Building of Government Girls High School Bhakna Kalan District Amritsar

*765. **Jathedar Tara Singh Attari** : Will the Chief Minister be pleased to state:—

(a) whether it is a fact that the building of Government Girls High School, Bhakna Kalan District Amritsar is very old and in-adequate to meet the present requirements ;

(b) if the reply to para (a) above be in the affirmative, whether the Government proposes to repair and extend the building of the said school, if so, the time by which it is likely to be done ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : (ੳ) ਜੀ ਹਾਂ।

(ਅ) ਜੀ ਨਹੀਂ, ਕਿਉਂਕਿ ਸਕੂਲ ਦੀ ਜ਼ਮੀਨ ਅਤੇ ਇਸ ਦੀ ਇਮਾਰਤ ਗਰਾਮ ਪੰਚਾਇਤ ਦੀ ਹੈ।

---

### Absorption of Labourers

*605. **Shri Ram Parkash Bali** : Will the Chief Minister be pleased to state :—

(a) the number of labourers retrenched from the Anandpur Sahib Hydel Project during the year 1984-85 and 1985-86 ;

(b) the number of labourers referred to in part (a) above who have been absorbed in Thein Dam Project or in any other Project ;

(c) the steps taken or proposed to be taken to absorb the remaining labourers ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : (ੳ) ਸਾਲ 1984-85 ਨਿੱਲ।

ਸਾਲ 1985-86 5153.

(ਅ) ਮਿਤੀ 15-3-1987 ਤੱਕ ਰਣਜੀਤ ਸਾਗਰ ਡੈਮ ਪ੍ਰੋਜੈਕਟ ਤੇ 813 ਅਤੇ ਮੁਕੇਰੀਆਂ ਹਾਈਡਲ ਪ੍ਰੋਜੈਕਟ ਤੇ 192।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ੲ) ਰਣਜੀਤ ਸਾਗਰ ਡੈਮ ਤੇ ਖਾਲੀ ਆਸਾਮੀਆਂ ਭਰਨ ਲਈ 35% ਕੋਟਾ ਆਨੰਦਪੁਰ ਸਾਹਿਬ ਪ੍ਰੋਜੈਕਟ ਦੇ ਛਾਂਟੀ ਕੀਤੇ ਕਾਮਿਆਂ ਲਈ ਪਹਿਲਾਂ ਹੀ ਰਾਖਵਾਂ ਕੀਤਾ ਜਾ ਚੁੱਕਾ ਹੈ। ਪਰੰਤੂ ਸਰਕਾਰ ਰਣਜੀਤ ਸਾਗਰ ਡੈਮ ਤੇ ਭਰਤੀ ਦੀ ਪਾਲਿਸੀ ਤੇ ਮੁੜ ਵਿਚਾਰ ਕਰਨ ਦਾ ਖਿਆਲ ਰਖਦੀ ਹੈ ਅਤੇ ਇਸ ਅਨੁਸਾਰ ਆਨੰਦਪੁਰ ਸਾਹਿਬ ਪ੍ਰੋਜੈਕਟ ਤੋਂ ਛਾਂਟੀ ਕੀਤੇ ਕਾਮਿਆਂ ਦੀ ਵਧੇਰੇ ਗਿਣਤੀ ਨੂੰ ਕੰਮ ਤੇ ਲਾਉਣ ਦੀ ਨੀਤੀ ਨੂੰ ਧਿਆਨ ਵਿਚ ਰੱਖੇਗੀ।

---

## Teachers/Doctors killed in the State

***793. Shri Brij Bhushan Mehra :** Will the Chief Minister be pleased to state the number of school teachers and doctors separately, killed by the terrorists in the State during the period from 1st October, 1985 to 28th February, 1987 ?

**ਸਰਦਾਰ ਸੁਰਜੀਤ ਸਿੰਘ ਬਰਨਾਲਾ :** ਪੰਜਾਬ ਵਿਚ 1-10-1685 ਤੋਂ 28-2-1987 ਦੇ ਸਮੇਂ ਦੌਰਾਨ 18 ਸਕੂਲ ਅਧਿਆਪਕ ਅਤੇ 21 ਡਾਕਟਰ ਅੱਤਵਾਦੀਆਂ/ਦਹਿਸ਼ਤਗਰਦਾਂ ਹਥੋਂ ਮਾਰੇ ਗਏ ਸਨ।

---

## Water-logged area along Nangal Hydel Channel

***790. Sardar Tara Singh :** Will the Chief Minister Punjab be pleased to state whether the Government proposes to dig out a drain to drain out the water from the water logged area along the Nangal Hydel Channel from Anandpur Sahib to Ropar ?

**ਸਰਦਾਰ ਸੁਰਜੀਤ ਸਿੰਘ ਬਰਨਾਲਾ :** ਇਸ ਸਬੰਧੀ ਵਿਸ਼ੇਸ਼ ਤਕਨੀਕੀ ਗਰੁੱਪ ਜਾਂਚ ਕਰ ਰਿਹਾ ਹੈ। ਗਰੁੱਪ ਦੀਆਂ ਸਿਫਾਰਸ਼ਾਂ ਪਰਾਪਤ ਹੋਣ ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

---

## National Education Policy

***757. Shri Arjan Singh Siag :** Will the Chief Minister be pleased to state—

(a) whether it is a fact that the National Education Policy as approved by the Parliament in 1986 includes the concept of spiritual education ;

(b) whether any guide lines have been received from the Central Government for imparting spiritual education if so, the steps taken/proposed to be taken by the Government to implement the same ?

**ਸਰਦਾਰ ਸੁਰਜੀਤ ਸਿੰਘ ਬਰਨਾਲਾ :** (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

---

## Channelisation of Swan Nadi

***606. Shri Ram Parkash Bali :** Will the Chief Minister be pleased to state whether there is any proposal under the consideration of the Government to channelise the Swan Nadi from village Surajwal Sehiowal to village Sainswal Surah, Tehsil Anandpur Sahib, District Ropar ; if so, the time by which that is likely to be done ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ): ਨਹੀਂ ਜੀ।

ਇਸ ਵੇਲੇ ਕੇਵਲ ਮੁਢਲੀਆਂ ਜਾਂਚ ਪੜਤਾਲਾਂ ਚਲ ਰਹੀਆਂ ਹਨ। ਕਿਉਂ ਜੋ ਕੋਈ ਪ੍ਰੋਜੈਕਟ ਤਿਆਰ ਨਹੀਂ ਕੀਤਾ ਗਿਆ, ਇਸ ਅਵਸਥਾ ਵਿੱਚ ਇਸ ਨੂੰ ਅਮਲ ਵਿੱਚ ਲਿਆਉਣ ਦਾ ਸਮਾਂ ਨਹੀਂ ਦੱਸਿਆ ਜਾ ਸਕਦਾ।

**Building of Government Raj Higher Secondary School Sangrur**

***782. Sardar Ranjit Singh Balian :** Will the Chief Minister be pleased to state whether it is a fact that the building of Government Raj Higher Secondary School, Sangrur is very old and in-sufficient to accommodate the increased number of students; if so, whether the Government proposes to extend the said building ?

**ਸਰਦਾਰ ਸੁਰਜੀਤ ਸਿੰਘ ਬਰਨਾਲਾ :** ਹਾਂ ਜੀ, ਸਰਕਾਰ ਫੰਡਾਂ ਦੀ ਉਪਲੱਬਧੀ ਅਨੁਸਾਰ ਵਰਤਮਾਨ ਸਕੂਲਾਂ ਦੀਆਂ ਇਮਾਰਤਾਂ ਵਿਚ ਹਰ ਤਰ੍ਹਾਂ ਨਾਲ ਵਾਧੇ ਲਈ ਯਤਨ ਕਰ ਰਹੀ ਹੈ।

UNSTARRED QUESTIONS AND ANSWERS

**Residential plots allotted to the landless labourers of village Karyal**

**91. Sardar Gurdev Singh Gill :** Will the Minister of state for Housing and Urban Development be pleased to state—

(a) the number of residential plots allotted to the landless labourers of village Karyal, Tehsil Zira, District Ferozepur in the year 1971 ;

(b) whether the physical possession of the plots referred to in part (a) above has since been given to the said allottees ; if not, the reasons therefor ?

**ਸਰਦਾਰ ਹਰੀ ਸਿੰਘ ਜ਼ੀਰਾ :** (ੳ) ਪਿੰਡਾਂ ਦੇ ਭੂਮੀਹੀਣ ਜ਼ਰਾਇਤੀ ਕਾਮਿਆਂ ਲਈ ਮਕਾਨਾਂ ਦੀ ਥਾਂ ਸਕੀਮ ਅਧੀਨ ਪਿੰਡ ਕਰਿਆਲ, ਤਹਿਸੀਲ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਦੇ ਯੋਗ ਭੂਮੀਹੀਣ ਜ਼ਰਾਇਤੀ ਕਾਮਿਆਂ ਨੂੰ 100–100 ਵਰਗ ਗਜ਼ ਦੇ 47 ਪਲਾਟ ਦਿੱਤੇ ਗਏ ਸਨ।

(ਅ) ਹਾਂ ਜੀ, ਇਨ੍ਹਾਂ ਪਲਾਟਾਂ ਦਾ ਕਬਜ਼ਾ ਅਲਾਟੀਆਂ ਨੂੰ ਪਹਿਲੇ ਹੀ ਦੇ ਦਿਤਾ ਗਿਆ ਹੈ।

**Income of Gram Panchayat Thih Naushera Tehsil Patti**

**92. Sardar Kirpal Singh (Amritsar) :** Will the Minister of State for Rural Development and Panchayats be pleased to state—

(a) the annual income of Gram Panchayat Thih Naushera Tehsil Patti, District Amritsar during the period from 1st September, 1978 to 31st December, 1986 ;

(b) the number of houses in the said village ;

Original with;
Punjab Vidhan Sabha
Digitized by;
Panjab Digital Library

[Sardar Kirpal Singh]

(c) whether the streets and drains of the said village have since been paved, if so, the amount spent thereon ;

(d) whether the accounts of the said Panchayat have been audited ; if so, the results thereof ?

**ਸਰਦਾਰ ਬਲਦੇਵ ਸਿੰਘ ਖਿਆਲਾ :** (ੳ) 60,734/- ਰੁਪਏ।

(ਅ) 27 ਘਰ।

(ੲ) ਹਾਂ ਜੀ। 48,500/- ਰੁਪਏ ਖਰਚ ਹੋਏ।

(ਸ) ਹਾਂ ਜੀ - ਗਰਾਮ ਫੰਡ ਦੀ ਕੋਈ ਕੁਵਰਤੋਂ ਜਾਂ ਗਬਨ ਨਹੀਂ ਪਾਇਆ ਗਿਆ।

---

**Surplus Land in Village Margindpura , District Amritsar**

**93. Sardar Kirpal Singh (Amritsar) :** Will the Minister for Revenue and Rehabilitation be pleased to state—

(a) whether any cultivable land of village Margindpura, Tehsil Patti, District Amritsar was declared surplus under Tenancy Act before 31st December, 1971, if so, the land-wise names of the owners of the said land ;

(b) whether the land referred to part (a) above was allotted to some tenants before the enforcement of the Punjab Land Reforms Act, 1971, if so, their names and the area allotted to each of them ;

(c) whether any surplus area was not taken into possession by the revenue authorities uptil 31st December, 1971, if so, the total area thereof and the names of the owners concerned together with the reasons for not alloting this area to the rightful tenants ;

(d) whether Government proposes to take into possession and allot the same to the deserving tenants ;

(e) whether any action has been taken or is proposed to be taken against the defaulting revenue officers for their failure to take the area into their possession ?

---

**ਸਰਦਾਰ ਮੇਜਰ ਸਿੰਘ ਉਬੋਕੇ :** (ੳ) ਹਾਂ ਜੀ। ਮਾਲਕਾਂ ਦੇ ਨਾਂ ਹੇਠ ਦੱਸੇ ਜਾਂਦੇ ਹਨ

| ਲੜੀ ਨੰ : | ਵੱਡੇ ਮਾਲਕ ਦਾ ਨਾਂ | ਸਰਪਲੱਸ ਰਕਬਾ ਕਨਾਲ ਮਰਲੇ | ਸਰਪਲੱਸ ਰਕਬਾ ਸਾਦਾ ਏਕੜ | ਸਰਪਲੱਸ ਰਕਬਾ ਸਟੈਂਡਰਡ ਏਕੜ |
|---|---|---|---|---|
| 1 | ਹਰੀ ਸਿੰਘ ਪੁੱਤਰ ਬਹਾਦਰ ਸਿੰਘ | 15—12 | 2—00 | 2—1/2 |
| 2 | ਜਗੀਰ ਸਿੰਘ ਗੁਰਬਖਸ਼ ਸਿੰਘ ਪੁੱਤਰਾਨ ਭਾਨ ਸਿੰਘ | 166—02 | 21—00 | 21—11¾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵੱਡੇ ਮਾਲਕ ਦਾ ਨਾਂ | ਸਰਪਲੱਸ ਰਕਬਾ | | |
|---|---|---|---|---|
| | | ਕਨਾਲ ਮਰਲੇ | ਸਾਦਾ ਏਕੜ | ਸਟੈਂਡਰਡ ਏਕੜ |
| 3 | ਗੁਰਬਚਨ ਸਿੰਘ ਪੁੱਤਰ ਭਾਨ ਸਿੰਘ | 127—06 | 16—00 | 16—15½ |
| 4 | ਸੰਧਾ ਸਿੰਘ ਪੁੱਤਰ ਵਧਾਵਾ ਸਿੰਘ | 53—17 | 7—00 | 3—13¼ |
| 5 | ਤਰਲੋਕ ਸਿੰਘ, ਪੁੱਤਰ ਬਹਾਦਰ ਸਿੰਘ | 44—04 | 6—00 | 6—7½ |
| 6 | ਆਤਮਾ ਸਿੰਘ, ਪੁੱਤਰ ਬਹਾਦਰ ਸਿੰਘ | 27—0 | 3—00 | 3—8 |
| 7 | ਜਗਤਾਰ ਸਿੰਘ, ਪੁੱਤਰ ਬਹਾਦਰ ਸਿੰਘ | 31—6 | 4—00 | 4—1 |
| 8 | ਦਲੀਪ ਸਿੰਘ, ਪੁੱਤਰ ਭਾਨ ਸਿੰਘ | 127—6 | 16—00 | 16—15½ |
| | | 592—13 | 75—00 | 75—9 |

(ਅ) ਹਾਂ ਜੀ। ਮੁਜਾਰਿਆਂ ਤੇ ਉਨ੍ਹਾਂ ਨੂੰ ਅਲਾਟ ਕੀਤਾ ਗਿਆ ਰਕਬਾ ਹੇਠ ਦਰਜ ਹੈ

| ਲੜੀ ਨੰ: | ਅਲਾਟੀ ਦਾ ਨਾਂ | ਅਲਾਟ ਕੀਤਾ ਰਕਬਾ | | |
|---|---|---|---|---|
| | | ਕ. ਮ. | ਸਾਦਾ ਏਕੜ | ਸਟੈਂਡਰਡ ਏਕੜ |
| 1 | ਸੁਚਾ ਸਿੰਘ ਪੁੱਤਰ ਊਧਮ ਸਿੰਘ | 15—12 | 2—00 | 2—1½ |
| 2 | ਮੁਰਤਾ ਸਿੰਘ ਪੁੱਤਰ ਆਤਮ ਸਿੰਘ | 32—16 | 4—00 | 4—4½ |
| 3 | ਗੁਰਦੀਪ ਸਿੰਘ ਪੁੱਤਰ ਆਤਮਾ ਸਿੰਘ | 34—00 | 4—00 | 4—9½ |
| 4 | ਹਰਬੰਸ ਸਿੰਘ ਪੁੱਤਰ ਜਗੀਰ ਸਿੰਘ | 12—00 | 2—00 | 1—8½ |
| 5 | ਗੰਗਾ ਸਿੰਘ ਪੁੱਤਰ ਤਰਲੋਕ ਸਿੰਘ | 14—19 | 2—00 | 1—13¾ |
| 6 | ਸੁਰਤਾ ਸਿੰਘ ਪੁੱਤਰ ਆਤਮਾ ਸਿੰਘ | 36—12 | 5—00 | 4—13 |
| 7 | ਜਗੀਰ ਸਿੰਘ ਪੁੱਤਰ ਲਾਲ ਸਿੰਘ | 35—15 | 4—00 | 4—10 |
| 8 | ਬਲਕਾਰ ਸਿੰਘ ਪੁੱਤਰ ਦਸੌਂਧਾ ਸਿੰਘ | 16—00 | 2—00 | 2—02 |

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਪੁਨਰਵਾਸ ਮੰਤਰੀ]

| ਲੜੀ ਨੰ: | ਅਲਾਟੀ ਦਾ ਨਾਂ | ਅਲਾਟ ਕੀਤਾ ਰਕਬਾ ਕ. ਮ. | ਸਾਦਾ ਏਕੜ | ਸਟੈਂਡਰਡ ਏਕੜ |
|---|---|---|---|---|
| 9 | ਤਰਲੋਕ ਸਿੰਘ ਪੁੱਤਰ ਰੂਪਾ ਸਿੰਘ | 25—14 | 4—00 | 2—06 |
| 10 | ਲਖਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ | 33—18 | 4—00 | 4—08 |
| 11 | ਬਚਨ ਸਿੰਘ ਪੁੱਤਰ ਹਰਨਾਮ ਸਿੰਘ | 34—10 | 4—00 | 4—12 |
| 12 | ਅਮਰ ਸਿੰਘ ਪੁੱਤਰ ਵਧਾਵਾ ਸਿੰਘ | 75—10 | 10—00 | 10—00 |
| 13 | ਫੌਜਾ ਸਿੰਘ ਪੁੱਤਰ ਗੁਰਦਿਤ ਸਿੰਘ | 69—00 | 8—00 | 9—02 |
| 14 | ਬਿਸ਼ਨ ਸਿੰਘ ਪੁੱਤਰ ਡੋਗਰ ਸਿੰਘ | 21—00 | 3—00 | 1—09 |
| 15 | ਸਰਦੂਲ ਸਿੰਘ ਪੁੱਤਰ ਰਤਨ ਸਿੰਘ | 32—17 | 4—00 | 2—4¼ |
| 16 | ਕੁੰਦਨ ਸਿੰਘ ਪੁੱਤਰ ਮਾਹੀਆ ਸਿੰਘ | 4—15 | 1—00 | 0—10 |
| 17 | ਸੇਵਾ ਸਿੰਘ ਪੁੱਤਰ ਚੰਨਣ ਸਿੰਘ | 7—07 | 1—00 | 1—00 |
| 18 | ਚੰਨਣ ਸਿੰਘ ਪੁੱਤਰ ਆਸਾ ਸਿੰਘ | 32—02 | 4—00 | 4—13½ |
| 19 | ਗੁਲਜ਼ਾਰ ਸਿੰਘ ਪੁੱਤਰ ਉਜਾਗਰ ਸਿੰਘ | 27—00 | 3—00 | 3—08 |
| 20 | ਜੱਸਾ ਸਿੰਘ ਪੁੱਤਰ ਤਾਰਾ ਸਿੰਘ | 10—10 | 1—00 | 1—06 |
| 21 | ਕਰਨੈਲ ਸਿੰਘ ਪੁੱਤਰ ਭਾਨ ਸਿੰਘ | 20—16 | 3—00 | 2—11 |
| | ਜੋੜ | 592—13 | 75—00 | 75—09 |

(ੲ) ਨਹੀਂ ਜੀ।

(ਸ) ਅਤੇ (ਹ) ਪਾਰਟ 'ਸੀ' ਵਿੱਚ ਦਿੱਤੇ ਜਵਾਬ ਨੂੰ ਮੁੱਖ ਰੱਖਦੇ ਹੋਏ ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**Enquiry against the Sarpanch of Gram Panchayat Raowali**

96. **Comrade Mehtab Singh :** Will the Minister of State for Rural Development and Panchayats be pleased to state whether any enquiry was made against the Sarpanch of the Gram Panchayat Raowali in Block Adampur, District, Jalandhar on the basis of a complaint made against him in the month of July, 1986 by some members of the said Gram Panchayat ; if so, the details thereof alongwith action, if any, taken thereon ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ** : ਹਾਂ ਜੀ । ਹੇਠ ਲਿਖੇ ਦੋਸ਼ ਸਰਪੰਚ ਵਿਰੁੱਧ ਪ੍ਰਾਈਮਾ ਫੇਸਾਈ ਸਿੱਧ ਹੋਏ ਹਨ :—

(1) ਕਿ ਉਸ ਨੇ ਗਰਾਮ ਪੰਚਾਇਤ ਅਤੇ ਹਾੜੀ ਸਾਉਣੀ ਦੀਆਂ ਮੀਟਿੰਗਾਂ ਨਿਯਮਾਂ ਅਨੁਸਾਰ ਨਹੀਂ ਕੀਤੀਆਂ ;

(2) ਕਿ ਉਸ ਨੇ ਵਿਕਾਸ ਕੰਮਾਂ (ਪੰਚਾਇਤ ਘਰ ਅਤੇ ਸਫੈਦੇ ਲਾਉਣ) ਤੇ ਖਰਚ ਨਿਯਮਾਂ ਅਨੁਸਾਰ ਨਹੀਂ ਕੀਤਾ ;

(3) ਕਿ ਉਸ ਨੇ ਸ਼ਾਮਲਾਤ ਭੂਮੀ ਦੇ ਪਲਾਟ ਬਣਾ ਕੇ ਕਾਨੂੰਨ ਦੇ ਵਿਰੁੱਧ ਬਾਹਰਲੇ ਲੋਕਾਂ ਨੂੰ ਵੇਚਣ ਦੀ ਯੋਜਨਾ ਬਣਾਈ ;

(4) ਕਿ ਉਸ ਨੇ ਪੀਲੇ ਕਾਰਡ ਬਣਵਾਉਣ ਅਤੇ ਕਰਜ਼ਾ ਦਿਵਾਉਣ ਲਈ ਰਿਸ਼ਵਤ ਲਈ ;

ਇਨ੍ਹਾਂ ਦੋਸ਼ਾਂ ਬਾਰੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਜਲੰਧਰ ਨੂੰ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 102(1) ਅਧੀਨ ਰੈਗੂਲਰ ਪੜਤਾਲ ਸੌਂਪੀ ਗਈ ਹੈ ।

---

## PERSONAL EXPLANATION BY CAPTAIN AMARINDER SINGH

**ਕੈਪਟਨ ਅਮਰਿੰਦਰ ਸਿੰਘ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ । ਮੈਂ ਕੱਲ ਆਪ ਨੂੰ ਬੇਨਤੀ ਕੀਤੀ ਸੀ ਕਿ 19 ਤਾਰੀਖ ਨੂੰ ਜਦੋਂ ਟਰੇਜ਼ਰੀ ਬੈਂਚਿਜ਼ ਵਲੋਂ ਕੁਝ ਮੈਂਬਰ ਸਾਹਿਬਾਨ ਗਵਰਨਰ ਐਡਰੈਸ ਤੇ ਬੋਲ ਰਹੇ ਸਨ ਤਾਂ ਉਨ੍ਹਾਂ ਵਲੋਂ ਮੇਰੇ ਖਿਲਾਫ ਕਾਫੀ ਚਾਰਜਿਜ਼ ਲਗਾਏ ਗਏ ਸਨ । ਇਸ ਲਈ ਮੈਂ ਪਰਸਨਲ ਐਕਸਪਲੇਨੇਸ਼ਨ ਵਾਸਤੇ ਬੇਨਤੀ ਕੀਤੀ ਸੀ ਕਿ ਮੈਂ ਬੋਲਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਉਹ ਤਿੰਨ ਸੱਜਣ ਹਨ-ਮਾਨ ਜੀ ਬੋਲੇ ਸਨ, ਫਿਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਬੋਲੇ ਸਨ । ਇਨ੍ਹਾਂ ਦੀ ਬਾਬਤ ਮੈਂ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ । ਇਕ ਗੱਲ ਪਾਂਧੀ ਜੀ ਨੇ ਕਹੀ ਸੀ ਔਰ ਮੈਨੂੰ ਪਤਾ ਨਹੀਂ ਉਨ੍ਹਾਂ ਦਾ ਮਤਲਬ ਕੀ ਸੀ । ਕੱਲ ਵੀ ਜਦੋਂ ਉਹ ਬੱਜਟ ਤੇ ਤਕਰੀਰ ਕਰ ਰਹੇ ਸਨ ਤਾਂ ਉਨ੍ਹਾਂ ਨੇ ਮੇਰੇ ਬਾਰੇ ਕਿਹਾ ਸੀ ਕਿ ਮੈਂ ਰਾਜਿਸਥਾਨ ਤੋਂ ਆਇਆ ਹਾਂ । ਮੈਨੂੰ ਪਤਾ ਨਹੀਂ ਉਨ੍ਹਾਂ ਦਾ ਇਹ ਕਹਿਣ ਦਾ ਮਤਲਬ ਕੀ ਸੀ । ਮੈਂ ਉਨ੍ਹਾਂ ਦਾ ਮਤਲਬ ਨਹੀਂ ਸਮਝ ਸਕਿਆ । ਉਹ ਕਹਿੰਦੇ ਸੀ ਕਿ ਅਸੀਂ ਜੱਟ ਨਹੀਂ ਜਾਂ ਪਤਾ ਨਹੀਂ ਉਹ ਕੀ ਕਹਿਣਾ ਚਾਹੁੰਦੇ ਸਨ । ਲੇਕਿਨ ਮੈਂ ਇਨ੍ਹਾਂ ਨੂੰ ਆਪਣੀ ਹਿਸਟਰੀ ਦੁਹਰਾਉਣਾ ਚਾਹੁੰਦਾ ਹਾਂ । ਮੈਂ ਪਾਂਧੀ ਜੀ ਨੂੰ ਦੱਸਣਾ ਚਾਹੁੰਦਾ ਹਾਂ .....

**ਸ੍ਰੀ ਡਿਪਟੀ ਸਪੀਕਰ** : ਤੁਸੀਂ ਸਪੀਚ ਦੇ ਰਹੇ ਹੋ । ਸਪੀਚ ਨਹੀਂ ਦੇ ਸਕਦੇ । ਤੁਸੀਂ ਪਰਸਨਲ ਐਕਸਪਲੇਨੇਸ਼ਨ ਦਿਓ ।

**ਕੈਪਟਨ ਅਮਰਿੰਦਰ ਸਿੰਘ:** : ਮੈਂ ਸਪੀਚ ਨਹੀਂ ਦੇ ਰਿਹਾ । ਮੈਂ ਪਰਸਨਲ ਐਕਸਪਲੇਨੇਸ਼ਨ ਦੇ ਰਿਹਾ ਹਾਂ । ਇਹ 4 ਸਪੀਕਰ ਬੋਲੇ ਸਨ ਅਤੇ ਉਨ੍ਹਾਂ ਨੇ ਸਾਢੇ ਚਾਰ ਘੰਟੇ ਲਏ ਸਨ । ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਢਾਈ ਘੰਟੇ ਮੇਰੇ ਤੇ ਹੀ ਬੋਲਣ ਤੇ ਲਾਏ । ਮੈਨੂੰ ਕੋਈ ਇਤਰਾਜ਼ ਨਹੀਂ ਮੈਂ ਪਹਿਲੇ ਵੀ ਸਪੀਕਰ ਸਾਹਿਬ ਨੂੰ ਕਿਹਾ ਸੀ ਕਿ ਜੇ ਮੇਰੇ ਤੇ ਬਹਿਸ ਕਰਨੀ ਹੈ ਜਾਂ ਮੇਰੀ ਫੈਮਿਲੀ ਤੇ ਬਹਿਸ ਕਰਨੀ ਹੈ ਤਾਂ ਕਰੋ ਮਗਰ ਮੈਂ ਟਾਈਮ ਜ਼ਰੂਰ ਮੰਗਾਂਗਾ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਪਰਸਨਲ ਐਕਸਪਲੇਨੇਸ਼ਨ ਦਿਓ, ਸਪੀਚ ਨਾ ਕਰੋ।

**ਕੈਪਟਨ ਅਮਰਿੰਦਰ ਸਿੰਘ** : ਮੈਂ ਪਰਸਨਲ ਐਕਸਪਲੇਨੇਸ਼ਨ ਦੇ ਰਿਹਾ ਹਾਂ। ਮੈਂ ਪਾਂਧੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜੈਸਲਮੇਰ ਤੋਂ ਆਏ। 13ਵੀਂ ਸਦੀ ਵਿਚ ਉਥੇ ਜੱਟਾਂ ਨੇ ਸੌ ਸਾਲ ਰਾਜ ਕੀਤਾ (ਵਿਘਨ) ਬਠਿੰਡੇ ਆ ਗਏ। (ਵਿਘਨ) ਤੁਸੀਂ ਵੀ ਉਨ੍ਹਾਂ ਵਿਚੋਂ ਆਏ। (ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਇਹ ਸਪੀਚ ਕਰਨ ਦਾ ਟਾਈਮ ਨਹੀਂ ਹੈ। ਤੁਸੀਂ ਸਿਰਫ ਜਵਾਬ ਹੀ ਦੇਣਾ ਹੈ। ਤੁਸੀਂ ਸਪੀਚ ਨਹੀਂ ਕਰ ਸਕਦੇ।

**ਕੈਪਟਨ ਅਮਰਿੰਦਰ ਸਿੰਘ** : ਮੈਂ ਸਪੀਚ ਨਹੀਂ ਕਰ ਰਿਹਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ 8—10 ਇਲਜ਼ਾਮ ਮੇਰੇ ਖਿਲਾਫ ਲਗਾਏ। ਹੁਣ ਮੈਂ ਪ੍ਰੋਫੈਸਰ ਚੰਦੂਮਾਜਰਾ ਵੱਲ ਆਉਣਾ ਚਾਹੁੰਦਾ ਹਾਂ। ਉਨ੍ਹਾਂ ਨੇ ਇਹ ਕਹਿਕੇ ਇਲਜ਼ਾਮ ਲਗਾਇਆ ਕਿ ਅਸੀਂ ਸਿੱਖ ਫੋਰਮ ਦੇ ਨਾਮ ਤੇ ਕਰੋੜਾਂ ਰੁਪਏ ਇਕੱਠੇ ਕੀਤੇ। ਮੈਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿੱਖ ਫੋਰਮ ਉਦੋਂ ਖੜਾ ਹੋਇਆ ਸੀ ਜਦੋਂ ਸਾਰੇ ਲੀਡਰ ਜੇਲ੍ਹਾਂ ਵਿਚ ਸਨ। ਅਸੀਂ ਦੋ ਕਨਵੀਨਰ ਸੀ। ਇਕ ਮੈਂ ਜਿਹੜਾ ਕਿ ਪੰਜਾਬ ਵਿਚ ਉਸ ਫੋਰਮ ਨੂੰ ਚਲਾ ਰਿਹਾ ਸੀ ਔਰ ਦੂਜਾ ਜਗਜੀਤ ਸਿੰਘ ਅਰੋੜਾ, ਐਮ.ਪੀ. ਦਿੱਲੀ ਅਤੇ ਹੋਰ ਸੂਬਿਆਂ ਵਿਚ ਇਸ ਨੂੰ ਚਲਾ ਰਹੇ ਸਨ। (ਵਿਘਨ) ਲੇਕਿਨ ਜਿਥੋਂ ਤੱਕ ਸਾਡੇ ਫੋਰਮ ਦਾ ਸਵਾਲ ਹੈ। .....

*10.00 A.M. | (ਇਸ ਸਮੇਂ* ਸ਼੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਜਿਥੋਂ ਤੱਕ ਸਾਡੇ ਫੋਰਮ ਦਾ ਸਵਾਲ ਹੈ ..

**Mr Speaker** : Captain Sahib, sorry to interrupt you.

ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਕੈਪਟਨ ਸਾਹਿਬ ਪਰਸਨਲ ਐਕਸਪਲੇਨੇਸ਼ਨ ਤੇ ਬੋਲ ਰਹੇ ਹਨ He had been permitted to speak. ਮੈਂ ਇਹ ਬੇਨਤੀ ਕਰ ਦਿਆਂ ਕਿ ਇਹ ਸਵਾਲ ਜਿਨ੍ਹਾਂ ਮੈਂਬਰ ਸਾਹਿਬਾਨ ਨੇ ਉਠਾਇਆ ਸੀ ਉਸ ਦੇ ਬਾਰੇ ਉਹ ਆਪਣੀ ਪਸਨਲ ਐਕਸਪਲੇਨੇਸ਼ਨ ਦੇਣ। ਤੁਸੀਂ ਪਰਸਨਲ ਐਕਸਪਲੇਨੇਸ਼ਨ ਹੀ ਦੇ ਸਕੋਗੇ, ਉਸ ਤੇ ਸਪੀਚ ਜਾਂ ਡਿਬੇਟ ਨਹੀਂ ਕਰ ਸਕੋਗੇ। ਇਹ ਰੂਲ ਤੁਸੀਂ ਪੜ੍ਹ ਲਓ, ਰੂਲ 56 ਬੜਾ ਕਲੀਅਰ ਹੈ ਕਿ ਤੁਸੀਂ ਕੋਈ ਡਿਬੇਟ ਜਾਂ ਸਪੀਚ ਨਹੀਂ ਕਰ ਸਕਦੇ। Rule 56 is very clear and specific on this issue. You certainly have right to clarify the position.

**ਕੈਪਟਨ ਅਮਰਿੰਦਰ ਸਿੰਘ** : ਮੈਂ ਇਸ ਨੂੰ ਅਲੈਬੋਰੇਟ ਕਰ ਰਿਹਾ ਹਾਂ ਜੀ।

**ਸ਼੍ਰੀ ਸਪੀਕਰ** : ਅਲੈਬੋਰੇਸ਼ਨ ਦੀ ਆਗਿਆ ਨਹੀਂ ਹੋਵੇਗੀ। This is not a Debate.

**Captain Amarinder Singh** : I do not yield. On the other hand ਮੈਂ ਚੰਦੂਮਾਜਰਾ ਸਾਹਿਬ ਨੂੰ ਤੁਹਾਡੇ ਰਾਹੀਂ ਆਖਣਾ ਚਾਹੁੰਦਾ ਹਾਂ ਕਿ ਤੁਸੀਂ ਇਕ ਹਾਈ ਕੋਰਟ ਦੇ ਜੱਜ ਤੋਂ ਇਨਕੁਆਇਰੀ ਕਰਵਾ ਲਓ ਅਗਰ ਇਨ੍ਹਾਂ ਦੇ ਇਲਜ਼ਾਮ ਸਾਬਤ ਹੋ ਜਾਣ ਤਾਂ ਮੈਂ ਹਾਊਸ ਵਿੱਚ ਇਸ ਗੱਲ ਦਾ ਐਲਾਨ ਕਰਨਾ ਚਾਹੁੰਦਾ ਹਾਂ ਕਿ ਮੈਂ ਆਪਣੀ ਸੀਟ ਤੋਂ ਰਿਜ਼ਾਈਨ ਕਰਾਂਗਾ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

(ਵਿਘਨ) ਅਗਰ ਜੱਜ ਦੀ ਇਨਕੁਆਇਰੀ ਵਿੱਚ ਇਹ ਨਿਕਲੇ ਕਿ ਇਨ੍ਹਾਂ ਦੇ ਇਲਜ਼ਾਮ ਝੂਠੇ ਹਨ ਤਾਂ ਕੀ ਇਹ ਅਸਤੀਫਾ ਦੇਣ ਨੂੰ ਤਿਆਰ ਹਨ? ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਫਿਰ ਇਹ ਅਸਤੀਫਾ ਦੇਣਗੇ ?

**ਸ੍ਰੀ ਸਪੀਕਰ** : ਇਹ ਕੋਈ ਪੁੱਛਣ ਦੀ ਲੋੜ ਨਹੀਂ। (ਵਿਘਨ)

**ਕੈਪਟਨ ਅਮਰਿੰਦਰ ਸਿੰਘ** : ਸਪੀਕਰ ਸਾਹਿਬ, ਅਗਲੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੀ ਸਪੀਚ ਜੋ ਹਾਊਸ ਵਿੱਚ ਦਿੱਤੀ ਹੈ, ਮੁੱਖ ਮੰਤਰੀ ਸਾਹਿਬ ਨੇ ਜੋ ਸਪੀਚ ਦਿੱਤੀ ਹੈ ਉਹ ਮੈਂ ਹਾਊਸ ਨੂੰ ਦਿਖਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਪੀਚ ਬਾਰੇ ਸਟੇਟਮੈਂਟ ਜੋ ਇੰਡੀਅਨ ਐਕਸਪ੍ਰੈਸ ਵਿਚ ਆਈ ਹੈ ਉਹ ਤੁਸੀਂ ਦੇਖ ਲਓ ਕਿ ਉਹ ਸਾਰੀਆਂ 186 ਲਾਈਨਾਂ ਬਣੀਆਂ ਹਨ ਔਰ ਉਨ੍ਹਾਂ 186 ਲਾਈਨਾਂ ਵਿਚੋਂ 166 ਲਾਈਨਾਂ ਸਾਡੀ ਪਾਰਟੀ ਤੇ ਲਾਈਆਂ ਹਨ ਅਤੇ ਇਨ੍ਹਾਂ ਵਿਚੋਂ ਮੇਰੇ ਤੇ 76 ਲਾਈਨਾਂ ਲਾਈਆਂ ਹਨ ਔਰ ਸਿਰਫ 18 ਲਾਈਨਾਂ ਗਵਰਨਰ ਐਡਰੈਸ ਤੇ ਲਾਈਆਂ ਹਨ। (ਵਿਘਨ) (ਹਾਸਾ)

**ਸ੍ਰੀ ਸਪੀਕਰ** : ਕੈਪਟਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜੇ ਸਵਾਲ ਤੇ ਤੁਸੀਂ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹੋ ਉਸ ਦੇ ਬਾਰੇ ਬਰੀਫਲੀ ਦੱਸੋ।

**ਕੈਪਟਨ ਅਮਰਿੰਦਰ ਸਿੰਘ** : ਸਪੀਕਰ ਸਾਹਿਬ, ਮੇਰੇ ਤੇ ਇਲਜ਼ਾਮ ਲਗਾਏ ਗਏ ਹਨ ਕਿ ਅਸੀਂ ਅਕਾਲ ਤਖਤ ਸਾਹਿਬ ਨੂੰ ਇਨਵਾਲਵ ਕੀਤਾ ਹੈ ਜਾਂ ਅਸੀਂ ਕੋਈ ਪੋਲੀਟੀਕਲ ਫਾਇਦਾ ਉਸ ਤੋਂ ਉਠਾਉਣਾ ਚਾਹੁੰਦੇ ਹਾਂ। ਸਤੰਬਰ ਵਿੱਚ ਜਦੋਂ ਇਨ੍ਹਾਂ ਨੂੰ ਸੱਦਿਆ ਸੀ ਤਾਂ ਉਦੋਂ ਇਹ ਗਏ ਸਨ। (ਵਿਘਨ)

**Mr. Speaker** : No counter allegation please.

**Captain Amarinder Singh** : I am sorry I cannot yield, Mr. Speaker, I am on my feet.

**ਮੁੱਖ ਮੰਤਰੀ** : ਸਪੀਕਰ ਸਾਹਿਬ, ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜ਼ਨੈਸ ਜੋ ਹੈ ਉਸ ਦੇ ਵਿਚ ਰੂਲ 56 ਜੋ ਹੈ ਉਸ ਵਿੱਚ ਲਿਖਿਆ ਹੈ :—

"Any member may, with the permission of the Speaker, make a personal explanation although there is no question before the Vidhan Sabha Assembly"

Provided that such explanation, if permitted, shall be made at the earliest possible opportunity before the business for the day is entered upon, and shall be limited to the circumstances which are the subject of the explanation and no speech or debate thereon shall be allowed by the Speaker.

**Captain Amarinder Singh** : I do not yield to it. I am on my feet Mr. speaker. I do not accept his explanation

**Mr. Speaker** : The House has to transact other business also.

**ਮੁੱਖ ਮੰਤਰੀ** : ਜਿਹੜੇ ਜੋ ਗੱਲਾਂ ਇਨ੍ਹਾਂ ਕਹੀਆਂ ਹਨ, ਉਦੋਂ ਇਹ ਹਾਊਸ ਵਿੱਚ ਮੌਜੂਦ ਨਹੀਂ ਸੀ ਡੈਮੋਕ੍ਰੇਟਿਕ ਹੁਣ ਹਰਤੇ ਬਾਅਦ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹਨ।

**Mr. Speaker** : Captain Sahib, please be brief and precise.

Original with;
Punjab Vidhan Sabha
Digitized by;
Panjab Digital Library

**ਕੈਪਟਨ ਅਮਰਿੰਦਰ ਸਿੰਘ** : ਸਪੀਕਰ ਸਾਹਿਬ, ਤੁਸੀਂ ਆਪ ਜਾਣਦੇ ਹੋ ਕਿ ਮੇਰੇ ਤੇ ਏਸ ਇਲਜ਼ਾਮ ਲਗਾਏ ਹਨ । ਮੈਂ ਤੁਹਾਡੇ ਚੈਂਬਰ ਵਿਚ ਆ ਕੇ ਕਿਹਾ ਸੀ ਮੈਂ ਚਾਹੁੰਦਾ ਹਾਂ ਕਿ ਐਕਸ-ਪਲਾਨੇਸ਼ਨ ਹਰ ਪੁਆਇੰਟ ਤੇ ਹੋਵੇ । ਇਨ੍ਹਾਂ ਨੇ ਇਲਜ਼ਾਮ ਲਗਾਇਆ ਹੈ ਪਤਾ ਨਹੀਂ ਇਹ ਕਿਸ ਤਰ੍ਹਾਂ ਛੋਟੀਆਂ ਗਲਾਂ ਵਿਚ ਪੈ ਜਾਂਦੇ ਹਨ : ...

**ਸ਼੍ਰੀ ਬ੍ਰਿਜ ਭੂਸ਼ਨ ਮਹਿਰਾ** : ਸਪੀਕਰ ਸਾਹਿਬ, ਕੀ ਇਹ ਇਲਜ਼ਾਮ ਲਾ ਰਹੇ ਹਨ ਜਾਂ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ ?

**Mr. Speaker** : I have allowed him on personal explanation.

**ਕੈਪਟਨ ਅਮਰਿੰਦਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਇਲਜ਼ਾਮ ਸਾਡੇ ਤੇ ਲਾਇਆ ਹੈ। ਇਹ ਛੋਟੇ ਛੋਟੇ ਇਲਜ਼ਾਮਾਂ ਤੇ ਜਾਂਦੇ ਹਨ ਅਸੀਂ ਵੀ ਜਾ ਸਕਦੇ ਹਾਂ ਲੇਕਿਨ ਮੈਂ ਛੋਟੀਆਂ ਗਲਾਂ ਵਿਚ ਨਹੀਂ ਜਾਣਾ ਚਾਹੁੰਦਾ ਅਤੇ ਨਾ ਹੀ ਮੈਂ ਇਨ੍ਹਾਂ ਦੇ ਇਸ ਲੈਵਲ ਤਕ ਜਾਣਾ ਚਾਹੁੰਦਾ ਹਾਂ । ਇਨ੍ਹਾਂ ਨੇ ਹਿਸਟੋਰੀਕਲ ਗਲਾਂ ਕਹੀਆਂ ਹਨ । ਜਿਸ ਤਰ੍ਹਾਂ ਇਨ੍ਹਾਂ ਨੇ ਪਟਿਆਲਾ ਸਟੇਟ ਨੂੰ ਲੈ ਕੇ ਕੁਝ ਗਲਾਂ ਕੋਟ ਕੀਤੀਆਂ ਹਨ, ਉਹ ਜ਼ਮਾਨਾ ਕਿਹੋ ਜਿਹਾ ਸੀ ? ਤੁਹਾਨੂੰ ਪਤਾ ਹੈ ਕਿ ਉਹ ਜ਼ਮਾਨਾ ਬ੍ਰਿਟਿਸ਼ ਰੂਲਜ਼ ਦਾ ਸੀ । ਉਸ ਵੇਲੇ ਦੀਆਂ ਗਲਾਂ ਉਸ ਵੇਲੇ ਨਾਲ ਸਨ । ਸਾਡੇ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ ਲਾਰਡ ਨਾਲ ਟਰੀਟੀ ਸਾਈਨ ਕੀਤੀ ਸੀ, ਅਗਰ ਪਟਿਆਲਾ ਵਾਲਿਆਂ ਨੇ ਕੋਈ ਟਰੀਟੀ ਸਾਈਨ ਕੀਤੀ ਸੀ ਤਾਂ ਕੀ ਨੁਕਸਾਨ ਹੈ। ਦੂਸਰੇ ਇਨ੍ਹਾਂ ਦੇ ਫ਼ਾਦਰ ਤਾਂ ਉਸ ਸਟੇਟ ਵਿਚ ਰੇਵੇਨਿਊ ਆਫ਼ੀਸ਼ਲ ਰਹੇ । ਇਹ ਕਿਉਂ ਉਨ੍ਹਾਂ ਨਾਲ ਲਗੇ ਸਨ ।

**ਸ਼੍ਰੀ ਸਪੀਕਰ** : ਠੀਕ ਹੈ, ਅਗਲਾ ਪੁਆਇੰਟ ਦਸੋ ।

**ਕੈਪਟਨ ਅਮਰਿੰਦਰ ਸਿੰਘ** : ਇਹ ਕਹੀ ਜਾਂਦੇ ਹਨ ਕਿ ਰਾਜਾ ਪਟਿਆਲਾ ਨੇ ਟਰੀਟੀ ਕੀਤੀ। ਮੈਂ ਹਿਸਟਰੀ ਦੁਹਰਾਣਾ ਨਹੀਂ ਚਾਹੁੰਦਾ । ਮੈਂ ਕਹਿੰਦਾ ਹਾਂ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਟਰੀਟੀ ਕੀਤੀ ਸੀ ਕੀ ਉਦੋਂ ਸਿਖਾਂ ਦਾ ਰਾਜ ਨਹੀਂ ਸੀ, ਸਰਦਾਰ ਜਸਾ ਸਿੰਘ ਨੇ ਕਪੂਰਥਲੇ ਦੀ ਟਰੀਟੀ ਕੀਤੀ ਸੀ ਕੀ ਉਹ ਸਿਖ ਰਾਜ ਨਹੀਂ ਸੀ ; ਫਿਰ ਆਲਾ ਸਿੰਘ ਦੇ ਸਮੇਂ ਹੋਇਆ, ਫਿਰ ਰਿਪੁਦਮਣ ਸਿੰਘ ਨੇ ਜੈਤੋਂ ਦਾ ਮੋਰਚਾ ਲਾਇਆ ਕੀ ਉਹ ਸਿਖ ਨਹੀਂ ਸੀ ? ਮੈਂ ਪਹਿਲਾਂ ਕਹਿ ਚੁਕਾ ਹਾਂ ਕਿ ਇਨ੍ਹਾਂ ਦੇ ਫ਼ਾਦਰ ਤਹਿਸੀਲਦਾਰ ਰਹੇ । ਇਹ ਪਟਿਆਲਾ ਦੀ ਗਲ ਕਰਦੇ ਹਨ ਇਹ ਜਿਹੜੇ 5 ਪੁਸ਼ਤਾਂ ਤੋਂ ਉਨ੍ਹਾਂ ਦੇ ਵਫ਼ਾਦਾਰ ਰਹੇ ਜਨਰਲ ਚੰਦਾ ਸਿੰਘ ਉਨ੍ਹਾਂ ਦੀ ਦੋਹਤੀ ਨਾਲ ਇਨ੍ਹਾਂ ਨੇ ਵਿਆਹ ਕੀਤਾ (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਨਵੀਂ ਰਿਸ਼ਤੇਦਾਰੀ ਪਾਉਣ ਲਗੇ ਹਨ ; ਜੇ ਕਲ੍ਹ ਨੂੰ ਕਿਸੇ ਨੇ ਸਾਲਾ ਕਹਿ ਦਿਤਾ ਤਾਂ ਮੁਸ਼ਕਲ ਹੋ ਜਾਵੇਗੀ।

**ਕੈਪਟਨ ਅਮਰਿੰਦਰ ਸਿੰਘ** : ਸਪੀਕਰ ਸਾਹਿਬ ਮੈਂ ਸੀਰੀਅਸ ਗੱਲਾਂ ਤੇ ਆਉਣਾ ਚਾਹੁੰਦਾ ਹਾਂ ਇਕ ਇਲਜ਼ਾਮ ਮੇਰੇ ਤੇ ਇਹ ਲਾਇਆ ਗਿਆ ਹੈ ਕਿ ਮੈਂ ਸਾਰਾ ਕੁਝ ਜੋ ਕੀਤਾ ਹੈ ਉਹ ਇਸ ਲਈ ਕੀਤਾ ਹੈ ਕਿ ਕਿਸੇ ਤਰੀਕੇ ਨਾਲ ਮੈਂ ਸੀ.ਐਮ. ਬਣਾ। ਸਪੀਕਰ ਸਾਹਿਬ ਅਸੀਂ ਜੋ ਸਟੈਂਡ ਲਿਆ ਹੈ, ਤੁਸੀਂ ਜਾਣਦੇ ਹੋ, ਅਤੇ ਬਾਰ ਬਾਰ ਉਸ ਬਾਰੇ ਕਿਹਾ ਹੈ ਅਖਬਾਰਾਂ ਵਿਚ ਆਉਂਦਾ ਰਿਹਾ ਹੈ, ਹਾਊਸ ਵਿਚ ਵੀ ਗਲ ਕਹੀ ਹੈ ਕਿ ਸਾਡੇ ਵਿਚੋਂ ਚੀਫ ਮਨਿਸਟਰ ਬਣਨ ਲਈ ਕੋਈ ਤਿਆਰ ਨਹੀਂ ਹੈ। ਬਰਨਾਲਾ ਸਾਹਿਬ ਨੂੰ ਛੱਡ ਕੇ 73 ਵਿਚੋਂ ਕਿਸੇ ਨੂੰ ਬਣਾ ਦਿਓ । ਅਸੀਂ ਕਿਹਾ ਸਰਦਾਰ ਬਲਵੰਤ ਸਿੰਘ ਨੂੰ ਬਣਾ ਦਿਓ, ਸਾਨੂੰ ਮਨਜ਼ੂਰ ਹੈ ਪਰ ਇਹ ਨਹੀਂ ਮੰਨੇ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਮੈਂ ਤੁਹਾਨੂੰ ਪਰਸਨਲ ਐਕਸਪਲੇਨੇਸ਼ਨ ਤੇ ਬੋਲਣ ਲਈ ਮੌਕਾ ਦਿਤਾ ਹੈ ਨਾ ਕਿ ਸਪੀਚ ਲਈ ।

**ਕੈਪਟਨ ਅਮਰਿੰਦਰ ਸਿੰਘ** : ਅੱਜ ਵੀ ਜਥੇਦਾਰ ਦਰਸ਼ਨ ਸਿੰਘ ਨੇ ਕਿਹਾ ਹੈ ਕਿ 73 ਵਿਚੋਂ ਕਿਸੇ ਨੂੰ ਖੜ੍ਹਾ ਕਰ ਦਿਓ ਕੋਈ ਇਤਰਾਜ਼ ਨਹੀਂ ਦੂਜੇ ਇਹ ਆ ਕੇ ਉਥੇ ਮਾਫ਼ੀ ਮੰਗ ਲੈਣ (ਵਿਘਨ)

ਇਕ ਚਾਰਜ ਲਗਾਇਆ ਹੈ ਕਿ ਮੈਂ ਐਕਸਟ੍ਰਿਮਿਜ਼ਮ ਨੂੰ ਪ੍ਰੋਵੋਕ ਕਰ ਰਿਹਾ ਹਾਂ । ਕੀ ਪ੍ਰੋਵੋਕੇਸ਼ਨ ਦਾ ਮਤਲਬ ਇਹ ਹੈ ਕਿ ਜੋ ਸਿਕਿਉਰਿਟੀ ਫੋਰਸਿਜ਼ ਦੀਆਂ ਕਿਲਿੰਗਜ਼ ਹਨ, ਮੈਂ ਉਨ੍ਹਾਂ ਦੇ ਖਿਲਾਫ਼ ਬੋਲਿਆ ਹਾਂ ਤਾਂ ਮੈਂ ਗੁਨਾਹਗਾਰ ਹਾਂ । ਇਸ ਦੇ ਬਾਰੇ ਕੋਈ ਜੱਜ ਲਗਾਓ ਜੇ ਮੈਂ ਟੈਰੋਰਿਜ਼ਮ ਨੂੰ ਸਪੋਰਟ ਕਰ ਰਿਹਾ ਹਾਂ ਤਾਂ ਮੈਂ, ਐਮ.ਐਲ.ਏ. ਸ਼ਿੱਪ ਛੱਡ ਦਿਆਂਗਾ । ਇਹ ਐਵੇਂ ਸਾਡੇ ਤੇ ਬਾਰ ਬਾਰ ਇਲਜ਼ਾਮ ਲਾਉਂਦੇ ਹਨ ।

**ਸ਼੍ਰੀ ਸਪੀਕਰ** : ਚਲੋ ਇਸ ਦਾ ਸਪਸ਼ਟੀਕਰਨ ਹੋ ਗਿਆ ।

**ਕੈਪਟਨ ਅਮਰਿੰਦਰ ਸਿੰਘ** : ਸਪੀਕਰ ਸਾਹਿਬ, ਇਹ ਸੇਵਾ ਸਿੰਘ ਠੀਕਰੀਵਾਲੇ ਦੀ ਗੱਲ ਕਰਦੇ ਹਨ। ਜਦੋਂ ਵੀ ਕੋਈ ਪਰਸਨਲ ਅਟੈਕ ਕਰਦੇ ਹਨ ਤਾਂ ਸੇਵਾ ਸਿੰਘ ਠੀਕਰੀ ਵਾਲੇ ਨੂੰ ਵਿਚ ਲੈ ਆਉਂਦੇ ਹਨ । ਉਨ੍ਹਾਂ ਦਾ 1935 ਵਿਚ ਦਿਹਾਂਤ ਹੋ ਗਿਆ ਸੀ ਔਰ ਇਸ ਨੂੰ 52 ਸਾਲ ਹੋ ਗਏ ਹਨ। ਇਨ੍ਹਾਂ ਨੂੰ ਨਹੀਂ ਪਤਾ ਸੇਵਾ ਸਿੰਘ ਠੀਕਰੀਵਾਲੇ ਦਾ ਸਾਡੇ ਨਾਲ ਸਬੰਧ ਕੀ ਸੀ । ਸਾਡੇ ਬਜ਼ੁਰਗਾਂ ਦੀ ਜੇਲ੍ਹ ਵਿਚ ਜਦੋਂ ਅੰਤ ਵਿਚ ਜਾ ਰਹੇ ਸਨ ਤਾਂ ਮੇਰੇ ਨਾਨਾ ਜੀ ਨੇ ਉਨ੍ਹਾਂ ਨਾਲ ਇਕ ਕਮਿਟਮੈਂਟ ਕੀਤੀ ਸੀ ਅਤੇ ਜੇਲ੍ਹ ਵਿਚ ਜਾ ਕੇ ਉਨ੍ਹਾਂ ਦਾ ਦਿਹਾਂਤ ਹੋ ਗਿਆ । ਉਨ੍ਹ ਦੀ ਇਕੱਲੀ ਲੜਕੀ ਨਾਲ ਮੇਰੇ ਮਾਮੇ ਦਾ ਵਿਆਹ ਹੋ ਗਿਆ ਸੀ। ਸਾਡੇ ਨਾਲ ਤਾਂ ਉਨ੍ਹਾਂ ਦੀ ਰਿਸ਼ਤੇਦਾਰੀ ਸੀ। ਸੇਵਾ ਸਿੰਘ ਠੀਕਰੀਵਾਲਾ ਦੀ ਇਕ ਕਿਤਾਬ ਹੈ ਪਟਿਆਲਾ ਯੂਨੀਵਰਸਿਟੀ ਦੇ ਵਿਚ ਜਦੋਂ ਮੁੱਖ ਮੰਤਰੀ ਸਾਹਿਬ ਐਜੂਕੇਸ਼ਨ ਮਨਿਸਟਰ ਹੁੰਦੇ ਸਨ, ਉਸ ਦਾ ਫੋਰਵਰਡ ਇਨ੍ਹਾਂ ਨੇ ਲਿਖਿਆ ਸੀ। ਫ਼ੋਰਵਰਡ ਦੇ ਅੰਤ ਵਿਚ ਜੋ ਇਨ੍ਹਾਂ ਨੇ ਫ਼ਾਈਨਲ ਗੱਲ ਦੱਸੀ ਉਹ ਇਹ ਸੀ ਕਿ ਸੇਵਾ ਸਿੰਘ ਠੀਕਰੀਵਾਲਾ ਦਾ ਦਿਹਾਂਤ 1935 ਵਿੱਚ ਹੋਇਆ। ਉਨ੍ਹਾਂ ਦੀਆਂ ਅਰਥੀਆਂ 3 ਸਾਲ ਉਥੇ ਪਟਿਆਲਾ ਦੇ ਗੁਰਦੁਆਰਾ ਸਾਹਿਬ ਦੇ ਵਿੱਚ ਪਈਆਂ ਰਹੀਆਂ ਔਰ 18 ਦਸੰਬਰ ਨੂੰ ਮੇਰੇ ਫਾਦਰ ਨੇ ਅਰਥੀਆਂ ਨੂੰ ਇਕ ਸਰਕਾਰੀ ਦਿਨ ਮਨਾ ਕੇ ਅਰਦਾਸ ਮੋਤੀ ਬਾਗ ਦੇ ਵਿਚ ਕੀਤੀ ਉਸ ਦੇ ਨਾਲ ਫੌਜ ਦੀ ਸਲਾਮੀ ਦਿਤੀ ਗਈ ਔਰ ਫੌਜ ਦੀ ਅਸਕੌਰਟ ਨਾਲ ਇਹ ਠੀਕਰੀਵਾਲੇ ਲਿਜਾ ਕੇ ਅਰਦਾਸ ਨਾਲ ਕਰਕੇ ਫਿਰ ਉਸਨੂੰ ਜਲ ਪ੍ਰਵਾਹ ਕੀਤਾ। ਇਹ ਸਾਡੀ ਫੈਮਿਲੀ ਦਾ ਠੀਕਰੀਵਾਲੇ ਨਾਲ ਕੁਨੈਕਸ਼ਨ ਹੈ। ਅਗਰ ਇਨ੍ਹਾਂ ਨੂੰ ਨਹੀਂ ਪਤਾ ਤਾਂ ਮੈਂ ਇਕੱਲੇ ਇਕੱਲੇ ਨੂੰ ਦੱਸ ਸਕਦਾ ਹਾਂ। ਸੋ, ਸਪੀਚ ਇਹ ਜੋ ਮਰਜ਼ੀ ਕਰਨ ਲੇਕਿਨ ਇਹ ਹਾਊਸ ਨੂੰ ਮਿਸਲੀਡ ਨਾ ਕਰਨ । ਮਿਹਰਬਾਨੀ, ਸਪੀਕਰ ਸਾਹਿਬ । (ਇਸ ਸਮੇਂ ਸਹਿਕਾਰਤਾ ਮੰਤਰੀ ਜੀ ਖੜ੍ਹੇ ਹੋ ਕੇ ਪਰਸਨਲ ਐਕਸਪਲੇਨੇਸ਼ਨ ਲਈ ਇਜਾਜ਼ਤ ਮੰਗ ਰਹੇ ਸਨ)

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਇਕ ਜ਼ਰੂਰੀ ਗੱਲ ਵੱਲ ਦਿਵਾਉਣਾ ਚਾਹੁੰਦਾ ਹੈ। ਪਟਿਆਲੇ ਦੇ ਅੰਦਰ ਕਾਫੀ ਦਿਨਾਂ ਤੋਂ ਕਰਫਿਊ ਚਲ ਰਿਹਾ ਹੈ। ਲੋਕਾਂ ਨੂੰ ਚੀਜ਼ਾਂ ਮੁਹੱਈਆ ਨਹੀਂ ਹੋ ਰਹੀਆਂ ਔਰ ਉਥੇ ਕਈ ਵਾਰਦਾਤਾਂ ਹੋ ਰਹੀਆਂ ਹਨ, ਛੁਰੇਬਾਜ਼ੀ ਦੀਆਂ ਘਟਨਾਵਾਂ ਹੋ ਰਹੀਆਂ ਹਨ, ਸ਼ੰਭੂ ਪ੍ਰਸ਼ਾਦ ਦੀ ਮੌਤ ਤੋਂ ਬਾਦ । ਮੈਂ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਪਟਿਆਲੇ ਵਿਚ ਜੋ ਕੁਝ ਹੋ ਰਿਹਾ ਹੈ ਉਸ ਦੇ ਬਾਰੇ ਸਾਰੇ ਹਾਊਸ ਨੂੰ ਜਾਣੂ ਕਰਾਉਣ, ਕਦੋਂ ਤਕ ਕਰਫਿਊ ਚਲਣਾ ਹੈ, ਲੋਕਾਂ ਦੇ ਅੰਦਰ ਡਰ ਹੈ, ਚੀਫ਼ ਮਨਿਸਟਰ ਸਾਹਿਬ ਵਲੋਂ ਸਟੇਟ-ਮੈਂਟ ਜਿਹੜਾ ਹੈ, ਆਉਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਇਕ ਤਾਂ ਬੇਨਤੀ ਕਰਨੀ ਹੈ ਜੋ ਦੋ ਕਾਲ ਐਟਨਸ਼ਨ ਮੋਸ਼ਨਾਂ ਤੁਸੀਂ ਰਿਜੈਕਟ ਕੀਤੀਆਂ ਹਨ। ਮੈਂ ਉਨ੍ਹਾਂ ਦੇ ਬਾਰੇ ਕਲੈਰੀਫਿਕੇਸ਼ਨ ਚਾਹਵਾਂਗਾ । ਇਕ ਤਾਂ ਬੈਂਸ ਕਮਿਸ਼ਨ ਬਾਰੇ ਰਿਜੈਕਟ ਕੀਤੀ ਹੈ । ਇਹ ਕਿਹਾ ਹੈ :—

"The said Committee was not constituted under the Act nor was it a statutory Committee and its report was not required to be laid on the Table of the House."

ਲੇਕਿਨ ਮੈਂ ਇਕੱਲੀ ਰਿਪੋਰਟ ਵਾਸਤੇ ਨਹੀਂ ਸੀ ਲਿਖਿਆ, ਮੈਂ ਕਿਹਾ ਸੀ ਕਿ ਕੀ ਰਿਪੋਰਟ ਸੀ, ਕਿੰਨੀ ਇੰਪਲੀਮੈਂਟ ਹੋਈ ਕਿੰਨੀ ਰਹਿੰਦੀ ਹੈ। ਅਗਰ ਉਸ ਨੂੰ ਮੇਜ਼ ਤੇ ਨਹੀਂ ਰਖਣਾ ਚਾਹੁੰਦੇ ਜਾਂ ਮੁਲਾਜ਼ਮਾਂ ਨੂੰ ਰਿਹਾ ਨਹੀਂ ਕੀਤਾ ਗਿਆ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਕਾਲ ਅਟੈਨਸ਼ਨ ਇਸ ਕਰਕੇ ਰਿਜੈਕਟ ਕਰ ਦਿਤੀ ਜਾਵੇ ਆਪਣੀ ਇਸ ਸਰਕਾਰ ਨੇ ਹੀ ਕਮੇਟੀ ਬਣਾਈ ਸੀ । ਜਿਹੜਾ ਸਰਕਾਰ ਦਾ ਡਾਇਰੈਕਟਰ ਪ੍ਰਾਸੀਕਿਊਸ਼ਨ ਹੈ ਉਹ ਉਸ ਦਾ ਮੈਂਬਰ ਸੀ । [illegible] ਸੀ। ਇਸ ਕਰਕੇ ਸਰਕਾਰ ਹਾਊਸ ਨੂੰ ਦੱਸੇ ਕਿ ਕਿੰਨੀਆਂ ਉਸ ਨੇ ਰਿਕਮੈਂਡੇਸ਼ਨਜ਼ ਕੀਤੀਆਂ ਔਰ ਕਿੰਨੀਆਂ ਮੰਨੀਆ ਗਈਆਂ। ਜੇਕਰ ਸਾਰੀ ਨਹੀਂ ਤਾਂ ਜੋ ਰੈਲੇਵੈਂਟ ਪੋਰਸ਼ਨ ਹੈ ਉਹ ਦੱਸ ਦੇਣ। ਉਸ ਵਿਚ ਡਿਟੇਲ ਸਾਰੀ ਹੈ। ਅਸੀਂ ਸਾਰੇ ਕਹਿ ਰਹੇ ਹਾਂ, ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਤੁਸੀ ਜੋ ਰਿਜੈਕਟ ਕੀਤੀ ਹੈ ਉਸ ਨੂੰ ਦੁਬਾਰਾ ਐਕਸੈਪਟ ਕਰੋ ਔਰ ਸਰਕਾਰ ਇਸ ਬਾਰੇ ਬਿਆਨ ਦੇਵੇ।

ਦੂਸਰੀ ਇਕ ਹੋਰ ਹੈ। ਇਕ ਮੇਰੀ ਕਾਲ ਅਟੈਂਸ਼ਨ ਇਸ ਕਰਕੇ ਰਿਜੈਕਟ ਕਰ ਦਿੱਤੀ ਕਿ ਡੇਰਾ ਬਾਬਾ ਨਾਨਕ ਵਿਚ ਜੋ ਕਮੇਟੀ ਮਨਿਸਟਰਾਂ ਦੀ ਗਈ ਸੀ .....

**ਡਾਕਟਰ ਕੇਵਲ ਕ੍ਰਿਸ਼ਨ** (ਬੈਠੇ ਬੈਠੇ): ਕੀ ਇਹ ਪੁਆਇੰਟ ਆਫ ਆਰਡਰ ਤੇ ਹਨ ਜਾਂ ਇਨ੍ਹਾਂ ਸਪੀਚ ਕਰਨੀ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ**: ਇਹ ਗੱਲਾਂ ਠੀਕ ਹਨ, ਤੁਹਾਨੂੰ ਇਸ ਲਈ ਚੁਭਦੀਆਂ ਹਨ। ਮੈਂ ਸਪੀਕਰ ਸਾਹਿਬ ਡੇਰਾ ਬਾਬਾ ਨਾਨਕ ਬਾਰੇ ਜ਼ਿਕਰ ਕੀਤਾ ਸੀ।

ਉਸ ਵਿਚ ਮੈਂ ਬ੍ਰਹਮਪੁਰਾ ਕਾਂਡ ਦਾ ਵੀ ਜ਼ਿਕਰ ਕੀਤਾ ਸੀ। ਅਗਰ ਪਹਿਲੇ ਦਾ ਜਵਾਬ ਇਹ ਨਹੀਂ ਦੇ ਸਕਦੇ ਤਾਂ ਬ੍ਰਹਮਪੁਰਾ ਕਾਂਡ ਦਾ ਹੀ ਜਵਾਬ ਇਸ ਹਾਊਸ ਵਿਚ ਆ ਜਾਵੇ । ਇਸ ਲਈ ਮੈਂ ਫਿਰ ਬੇਨਤੀ ਕਰਾਂਗਾ ਕਿ ਇਹ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਕੀਤੀ ਹੈ, ਇਸ ਤੇ ਸਰਕਾਰ ਨੂੰ ਕਹੋ ਕਿ ਬਿਆਨ ਦੇਵੇ।

ਤੀਸਰੀ ਮੇਰੀ ਬੇਨਤੀ ਇਹ ਹੈ ਕਿ ......

**ਸ੍ਰੀ ਸਪੀਕਰ** : ਇਕ ਪੁਆਇੰਟ ਆਫ ਆਰਡਰ ਹੈ ......

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਉਸ ਦੇ ਤਿੰਨ ਪੁਆਇੰਟਸ ਹਨ। ਤੁਸੀਂ ਰਿਜੈਕਟ ਕਰ ਦਿੱਤੇ ਹਨ। ਦੂਸਰਾ ਮੈਂ ਇਕ ਪ੍ਰਿਵੇਲਜ ਮੋਸ਼ਨ ਵੀ ਦਿੱਤੀ ਸੀ ਜੋ ਤੁਸੀਂ ਸੰਧੂ ਸਾਹਿਬ ਦੇ ਬਾਰੇ ਡਸੀਜ਼ਨ ਦਿੱਤਾ ਸੀ ਔਰ ਤੁਸੀ ਸਿਰਫ ਇਸ ਗੱਲ ਤੇ ਰਿਜੈਕਟ ਕਰ ਦਿੱਤੀ ਕਿ ਇਹ ਮਾਮਲਾ ਕੋਰਟ ਵਿਚ ਹੈ ......

**ਵਿੱਤ ਮੰਤਰੀ**: ਤੁਸੀਂ ਬਜਟ ਤੇ ਕਹਿ ਲੈਣਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਤੁਸੀਂ ਜਵਾਬ ਦਿਓ। ਤੁਸੀਂ ਕਾਲ ਅਟੈਨਸ਼ਨ ਮੋਸ਼ਨ ਤੇ ਜਵਾਬ ਦੇਣ ਨੂੰ ਤਿਆਰ ਕਿਉਂ ਨਹੀਂ ?

**ਸ੍ਰੀ ਸਪੀਕਰ** : ਤੁਸੀਂ ਕਾਲ ਅਟੈਸ਼ਨ ਮੋਸ਼ਨ ਤੇ ਪੁਆਇੰਟ ਆਫ ਆਰਡਰ ਰੇਜ਼ ਕੀਤੇ ਹਨ ਅਤੇ ਪ੍ਰਿਵਿਲਜ ਮੋਸ਼ਨ ਦੀ ਵੀ ਗੱਲ ਕੀਤੀ ਹੈ। ਕਾਲ ਅਟੈਨਸ਼ਨ ਮੋਸ਼ਨ ਇਸ ਕਰਕੇ ਰਿਜੈਕਟ ਹੋ ਗਈ ਸੀ ਕਿਉਂਕਿ ਕੁਐਸ਼ਚਨ ਨੰਬਰ 477 ਆਲਰੈਡੀ ਐਡਮਿਟ ਹੋ ਗਿਆ ਸੀ। ਜਿਹੜੀ ਤੁਸੀਂ ਪ੍ਰਿਵਿਲਜ ਮੋਸ਼ਨ ਵਿਚੋਂ ਮੈਨੂੰ ਸਾਹਿਬ ਦੇ ਬਾਰੇ ਕਿਹਾ ਹੈ ਕਿ 500 ਰੁਪਏ ਜੁਰਮਾਨਾ ਕੀਤਾ ਹੈ ਇਹ ਮੈਂ ਐਜ਼ ਏ ਸਪੀਕਰ ਕੀਤਾ ਹੈ।

I have already informed that no privilege issue can be raised against the Speaker. The writ has been filed and the matter has become sub-judice . So that matter cannot be discussed now.

ਇਸ ਕੇਸ ਬਾਰੇ ਮੈਂ ਪਹਿਲਾਂ ਵੀ ਕਈ ਅਥਾਰਿਟੀਜ਼ ਕੋਟ ਕਰ ਚੁਕਾ ਹਾਂ। ਮੈਸੂਰ ਲੈਜਿਸਲੇਟਿਵ ਅਸੈਂਬਲੀ ਦੀਆਂ ਪੋਸੀਡਿੰਗਜ਼ ਵੀ ਇਸ ਬਾਰੇ ਹਨ।

According to these proceedings also, no question of breach of privilege can be raised against the Speaker. Your call Attention Motion was disallowd on that score.

**ਸ੍ਰੀ ਰਘੁਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੈਂ ਵੀ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਬਹੁਤ ਜ਼ਰੂਰੀ ਸੀ, ਤੁਸੀਂ ਰਿਜੈਕਟ ਕਰ ਦਿੱਤੀ ਹੈ। ਇਹ ਐਡਮਿਟ ਕੀਤੀ ਜਾਣੀ ਚਾਹੀਦੀ ਹੈ।

**ਸ੍ਰੀ ਸਪੀਕਰ** : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਵਿਚਾਰ ਕਰ ਲਵਾਂਗੇ।

**ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ** : ਸਪੀਕਰ ਸਾਹਿਬ, ਸਾਡੀ ਕਾਲ ਅਟੈਨਸ਼ਨ ਮੋਸ਼ਨ ਵਿਚ 200 ਕਰੋੜ ਰੁਪਏ ਦਾ ਮਸਲਾ ਹੈ ਥੀਨ ਡੈਮ ਦੇ ਬਾਰੇ ਵਿਚ। 500 ਕਰੋੜ ਰੁਪਏ ਵਿਚੋਂ 200 ਕਰੋੜ ਰੁਪਏ ਦੀ ਕੁਰਪਸ਼ਨ ਹੋ ਜਾਵੇ ਔਰ ਇਨ੍ਹਾਂ ਦੇ ਰਿਸ਼ਤੇਦਾਰ ਮਿਲ ਕੇ ਖਾ ਜਾਣ (ਵਿਘਨ) ਇਸ ਤਰ੍ਹਾਂ ਦੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋਣੀ ਚਾਹੀਦੀ ਹੈ।

**ਸ੍ਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਜਦੋਂ ਅਸੀਂ ਐਮ. ਐਲ. ਏ. ਬਣੇ ਸੀ ਤਾਂ ਸਾਨੂੰ ਸਪੀਕਰ ਸਾਹਿਬ ਨੇ ਐਮ.ਐਲ. ਏ. ਫਲੈਟਸ ਅਲਾਟ ਕੀਤੇ ਸਨ, ਪਰ ਹਾਲੇ ਤਕ ਉਹ ਖਾਲੀ ਨਹੀਂ ਹੋਏ ਔਰ ਉਹ ਸਾਨੂੰ ਨਹੀਂ ਮਿਲ ਸਕੇ। ਉਨ੍ਹਾਂ ਵਿਚ ਕੋਈ ਹੋਰ ਆਦਮੀ ਰਹਿ ਰਹੇ ਹਨ। ਇਸ ਪੁਆਇੰਟ ਆਫ ਆਰਡਰ ਦੇ ਰਾਹੀਂ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਤੁਹਾਡੇ ਨਾਲ ਸਬੰਧਤ ਮਸਲਾ ਹੈ। ਇਹ ਫਲੈਟ ਤੁਸੀਂ ਖਾਲੀ ਕਰਵਾ ਕੇ ਲੈਕੇ ਦਿਓ। ਇਸ ਤੇ ਕੋਈ ਕਾਰਵਾਈ ਕਰੋ ਤਾਕਿ ਇਹ ਫਲੈਟ ਸਾਨੂੰ ਮਿਲਣ।

**ਸ੍ਰੀ ਸਪੀਕਰ** : ਇਸ ਬਾਰੇ ਮੈਂ ਕਹਿਣਾ ਚਾਹਵਾਂਗਾ ਕਿ ਇਹ ਕੁਝ ਐਕਸ ਲੈਜਿਸਲੇਟਰਜ਼ ਨੇ ਫਲੈਟਸ ਲਏ ਹੋਏ ਹਨ । ਇਹ ਖਾਲੀ ਕਰਵਾਉਣ ਬਾਰੇ ਨੋਟਿਸ ਵੀ ਦਿਤਾ ਹੈ ਪਰ ਖਾਲੀ ਨਾ ਹੋਣ ਤੇ ਲਿਟੀਗੇਸ਼ਨ ਸਟਾਰਟ ਕਰ ਦਿੱਤੀ ਹੈ। ਇਸ ਲਈ ਇਹ ਮਾਮਲਾ ਅਦਾਲਤ ਵਿਚ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਬ੍ਰਿਜ ਭੂਸ਼ਨ ਮਹਿਰਾ** : ਸਪੀਕਰ ਸਾਹਿਬ, ਇਹ ਜੋ ਸਰਕਾਰੀਆ ਕਮਿਸ਼ਨ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰਖੀ ਹੈ ਇਸ ਦੀ ਕਾਪੀ ਸਾਰੇ ਮੈਂਬਰਾਂ ਨੂੰ ਭੇਜੀ ਜਾਵੇ ਤਾਕਿ ਅਸੀਂ ਸਾਰੇ ਪੜ੍ਹ ਸਕੀਏ। ਜਦੋਂ ਕਾਪੀ ਸਦਨ ਦੀ ਮੇਜ਼ ਤੇ ਰਖ ਦਿੱਤੀ ਹੈ ਤਾਂ ਇਹ ਹਾਉਸ ਦਾ ਡਾਕੂਮੈਂਟ ਹੋ ਜਾਂਦਾ ਹੈ। ਜੇ ਇਸ ਦੀ ਕਾਪੀ ਸਾਨੂੰ ਮਿਲ ਜਾਵੇ ਤਾਂ ਇਸ ਨੂੰ ਪੜ੍ਹ ਕੇ ਅਸੀਂ ਬਜਟ ਤੇ ਬੋਲਣ ਵੇਲੇ ਆਪਣਾ ਰਿਫਲੈਕਸ਼ਨ ਦੇ ਸਕਾਂਗੇ।

**ਸ੍ਰੀ ਸਪੀਕਰ** : ਇਸ ਬਾਰੇ ਇਸ ਤਰ੍ਹਾਂ ਕਰਦੇ ਹਾਂ ਕਿ ਲਾਇਬ੍ਰੇਰੀ ਵਿਚ ਇਸ ਦੀਆਂ ਕਾਪੀਆਂ ਰਖਵਾ ਦਿੰਦੇ ਹਾਂ, ਜਿਹੜੇ ਵੇਖਣਾ ਚਾਹੁਣ ਜਾਕੇ ਵੇਖ ਸਕਦੇ ਹਨ।

**ਸ੍ਰੀ ਅਸ਼ਵਨੀ ਸੇਖੜੀ** : ਸਪੀਕਰ ਸਾਹਿਬ, ਐਮ.ਐਲ.ਏ. ਫਲੈਟਸ ਵਿਚ ਐਕਸ ਲੈਜਿਸਲੇਟਰਜ਼ ਬੈਠੇ ਹੋਏ ਹਨ ਅਤੇ ਤੁਸੀਂ ਆਰਡਰਜ਼ ਵੀ ਪਾਸ ਕਰ ਦਿੱਤੇ ਕਿ ਉਹ ਖਾਲੀ ਕਰ ਦੇਣ ਪਰ ਉਨ੍ਹਾਂ ਨੇ ਕੀਤੇ ਨਹੀਂ ਹਨ। ਅਗਰ ਤੁਸੀਂ ਲਿਟੀਗੇਸ਼ਨ ਵਿਚ ਪੈ ਗਏ ਤਾਂ 2-3 ਸਾਲ ਹੋਰ ਨਿਕਲ ਜਾਣੇ ਹਨ। ਔਰ ਨਵੇਂ ਲੈਜਿਸਲੇਟਰਜ਼ ਫਿਰ ਰਹਿ ਜਾਣਗੇ।

**ਸ੍ਰੀ ਸਪੀਕਰ** : ਮੈਂ ਇਸ ਮਾਮਲੇ ਵਿਚ ਲੀਡਰ ਆਫ ਆਪੋਜ਼ੀਸ਼ਨ ਦੀ ਸਹਾਇਤਾ ਚਾਹੁੰਦਾ ਹਾਂ ਤਾਂ ਕਿ ਉਨ੍ਹਾਂ ਐਕਸ ਲੈਜਿਸਲੇਟਰਜ਼ ਉਤੇ ਮੌਰਲ ਪ੍ਰੈਸ਼ਰ ਪਾਇਆ ਜਾ ਸਕੇ ਔਰ ਫਲੈਟਸ ਖਾਲੀ ਹੋ ਸਕਣ ਅਤੇ ਨਵੇਂ ਲੈਜਿਸਲੇਟਰਜ਼ ਨੂੰ ਫਲੈਟਸ ਮਿਲ ਸਕਣ।

**ਪੰਡਿਤ ਮੋਹਨ ਲਾਲ** : ਸਪੀਕਰ ਸਾਹਿਬ, ਸਾਡੀ ਪਾਰਟੀ ਵੀ ਉਤਨੀ ਸੈਨਸੇਟਿਵ ਹੈ ਜਿਤਨੇ ਤੁਸੀਂ ਹੋ। ਉਨ੍ਹਾਂ ਫਲੈਟਸ ਵਿਚ ਚਾਹੇ ਐਕਸ ਕਾਂਗਰਸ ਦੇ ਲੈਜਿਸਲੇਟਰਜ਼ ਬੈਠੇ ਹੋਏ ਹਨ ਉਨ੍ਹਾਂ ਦੇ ਖਿਲਾਫ ਸਟ੍ਰਿੰਜੈਂਟ ਮਈਅਰਜ਼ ਲਏ ਜਾਣ । ਲਿਟੀਗੇਸ਼ਨ ਨਾਲ ਹੋਰ ਟਾਈਮ ਲਗ ਜਾਵੇਗਾ ਉਨ੍ਹਾਂ ਤੋਂ ਫਿਜ਼ੀਕਲੀ ਜਾਂ ਹੋਰ ਮਈਅਰਜ਼ ਅਡਾਪਟ ਕਰਕੇ ਫਲੈਟਸ ਖਾਲੀ ਕਰਵਾਏ ਜਾਣ। ਇਹ ਬੜਾ ਸੀਰੀਅਸ ਮਾਮਲਾ ਹੈ ਅਤੇ ਸਾਰੇ ਪੁਰਾਣੇ ਐਮ. ਐਲ. ਏਜ਼ ਨੂੰ ਅਲਾਟ ਹੋਏ ਹਨ, ਪਰ ਹੁਣ ਉਥੇ ਉਨ੍ਹਾਂ ਦਾ ਸਬੰਧ ਨਹੀਂ ਹੈ ਅਤੇ ਉਹ ਮੌਜ ਵਿਚ ਬੈਠੇ ਹੋਏ ਹਨ। ਉਨ੍ਹਾਂ ਨੇ ਫਲੈਟਸ ਕਿਸੇ ਨੇ ਕਿਸੇ ਨੂੰ ਦਿਤਾ ਹੋਇਆ ਹੈ ਅਤੇ ਕਿਸੇ ਨੇ ਕਿਸੇ ਹੋਰ ਨੂੰ ਦਿਤਾ ਹੋਇਆ ਹੈ। ਉਹ ਚਾਹੇ ਕਿਸੇ ਪਾਰਟੀ ਨਾਲ ਸਬੰਧਤ ਹੋਵੇ, ਤੁਸੀਂ ਉਨ੍ਹਾ ਤੋਂ ਫਲੈਟਸ ਫਿਜ਼ੀਕਲੀ ਖਾਲੀ ਕਰਵਾਓ।

**ਸ੍ਰੀ ਸਪੀਕਰ** : ਅਸੀ ਕਾਨੂੰਨ ਨੂੰ ਆਪਣੇ ਹੱਥ ਵਿਚ ਨਹੀਂ ਲੈ ਸਕਦੇ।

**ਸ੍ਰੀ ਬ੍ਰਿਜ਼ ਭੂਸ਼ਨ ਮਹਿਰਾ** : ਸਪੀਕਰ ਸਾਹਿਬ, ਫਲੈਟਸ ਜਿਸ ਨੂੰ ਅਲਾਟ ਕੀਤੇ ਹੋਏ ਹਨ ਉਸ ਵਿਚ ਉਹ ਹੀ ਰਹਿ ਸਕਦਾ ਹੈ ਦੂਸਰਾ ਨਹੀਂ ਰਹਿ ਸਕਦਾ ਅਗਰ ਕੋਈ ਉਸ ਵਿਚ ਦੂਸਰਾ ਰਹਿੰਦਾ ਹੈ ਤਾਂ ਤੁਸੀਂ ਉਸ ਤੋਂ ਐਵਿਕਟ ਕਰਵਾ ਸਕਦੇ ਹੋ ਔਰ ਇਹ ਕੋਈ ਲੰਬਾ ਪ੍ਰੋਸੀਜਰ ਨਹੀਂ ਹੈ। ਤੁਸੀਂ ਲੀਗਲ ਪ੍ਰੋਸੀਡਿੰਗਜ਼ ਸ਼ੁਰੂ ਕਰੋ ਅਤੇ ਸਰਵੇ ਕਰਵਾਓ ਕਿ ਜਿਸ ਨੂੰ ਇਹ ਫਲੈਟ ਅਲਾਟ ਸਨ ਉਨ੍ਹਾਂ ਵਿਚ ਕੀ ਉਹ ਰਹਿ ਰਹੇ ਹਨ ਜਾਂ ਨਹੀਂ। ਜੇਕਰ ਉਹ ਨਹੀਂ ਰਹਿੰਦਾ ਤਾਂ ਉਸ ਕੋਲੋਂ ਇਮੀਜੇਟਲੀ ਖਾਲੀ ਕਰਵਾਓ।

***Mr. Speaker*** : Now we will take up Call Attention Motions.

---

Original with;
Punjab Vidhan Sabha
Digitized by;
Panjab Digital Library

## CALL ATTENTION NOTICES UNDER RULE 66

(Serial No. 36)

**Shri Ram Kishan Kataria**
**Shri Romesh Chander Dogra**
**Sardar Parkash Singh Garhdiwala** : Sir, I beg to draw the attention of the Government towards a matter of urgent public importance, namely, extreme resentment prevailing amongst the people of Kandi area of Hoshiarpur District, on account of almost total discontinuation of buses of Punjab Roadways/Private buses plying on link roads especially those issued in the year 1983 to 1985 in Garhdiwala constituency.

The people of Kandi area, are in very agitated mood because of withdrawal of transport facilities which were otherwise available since years together. It is feared that an agitation may be launched by them.

Keeping in view the urgency of the matter as also the responsibility of the Government providing transport facilities to all citizens, the Minister concerned may pleased be asked to make a statement in the House in this behalf.

**Minister of State for Transport (Sardar Hardipinder Singh)** : In all, 96 route permits have been issued in Kandi Area falling in the constituencies of Balachaur, Gardhiwala and Dasuya of Hoshiarpur district. Out of them 24 route permits have been issued during the year 1983 to 1985. The General Manager, Punjab Roadways, Hoshiarpur is operating scheduled bus services in Gardhiwala-Dasuya and Balachaur constituency regularly except on Hoshiarpur-Dholbaha-Barikhad. The road portion from Dholbaha to Barikhad is closed due to construction of Dholbaha Dam. In Balachaur constituency Punjab Roadways, Hoshiarpur is operating regularly on Hoshiarpur-Chandigarh via Balachaur routes.

The General Manager, Punjab Roadways, Pathankot, Hoshiarpur and Ropar are operating bus services on Chandigarh-Pathankot via Hoshiarpur-Balachaur-Gardhiwala route regularly.

The Punjab Roadways, Nawanshehar, has not discontinued any scheduled bus service in Balachaur constituency of Hoshiarpur district but curtailed operation on the portion of the following routes being unmotorable:—

| | |
|---|---|
| (1) Balachaur- Malewal Kandi | (This route is being operated from Balachaur to Bhaddi, because the road from Malewal to Bhaddi (11 Kms)) is unmotorable.) |
| (2) Malewal-Kandi-Chandigarh via Bhaddi-Kathgarh-Thopia, Ropar. | (The road portion from Malewal to Bhaddi(17Kms) is unmotorable. The service is operated between Bhaddi to Chandiagarh. |
| (3) Nawanshehar-Makhupur via Majari | (This route is being operated from Nawanshehar to Chaniani because the portion of the road from Chaniani to Makhupur (3Kms) is unmotorable). |

Original with;
Punjab Vidhan Sabha
Digitized by;
Panjab Digital Library

[Minister of State for Transport]

| | |
|---|---|
| (4) Chandigarh-Rattewal via Ropar, Kathgarh. | (This route is being operated from Balachaur to Chandigarh as the Road from Rattewal to Thopia Maur is not motorable). |

The Jalandhar-I and Nawanshehar Depots are operating their scheduled routes exept undermentioned routes :—

| | |
|---|---|
| (1) Tanda-Gardhiwala via Khuda | Punjab Roadways, Jalandhar-I |
| (2) Tanda-Dholbaha | Punjab Roadways, Jalandhar-I |
| (3) Hoshiarpur-Dholbaha | Punjab Roadways, Nawanshehar |
| (4) Hoshiarpur-Itbarpur | |
| (5) Hoshiarpur-Barikhad | |
| (6) Hoshiarpur-Baroohi | |

The above routes have been stopped due to non-availability of fleet. However, public is not to put to inconveience as sufficient bus services are available by different depots. As soon as position of fleet improves scheduled routes will be put in operation. Government does not encourage un-scheduled routes.

Due to above facts there is no cause of public concern.

**ਸ਼੍ਰੀ ਰਾਮ ਕਿਸ਼ਨ ਕਟਾਰੀਆ** : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਵੀ ਇਕ ਕੁਐਸ਼ਚਨ ਵਿਚ ਪਾਰਲੀਆਮੈਂਟਰੀ ਸੇਕਟਰੀ ਤੇ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਸੀ। ਮੈਨੂੰ ਹਾਊਸ ਵਿਚ ਇਹ ਕਹਿਕੇ ਝੂਠ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਮਲੇਵਾਲ, ਸਪੀਕਰ ਸਾਹਿਬ, ਅੱਜ ਵੀ ਚੰਡੀਗੜ੍ਹ ਤੋਂ ਬੱਸ ਚੱਲ ਰਹੀ ਹੈ। ਅਸਲ ਗੱਲ ਇਹ ਹੈ ਕਿ ਬਸਾਂ ਚਲਦੀਆਂ ਹਨ, ਜੇਕਰ ਮੈਸੇ ਜ਼ਿਆਦਾ ਆ ਜਾਣ। ਮਲੇਵਾਲ ਨੂੰ ਸੜਕ ਵੀ ਜਾਂਦੀ ਹੈ। ਇਹ ਗਲ ਬਿਲਕੁਲ ਸਪਸ਼ਟ ਹੋ ਗਈ ਹੈ। ਸਪੀਕਰ ਸਾਹਿਬ, ਜੀ. ਐਮ. ਨੂੰ ਬੁਲਾਇਆ ਗਿਆ ਸੀ ਔਰ ਮੈਂ ਵੀ ਉਥੇ ਮੌਜੂਦ ਸੀ। ਮੈਂ ਕਿਹਾ ਕਿ ਪੀ. ਡਬਲੀਊ. ਡੀ. ਵਾਲਿਆਂ ਨੇ ਇਹ ਨਹੀਂ ਕੀਤਾ। ਸੜਕਾਂ ਦੇ ਬਾਰੇ ਇਹ ਨਹੀਂ ਕੀਤਾ। ਪਿੰਡ ਵਾਲਿਆਂ ਨੂੰ ਕਿਹਾ ਅਸੀਂ ਠੀਕ ਕਰਾ ਲਵਾਂਗੇ। ਬੇਸ਼ਕ ਅੱਜ ਮੰਤਰੀ ਜੀ ਵੈਰੀਫਿਕੇਸ਼ਨ ਕਰਾ ਲੈਣ ਕਿ ਉਥੇ ਸੜਕ ਠੀਕ ਹੈ। ਜੇਕਰ ਕੋਈ ਸੇਮ ਵਗੈਰਾ ਹੈ ਤਾਂ ਸੜਕ ਚਾਲੂ ਹੋ ਜਾਵੇਗੀ ਉਥੇ, ਸਪੀਕਰ ਸਾਹਿਬ, ਪੰਜ ਬਸ ਰੂਟਸ ਹਨ। (ਵਿਘਨ)

**ਸ਼੍ਰੀ ਸਪੀਕਰ** : ਤੁਸੀਂ ਸਪਲੀਮੈਂਟਰੀ ਲੰਬਾ ਕਰ ਦਿਤਾ ਹੈ।

**ਸ਼੍ਰੀ ਰਾਮ ਕਿਸ਼ਨ ਕਟਾਰੀਆ** : ਸਪੀਕਰ ਸਾਹਿਬ, ਜੋ ਮਨਿਸਟਰ ਸਾਹਿਬ ਨੇ ਕਿਹਾ ਹੈ ਮੈਂ ਉਸ ਦੀ ਕਲੈਰੀਫਿਕੇਸ਼ਨ ਤਾਂ ਲੈਣੀ ਹੀ ਹੈ ਜੋ ਜਵਾਬ ਦਿਤਾ ਗਿਆ ਹੈ ਡਕਾਲਾ, ਡੰਡੂਵਾਲੀ ਫਤੇਵਾਲ ਵਾਲੀਆਂ ਬੱਸਾਂ ਬਿਲਕੁਲ ਨਹੀਂ ਚਲਦੀਆਂ। 7-8 ਰੂਟਸ ਹਨ, ਜਿਹੜੇ ਸਪੀਕਰ ਸਾਹਿਬ, ਬਿਲਕੁਲ ਬੰਦ ਹਨ। ਲੋਕਾਂ ਨੂੰ 8-9 ਕਿਲੋਮੀਟਰ ਸਾਮਾਨ ਸਿਰ ਤੇ ਚੁਕ ਕੇ ਬੱਸ ਸਟੈਂਡ ਤੱਕ ਜਾਣਾ ਪੈਂਦਾ ਹੈ। ਹਾਊਸ ਵਿਚ ਇਹ ਸਾਡਾ ਮਜ਼ਾਕ ਉਡਾ ਰਹੇ ਹਨ। ਇਥੇ ਗਰੀਬ ਲੋਕਾਂ ਦੀ ਗੱਲ ਕਰਨੀ ਪੈਂਦੀ

Original with;
Punjab Vidhan Sabha
Digitized by;
Panjab Digital Library

ਹੈ। ਦੂਜੇ ਪਾਸੇ ਕੋਈ ਇਸ ਗੱਲ ਨੂੰ ਮਹਿਸੂਸ ਹੀ ਨਹੀਂ ਕਰਦਾ। ਮੈਂ ਹਾਊਸ ਵਿਚ ਅਸ਼ੋਰੈਂਸ ਦੇਣ ਨੂੰ ਤਿਆਰ ਹਾਂ ਕਿ ਉਥੇ ਕੋਈ ਰੁਕਾਵਟ ਨਹੀ ਹੈ ਔਰ ਉਥੇ ਬੱਸ ਚਲ ਸਕਦੀ ਹੈ। ਪਹਿਲਾਂ ਸਪੀਕਰ ਸਾਹਿਬ, ਉਥੇ ਬੱਸਾਂ ਚਲਦੀਆਂ ਰਹੀਆ ਹਨ। ਲੋਕਾਂ ਦੀ ਪ੍ਰੇਸ਼ਾਨੀ ਨੂੰ ਇਥੇ ਮਜ਼ਾਕ ਵਿਚ ਉਡਾਇਆ ਜਾ ਰਿਹਾ ਹੈ। ਜੇਕਰ ਸੜਕ ਠੀਕ ਨਹੀਂ ਹੈ ਤਾਂ ਪੀ. ਡਬਲਿਊ. ਡੀ. ਵਾਲਿਆ ਦੀ ਜ਼ਿੰਮੇਵਾਰੀ ਹੈ ਜਾ ਕਿਸੇ ਹੋਰ ਮਹਿਕਮੇ ਦੀ ਜ਼ਿੰਮੇਵਾਰੀ ਹੈ। ਹਰ ਮਹਿਕਮਾ ਆਪਣੇ ਫਰਜ਼ ਨੂੰ ਮਹਿਸੂਸ ਨਹੀਂ ਕਰਦਾ। ਜੇਕਰ ਪੈਸਾ ਨਹੀ ਦਿੰਦੇ ਤਾਂ ਅਸੀਂ ਕੀ ਕਰੀਏ ? ਅਸੀ ਖੁਦ ਰਿਸਪਾਂਸੀਬਿਲਿਟੀ ਓਨ ਕੀਤੀ ਹੈ। ਸਪੀਕਰ ਸਾਹਿਬ, ਮੰਤਰੀ ਜੀ ਬੱਸ ਉਥੇ ਚਲਾਉਣ ਔਰ ਸੜਕ ਅਸੀਂ ਠੀਕ ਕਰ ਲਵਾਂਗੇ।

**ਰਾਜ ਮੰਤਰੀ, ਟਰਾਂਸਪੋਰਟ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਖੜਾ ਲੰਬਾ ਚੌੜਾ ਭਾਸ਼ਣ ਦੇ ਦਿੱਤਾ ਹੈ। ਇਹ ਉਰਿਜਨਲੀ ਕਾਲ ਅਟੈਨਸ਼ਨ ਮੋਸ਼ਨ ਸੀ। 1983 ਤੋਂ 1985 ਤਕ ਕੁਝ ਬੱਸ ਸਰਵਿਸ ਸਸਪੈਂਡ ਕਰਾਏ ਪਰ ਅਸੀਂ ਕੋਈ ਬੱਸ ਸਰਵਿਸ ਸਸਪੈਂਡ ਨਹੀਂ ਕੀਤੀ। ਬੱਸ ਸਰਵਿਸ ਕਝ ਕਰਟੇਲ ਕੀਤੀ ਹੈ। ਉਹ ਵੀ ਉਥੇ ਜਿਥੇ ਕਿ ਸੜਕ ਖਰਾਬ ਹੈ। ਸਪੀਕਰ ਸਾਹਿਬ, 3 ਕਿਲੋਮੀਟਰ 11 ਕਿਲੋਮੀਟਰ ਅਤੇ 17 ਕਿਲੋਮੀਟਰ ਸਾਰੇ ਬ੍ਰੇਕ ਮੈਂਬਰ ਸਾਹਿਬ ਦੱਸਦੇ ਹਨ । ਮੈਂ ਭਾਂ ਸਾਰਾ ਕੁਝ ਵੈਰੀਫਿਕੇਸ਼ਨ ਤੋਂ ਬਾਅਦ ਹੀ ਦਸਿਆ ਹੈ । ਸੜਕ ਖਰਾਬ ਹੋਣ ਕਰਕੇ ਹੀ ਕੁਝ ਬੱਸ ਸਰਵਿਸ ਕਰਟੇਲ ਕੀਤੀ ਗਈ ਹੈ। ਵੈਸੇ ਬੱਸ ਸਰਵਿਸ ਚਲ ਰਹੀ ਹੈ।

**ਸ਼੍ਰੀ ਰਮੇਸ਼ ਚੰਦਰ ਡੋਗਰਾ :** ਸਪੀਕਰ ਸਾਹਿਬ, ਅਸਲ ਵਿੱਚ ਗੱਲ ਇਹ ਹੈ ਕਿ ਜਿਸ ਤਨ ਲਗੇ, ਸੋ ਤਨ ਜਾਨੇ। ਅਸਲ ਵਿੱਚ ਮਨਿਸਟਰ ਸਾਹਿਬ ਦਾ ਵੀ ਕੋਈ ਕਸੂਰ ਨਹੀਂ ਹੈ ਅਤੇ ਨਾ ਹੀ ਅਫਸਰ ਸਾਹਿਬਾਨ ਦਾ, ਕਿਉਂਕਿ ਸਾਰੇ ਕਾਰਾਂ ਵਿੱਚ ਜਾਂਦੇ ਹਨ। ਮੁਸੀਬਤ ਉਨ੍ਹਾਂ ਗਰੀਬ ਲੋਕਾਂ ਦੀ ਹੈ ਜਿਹੜੇ ਕੰਡੀ ਅਤੇ ਪਹਾੜੀ ਏਰੀਆ ਵਿੱਚ ਰਹਿੰਦੇ ਹਨ। ਅਸੀਂ ਉਨ੍ਹਾਂ ਦੀ ਅਸਲ ਮੁਸੀਬਤ ਮਹਿਸੂਸ ਨਹੀਂ ਕਰ ਸਕਦੇ। ਮੇਰੇ ਹਲਕੇ ਵਿੱਚ ਜਿਹੜੇ ਬੱਸ ਟਰਮੀਨਸ ਹਨ, ਜਿਵੇਂ ਦਾਤਾਰਪੁਰ, ਸੰਧਾਨੀ, ਧਰਮਪੁਰ, ਰਾਮਪੁਰ, ਅਸਰੋਂਹ ਆਦਿ, ਜਿਨਾਂ ਵਿੱਚ ਬੱਸਾਂ ਨਹੀਂ ਪਹੁੰਚਦੀਆਂ। ਤਲਵਾੜਾ ਵਰਗੇ ਸ਼ਹਿਰ ਵਿੱਚ ਉਹ ਰਹਿ ਜਾਂਦੇ ਹਨ ਅਤੇ ਉਨ੍ਹਾਂ ਤੇ ਕੋਈ ਚੈਕ ਨਹੀਂ ਹੈ ਕਿ ਉਹ ਆਪਣੇ ਬੱਸ ਟਰਮੀਨਸ ਧਰਮਪੁਰ, ਸੰਧਾਨੀ, ਬੜਲਾ, ਰਾਮਪੁਰ ਪਹੁੰਚਣ। ਇਹ ਸਟੇਸ਼ਨ ਰੋਡ ਤੋਂ 8-8 10-10 ਕਿਲੋਮੀਟਰ ਦੂਰ ਹਨ। ਅਸੀਂ ਜਨਰਲ ਮੈਨੇਜਰ, ਹੁਸ਼ਿਆਰਪੁਰ ਨੂੰ ਸੁਜੈਸ਼ਨ ਦਿੱਤੀ ਸੀ ਕਿ ਆਪਣੇ ਕੋਲ ਕੋਈ ਰਜਿਸਟਰ ਮੁਕੱਰਰ ਕਰ ਲੈਣ ਤਾਂਕਿ ਇਹ ਚੈਕ ਹੋ ਸਕੇ ਕਿ ਕਿਹੜੀਆਂ ਬੱਸਾਂ ਟਰਮੀਨਸ ਤੇ ਪਹੁੰਚਦੀਆਂ ਹਨ ਕਿਹੜੀਆਂ ਨਹੀਂ। ਜਨਰਲ ਮੈਨੇਜਰ ਕਹਿੰਦੇ ਹਨ, ਬੱਸਾਂ ਜਾਂਦੀਆਂ ਹਨ। ਮੰਤਰੀ ਜੀ ਕਹਿੰਦੇ ਹਨ ਬੱਸਾਂ ਜਾਂਦੀਆਂ ਹਨ ਪਰ ਅਸੀਂ ਕਹਿੰਦੇ ਹਾਂ ਕਿ ਬੱਸਾਂ ਨਹੀਂ ਜਾਂਦੀਆਂ। ਇਸ ਗੱਲ ਦਾ ਵੀ ਨਿਰਣਾ ਹੋਣਾ ਚਾਹੀਦਾ ਹੈ। ਇਥੇ ਮਿਸਲੀਡਿੰਗ ਸਟੇਟਮੈਂਟਸ ਦੇਂਦੇ ਰਹਿੰਦੇ ਹਨ। ਜਿਹੜੇ ਲੋਕ ਪਿੰਡਾਂ ਵਿੱਚ, ਐਕਸਟ੍ਰੀਮ ਪਹਾੜੀ ਇਲਾਕਿਆਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਪੁੱਛ ਲਓ, ਫੈਸਲਾ ਹੋ ਜਾਵੇਗਾ। 10-10, 15-15 ਦਿਨ ਬੱਸਾਂ ਜਾਂਦੀਆਂ ਹਨ ਜਾਂ ਨਹੀਂ, ਇਸ ਦਾ ਫੈਸਲਾ ਹੋ ਜਾਵੇਗਾ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਕਰਕੇ ਕੁਝ ਸਰਵਿਸਿਜ਼ ਕਰਟੇਲ ਹੋਈਆਂ ਹਨ ਅਤੇ ਸਟੇਸ਼ਨ ਥਾਣੇ ਵਿੱਚ ਕਰਟੇਲ ਕਰ ਦਿੱਤੀਆਂ ਹਨ। ਸ਼ਾਇਦ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਧਿਆਨ ਨਹੀਂ ਹੈ। ਮੈਂ ਹਾਊਸ ਵਿੱਚ ਦੱਸ ਦੇਣਾ ਚਾਹੁੰਦਾ ਹਾਂ ਕਿ ਪਿਛੇ ਕੁਝ 6 ਮਹੀਨਿਆਂ ਤੋਂ ਬੱਸ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਟਰਾਂਸਪੋਰਟ]

ਟਰਮੀਨਸ ਨੀਅਰੈਸਟ ਥਾਣਾ ਕਰ ਦਿੱਤਾ ਸੀ। ਕੁਝ ਪਿੰਡਾਂ ਵਿੱਚ ਸ਼ਾਇਦ ਨਾ ਜਾਂਦੀਆਂ ਹੋਣ। ਜਿਹੜੀ ਇਨ੍ਹਾਂ ਨੇ ਰਜਿਸਟਰ ਵਾਲੀ ਗੱਲ ਕੀਤੀ ਹੈ, ਇਨ੍ਹਾਂ ਵਲੋਂ ਉਥੇ ਲਾਇਆ ਜਾਵੇ ਅਤੇ ਜੇ ਸਾਡੇ ਕੋਲੋਂ ਹੈਲਪ ਮੰਗਦੇ ਹਨ, ਉਹ ਅਸੀਂ ਪੂਰੀ ਕਰਾਂਗੇ ਰਜਿਸਟਰ ਲਾਉਣ ਵਿੱਚ। ਜਿਹੜਾ ਸੜਕਾਂ ਬਾਰੇ ਪ੍ਰੋਗਰਾਮ ਹੈ 2-3 ਮੈਂਬਰ ਸਾਹਿਬਾਨ ਦਾ, ਉਹ ਵੈਰੀਫਿਕੇਸ਼ਨ ਕਰ ਲੈਣ। ਅਸੀਂ ਕੋਈ ਸਰਵਿਸ ਡਿਸ-ਕਾਂਟੀਨਿਊ ਨਹੀਂ ਕੀਤੀ, ਸਗੋਂ ਮੈਂਬਰ ਸਾਹਿਬ ਦੇ ਹੁਕਮ ਨਾਲ 2-4-5 ਟਾਈਮ ਫਾਲਤੂ ਚਲਾ ਰਹੇ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1982 ਤੋਂ 1985 ਦੇ ਦਰਮਿਆਨ ਜਿਹੜੀਆਂ ਬੱਸਾਂ ਅਸੈਂਬਲੀ ਹਲਕਾ ਗੜ੍ਹਦੀਵਾਲਾ ਵਿਚ ਚਲਦੀਆਂ ਸਨ, ਉਹ ਕਿਉਂ ਬੰਦ ਹੋ ਗਈਆਂ ਹਨ। ਇਨ੍ਹਾਂ ਨੇ ਕਿਹਾ ਹੈ ਕਿ ਢੋਲਬਾਹਾ ਤੋਂ ਬੇੜੀਖੱਡ ਤੱਕ ਦੀ ਬੱਸ ਸਰਵਿਸ ਇਸ ਕਰਕੇ ਬੰਦ ਕੀਤੀ ਹੈ ਕਿ ਰਸਤਾ ਠੀਕ ਨਹੀਂ ਹੈ। ਹੁਣ ਤਾਂ ਢੋਲਬਾਹਾ ਡੈਮ ਬਣ ਗਿਆ ਹੈ ਅਤੇ ਸੜਕ ਵੀ ਚਾਲੂ ਹੋ ਗਈ ਹੈ। ਪਰ ਇਸ ਦੇ ਬਾਵਜੂਦ ਵੀ ਬੱਸ ਸਰਵਿਸ ਨਹੀਂ ਚਲਾਈ ਗਈ। ਜੋ ਰੂਟਸ ਚਲਾਏ ਗਏ ਸਨ ਉਹ 17 ਰੂਟਸ ਸਨ, ਜਿਹੜੇ ਬੰਦ ਕਰ ਦਿੱਤੇ ਹਨ, ਉਹ ਰੂਟਸ ਮੈਂ ਦੱਸ ਦੇਂਦਾ ਹਾਂ। ਜਲੰਧਰ ਤੋਂ ਕੋਈ, ਵਾਇਆ ਗੜ੍ਹਦੀਵਾਲਾ ਹੈ, ਉਹ ਬੰਦ ਹੈ। ਕਿਧਰੇ ਕਿਧਰੇ ਚਲਦਾ ਹੈ। ਨਵਾਂ ਸ਼ਹਿਰ ਤੋਂ ਬਾੜੀਖੱਡ, ਵਾਇਆ ਹੁਸ਼ਿਆਰਪੁਰ, ਹਰਿਆਨਾ। ਨਵਾਂ ਸ਼ਹਿਰ ਤੋਂ ਬਹੂਹੀ, ਵਾਇਆ ਗੜ੍ਹਦੀਵਾਲਾ। ਪਠਾਨਕੋਟ ਤੋਂ ਬੜੀਖੱਡ, ਵਾਇਆ ਗੜ੍ਹਦੀਵਾਲਾ, ਦੌਲਤਪੁਰ, ਮੰਨੋਤਾ। ਜਲੰਧਰ ਤੋਂ ਪੰਡੋਰੀ ਅਟਵਾਲ, ਵਾਇਆ ਟਾਂਡਾ, ਰਾਜਾ ਕਲਾਂ। ਜਲੰਧਰ ਤੋਂ ਫਤਿਹਪੁਰ ਭੱਟੀਆਂ, ਵਾਇਆ ਟਾਂਡਾ, ਗੜ੍ਹਦੀਵਾਲਾ। ਪਠਾਨਕੋਟ ਤੋਂ ਹੁਸ਼ਿਆਰਪੁਰ, ਵਾਇਆ ਦਸੂਹਾ, ਠੱਕਰ, ਡੱਫਰ, ਗੜ੍ਹਦੀਵਾਲਾ। ਚੰਡੀਗੜ੍ਹ ਤੋਂ ਗੜ੍ਹਦੀਵਾਲਾ, ਵਾਇਆ ਨਵਾਂ ਸ਼ਹਿਰ, ਹਰਿਆਨਾ, ਇਹ ਪੰਜਾਬ ਰੋਡਵੇਜ਼ ਨਵਾਂ ਸ਼ਹਿਰ ਦਾ ਰੂਟ ਸੀ। ਹੁਸ਼ਿਆਰਪੁਰ ਤੋਂ ਨੰਗਲ ਦੱਥਲ, ਵਾਇਆ ਧੱਪਲ, ਹਰਿਆਨਾ। ਨਵਾਂ ਸ਼ਹਿਰ ਤੋਂ ਅਤਵਾਰਪੁਰ, ਹਰਿਆਨਾ, ਬਸੀ ਜੋੜਾ। ਜਲੰਧਰ ਤੋਂ ਰੂਪੋਵਾਲ, ਟਾਂਡਾ, ਜੌਹਲਾ, ਅੰਬਾਲਾ ਜਟਾਂ। ਪਠਾਨਕੋਟ ਤੋਂ ਗੜ੍ਹਦੀਵਾਲਾ, ਵਾਇਆ ਖੁਡਾ ਭਾਈਆਂ, ਰਾਜਾ ਕਲਾਂ, ਢੋਲੇਵਾਲ। ਪਠਾਨਕੋਟ ਤੋਂ ਗੜ੍ਹਦੀਵਾਲਾ, ਵਾਇਆ ਖੁਡਾ, ਬਗੋਲ ਖੁਰਦ, ਛੇਰੀਵਾਲਾ, ਖਾਨਪੁਰ, ਥੱਥੇ, ਅੰਬਾਲਾ ਜਟਾਂ, ਬੇਦਾਂ ਚਿਪੜਾ। ਹੁਸ਼ਿਆਰਪੁਰ ਤੋਂ ਟਾਹਲੀ ਵਾਇਆ ਟਾਂਡਾ, ਜਲਾਲਪੁਰ, ਸੁਲੇਮਪੁਰ। ਜਲੰਧਰ ਤੋਂ ਗੜ੍ਹਦੀਵਾਲਾ ਵਾਇਆ ਹੁਸੈਨਪੁਰ, ਮੁਕਰਾਲਾ, ਦਾਰਾਪੁਰ। ਜਲੰਧਰ ਤੋਂ ਮਹਿਗਰੋਵਾਲ, ਵਾਇਆ ਕਠਾਰ, ਸ਼ਾਮ ਚੁਰਾਸੀ। ਸਪੀਕਰ ਸਾਹਿਬ, ਇਹ ਦੱਸਣਾ ਚਾਹੁੰਦਾ ਹਾਂ ਕਿ ਉਥੇ ਸੰਨ 1982 ਵਿੱਚ ਜੋ ਜੀ.ਐਮ. ਲਾਇਆ ਸੀ ਜਿਹੜਾ ਕਿ ਆਪਣੇ ਅਹੁਦੇ ਦੀ ਨਾਜਾਇਜ਼ ਵਰਤੋਂ ਕਰਕੇ ਬੱਸਾਂ ਚਲਾਉਂਦਾ ਰਿਹਾ। ਇਸ ਕਰਕੇ ਬੰਦ ਕੀਤੇ, ਸਾਰੇ ਰੂਟਸ ਬੰਦ ਹੋ ਗਏ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਿਆ ਸੀ ਕਿ ਜੇ ਉਸ ਦੌਰਾਨ ਰੂਟਸ ਚਲਦੇ ਰਹੇ ਹਨ, ਤਾਂ ਬੰਦ ਕਿਉਂ ਕੀਤੇ ਹਨ। ਕੀ ਜਿਹੜੇ ਰੂਟਸ ਬੰਦ ਕੀਤੇ ਹਨ, ਉਹ ਦੋਬਾਰਾ ਚਾਲੂ ਕੀਤੇ ਜਾਣਗੇ, ਜਦੋਂ ਕੰਡੀ ਏਰੀਆ ਦੀ ਗੱਲ ਹਾਊਸ ਵਿੱਚ ਚਲਦੀ ਹੈ, ਤਾਂ ਮੈਂ ਖਾਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਅਸੈਂਬਲੀ ਹਲਕਾ ਹਰ ਪੱਖ ਤੋਂ ਬਹੁਤ ਇਫੈਕਟਿਡ ਹੈ। ਔਰ ਹਿੱਲੀ ਏਰੀਆ ਵਿਚ ਜੋ ਬੱਸਾਂ ਚਲਦੀਆਂ ਰਹੀਆਂ ਪੂਰੀਆਂ ਸਹੂਲਤਾਂ ਮਿਲਦੀਆਂ ਰਹੀਆਂ ਪਰ ਹੁਣ ਉਹ ਬੰਦ ਹੋ ਗਈਆਂ ਹਨ। ਕਈ ਵਾਰ ਮੇਰੀ ਮੀਟਿੰਗ ਹੋਈ ਹੈ ਵਜ਼ੀਰ ਸਾਹਿਬ ਨਾਲ ਮੀਟਿੰਗ ਹੋਈ ਹੈ ਉਨ੍ਹਾਂ ਨੇ ਭਰੋਸਾ

Original with;
Punjab Vidhan Sabha
Digitized by;
Panjab Digital Library

ਦਿਵਇਆ ਸੀ ਕਿ ਇਹ ਬੱਸਾਂ ਚਲਣਗੀਆਂ ਲੇਕਿਨ ਚਲਾਈਆਂ ਨਹੀਂ ਗਈਆਂ ਕਿਉਂਕਿ ਇਹ ਰੂਟ ਅਨਇਕਨਾਮੀਕਲ ਸਮਝਦੇ ਹਨ। ਜਿਹੜੇ ਲੋਕ ਕੰਡੀ ਏਰੀਆ ਵਿਚ ਰਹਿੰਦੇ ਹਨ ਉਹ ਕਿਥੇ ਜਾਣ। ਜਿਹੜੇ ਰੂਟ ਬੰਦ ਹੋਏ ਹਨ ਉਹ ਚਾਲੂ ਕੀਤੇ ਜਾਣ।

**ਰਾਜ ਮੰਤਰੀ** : ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਅੱਗੇ ਜਵਾਬ ਪੜ੍ਹਕੇ ਦੱਸਿਆ ਹੈ ਪਰ ਪਤਾ ਨਹੀਂ ਇਹ ਸਮਝਦੇ ਕਿਉਂ ਨਹੀਂ ਹਨ। ਇਹ ਕੁੱਲ ਸੈਂਕਸ਼ਡ ਰੂਟ 96 ਹਨ। ਸਾਰੇ ਕੰਡੀ ਏਰੀਆ ਵਿਚ 3–4 ਡਿਪੂ ਚਲਦੇ ਹਨ। 1983–84 ਵਿਚ 24 ਸੈਂਕਸ਼ਨ ਹੋਏ ਸਨ ਔਰ ਉਹ 24 ਚਲ ਰਹੇ ਹਨ। 96 ਦੇ 96 ਰੂਟ ਚਲ ਰਹੇ ਹਨ। ਜਿਨ੍ਹਾਂ ਦੇ ਇੱਤ ਡੀ.ਐਮ. ਸਾਹਿਬ ਪੁਰਾਣੇ ਸਨ ਉਨ੍ਹਾਂ ਦੇ ਖਿਲਾਫ ਕਿਉਂ ਨਹੀਂ ਲਿਖਦੇ। ਅਨ–ਸ਼ਡਿਊਲਡ ਰੂਟਸ ਉਨ੍ਹਾਂ ਨੇ ਚਲਾਏ ਸਨ ਉਹ 1985 ਵਿਚ ਬੰਦ ਹੋ ਗਏ। ਸਾਡੀ ਸਰਕਾਰ ਤੋਂ ਪਹਿਲਾਂ ਚੱਲੇ ਔਰ ਬੰਦ ਹੋ ਗਏ। ਅਨ–ਸ਼ਡਿਊਲਡ ਰੂਟ ਕੋਈ ਵੀ ਚੱਲਣ ਨਹੀਂ ਦੇਣਾ ਇਹ ਸਰਕਾਰ ਦੀ ਪਾਲਸੀ ਹੈ। ਸ਼ਡਿਊਲਡ ਰੂਟ ਜੇਕਰ ਕੋਈ ਮਿਸ ਕਰਦਾ ਹੈ ਤਾਂ ਦੱਸੋ।

**ਸ੍ਰੀ ਸਪੀਕਰ** : ਕਾਲ ਅਟੈਨਸ਼ਨ ਮੋਸ਼ਨ ਨੰ: 54

**ਸ੍ਰੀ ਅਸ਼ਵਨੀ ਸੇਖੜੀ** : ਦੋ ਮਹੀਨਿਆਂ ਤੋਂ ਵਧ ਟਾਈਮ ਹੋ ਚੁਕਾ ਹੈ ਪਰ ਅਜੇ ਤਕ ਲਾਕ ਆਊਟ ਦਾ ਫੈਸਲਾ ਨਹੀਂ ਹੋਇਆ ਹੈ (ਵਿਘਨ) 260 ਪਰਿਵਾਰ ਭੁੱਖੇ ਮਰ ਰਹੇ ਹਨ ਔਰ ਉਹ ਕੰਪਨੀ ਦੇ ਬਾਹਰ ਬੈਠੇ ਹਨ। (ਵਿਘਨ) ਇਸ ਇਸ਼ੂ ਤੇ ਮੈਂ ਹੋਰ ਗੱਲ ਦੱਸਣਾ ਚਾਹੁੰਦਾ ਹਾਂ। ਇਸ ਇਸ਼ੂ ਨੂੰ ਬਚਾਉਣ ਵਾਸਤੇ ਐਸ.ਡੀ.ਐਮ. ਨਾਲ ਮੀਟਿੰਗ ਹੋਈ। ਡੀ.ਸੀ. ਲੈਵਲ ਤੇ ਮੀਟਿੰਗ ਹੋਈ ਪਰ ਅਜੇ ਤਕ ਕੋਈ ਸਲੂਸ਼ਨ ਨਹੀਂ ਹੋਇਆ (ਵਿਘਨ)।

**ਆਵਾਜ਼ਾਂ** : ਇਨ੍ਹਾਂ ਨੂੰ ਸਿਰਫ ਕਾਲ ਅਟੈਨਸ਼ਨ ਮੋਸ਼ਨ ਹੀ ਪੜ੍ਹਨੀ ਚਾਹੀਦੀ ਹੈ।

**ਸ੍ਰੀ ਸਪੀਕਰ** : ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

(Serial No. 54)

**Shri Ashwani Sekhri** : Sir, I beg to draw the attention of the Government towards a matter of urgent public importance, namely, the illegal lock-out of BECO (Batala Eng. Company), Batala, w.e.f. last week of January 1987. The families of 300 employees have been affected due to non-payment of salaries. There is a great resentment amongst the people of Batala in this regard. Hence it is a fit matter for the Government to make a statement on the floor of the House.

**Minister of State for Labour and Employment** (Shri Prem Gupta) : Government is in touch with the situation. The workers resorted to a stay-in-strike on 18th January, 1987, the management declared partial lock-out on 24th January, 1987 following minor incidents of violance (interruptions).

**ਆਵਾਜ਼ਾਂ** : ਤੁਸੀਂ ਪੰਜਾਬੀ ਵਿਚ ਪੜ੍ਹੋ।

**ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ** : ਇਹ ਕਾਲ ਅਟੈਨਸ਼ਨ ਮੋਸ਼ਨ ਅੰਗ੍ਰੇਜ਼ੀ ਵਿਚ ਆਈ ਸੀ ਅਤੇ ਮੈਂ ਉਸ ਦਾ ਜਵਾਬ ਅੰਗ੍ਰੇਜ਼ੀ ਵਿਚ ਪੜ੍ਹ ਰਿਹਾ ਹਾਂ।

Original with;
Punjab Vidhan Sabha
Digitized by;
Panjab Digital Library

**ਆਵਾਜ਼ਾਂ**: ਤੁਸੀਂ ਪੰਜਾਬੀ ਵਿਚ ਪੜ੍ਹੋ।

**ਰਾਜ ਮੰਤਰੀ**: ਠੀਕ ਹੈ, ਮੈਂ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ।

ਸਰਕਾਰ ਨੇ ਸਥਿੱਤੀ ਨਾਲ ਸੰਪਰਕ ਬਣਾਇਆ ਹੋਇਆ ਹੈ। ਕਿਰਤੀਆਂ ਨੇ 18 ਜਨਵਰੀ, 1987 ਤੋਂ ਸਟੇ-ਇਨ ਸਟਰਾਈਕ ਕਰ ਦਿਤੀ ਸੀ। ਪ੍ਰਬੰਧਕਾਂ ਨੇ 24 ਜਨਵਰੀ, 1987 ਤੋਂ ਕੁਝ ਛੁਟ-ਪੁਟ ਹਿੰਸਕ ਘਟਨਾਂ ਕਰਕੇ 24 ਜਨਵਰੀ, 1987 ਤੋਂ ਅੰਸ਼ਿਕ ਤਾਲਾਬੰਦੀ ਕਰ ਦਿੱਤੀ। ਪ੍ਰਭਾਵਿਤ ਕਿਰਤੀਆਂ ਦੀ ਗਿਣਤੀ 177 ਹੈ ਅਤੇ ਕੁੱਲ ਕਿਰਤੀਆਂ ਦੀ ਗਿਣਤੀ 200 ਦੇ ਲਗ ਭਗ ਹੈ। ਸੁਲਾਹ ਸਫਾਈ ਦੀਆਂ ਮੀਟਿੰਗਾਂ ਕੀਤੀਆਂ ਗਈਆਂ। ਅਗਲੀ ਮੀਟਿੰਗ ਸੁਲਾਹ ਸਫਾਈ ਲਈ 1 ਅਪ੍ਰੈਲ, 1987 ਨੂੰ ਹੋਣੀ ਹੈ।

**ਸ੍ਰੀ ਅਸ਼ਵਨੀ ਸੇਖੜੀ**: ਮਨਿਸਟਰ ਸਾਹਿਬ ਨੇ ਆਪਣਾ ਬਿਆਨ ਦਿੱਤਾ ਹੈ ਅਤੇ ਜੋ ਬੀਕੋ ਦੀ ਮੈਨੇਜਮੈਂਟ ਚਾਹੁੰਦੀ ਹੈ ਉਹ ਇਨ੍ਹਾਂ ਨੇ ਪੜ੍ਹਕੇ ਸੁਣਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਲੋਕਾਂ ਨੇ ਚੁਣਿਆ ਹੈ, ਗਰੀਬ ਲੋਕਾਂ ਨੇ ਸਾਨੂੰ ਵੋਟਾਂ ਦਿੱਤੀਆਂ ਹਨ ਅਤੇ ਇਸ ਹਾਊਸ ਵਿਚ ਬਿਠਾਇਆ ਹੈ। ਅਸੀਂ ਗਰੀਬ ਲੋਕਾਂ ਨੂੰ ਮਰਦੇ ਦੇਖ ਨਹੀਂ ਸਕਦੇ। ਮੈਂ ਤੁਹਾਨੂੰ ਇਸ ਲਾਕ ਆਊਟ ਦੀ ਸਟੋਰੀ ਦੱਸਣਾ ਚਾਹੁੰਦਾ ਹਾਂ। ਬਟਾਲੇ ਵਿਚ ਇੰਡਸਟਰੀ ਵਿਚ ਬੜਾ ਘਾਟਾ ਪਿਆ ਹੈ। ਇਹ ਬੀਕੋ ਬਟਾਲੇ ਦੀ ਇਕ ਵੱਡੀ ਇੰਡਸਟਰੀ ਹੈ ਅਤੇ ਬਾਕੀ ਸਮਾਲ ਸਕੇਲ ਇੰਡਸਟਰੀਜ਼ ਹਨ। ਇਸ ਕੰਪਨੀ ਨੇ ਜਿਹੜਾ ਲਾਕ ਆਊਟ ਕੀਤਾ ਹੈ ਇਸ ਨਾਲ ਕਾਫੀ ਘਾਟਾ ਪਿਆ ਹੈ। ਉਸ ਦੀ ਮੈਨੇਜਮੈਂਟ ਨੇ ਕਿਹਾ ਕਿ ਲਾਸ ਕਿਉਂ ਕਰਾਉਣਾ ਹੈ ਇਸ ਲਈ ਉਨ੍ਹਾਂ ਨੇ ਇਸ ਨੂੰ ਬੰਦ ਕਰ ਦਿਤਾ। ਇਹ ਜਿਹੜੀ ਰਵਾਇਤ ਹੈ, ਇਹ ਮਾੜੀ ਹੈ। ਜੇ ਵੱਡੀਆਂ ਇੰਡਸਟਰੀਆਂ ਇਸ ਤਰ੍ਹਾਂ ਬੰਦ ਹੋਣ ਲੱਗ ਪਈਆਂ ਤਾਂ ਬਾਕੀ ਦੀਆਂ ਛੋਟੀਆਂ ਇੰਡਸਟਰੀਆਂ ਵੀ ਬੰਦ ਹੋ ਜਾਣਗੀਆਂ। ਇਸ ਤਰ੍ਹਾਂ ਬਟਾਲੇ ਦਾ 40 ਹਜ਼ਾਰ ਕਿਰਤੀ ਵਿਹਲਾ ਹੋ ਜਾਵੇਗਾ, ਉਹ ਮਾਰਿਆ ਜਾਵੇਗਾ। ਇਹ ਸਾਰੀ ਲੇਬਰ ਸ਼ਹਿਰ ਬਟਾਲਾ ਵਿਚ ਨਹੀਂ ਰਹਿੰਦੀ, ਇਸ ਵਿਚੋਂ 90% ਰੂਰਲ ਏਰੀਆ ਵਿਚੋਂ ਬਟਾਲੇ ਕੰਮ ਕਰਨ ਆਉਂਦੇ ਹਨ। ਮੈਂ ਕਹਾਂਗਾ ਕਿ ਇਹ ਹਾਊਸ ਨੂੰ ਅਸ਼ੋਰੈਂਸ ਦੇਣ ਕਿ ਇਸ ਲਾਕ ਆਊਟ ਨੂੰ ਘੱਟੋ ਘੱਟ ਕਿੰਨੇ ਸਮੇਂ ਵਿਚ ਖੁਲ੍ਹਵਾ ਦੇਣਗੇ ?

**ਰਾਜ ਮੰਤਰੀ**: ਮੈਂ ਅਰਜ਼ ਕੀਤੀ ਹੈ ਕਿ 1 ਅਪਰੈਲ, 1987 ਨੂੰ ਮੈਨੇਜਮੈਂਟ ਅਤੇ ਕਿਰਤੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਬੁਲਾ ਲਈ ਹੈ ਤਾਂਕਿ ਉਨ੍ਹਾਂ ਦਾ ਸਮਝੌਤਾ ਕਰਵਾਇਆ ਜਾ ਸਕੇ।

**Mr. Speaker**: Next call attention Notice No. 56 and 41.

(Serial Nos. 56 and 41)

**Doctor Kewal Krishan**
**Doctor Satpal Prasher**
**Sardar Kirpal Singh (Amritsar)**
: Sir, I beg to draw the attention of the Government towards a matter of urgent public importance, namely, the news item appeared in Indian Express dated 18th March, 1987, *vide* which the Punjab Civil Medical Service Association, Class-I, threatened to organise a silent protest march here on 26th March, 1987, in protest of the indifferent attitude of the State Government towards their demands.

Original with;
Punjab Vidhan Sabha
Digitized by;
Panjab Digital Library

The Doctors' is a respected class of the society. The Government should give immediate attention to solve their problems. There is a great resentment amongst the general public, particularly the Doctor's Class. Hence it is a fit matter for the Government to make a statement on the floor of the House.

**Minister for Information and Public Relations** (Sardar Natha Singh Dalam) : Sir, one of the main demands of the PCMS-I Association is regarding removal of ceiling on pay plus N.P.A. which is agitating the minds of the members of PCMS-I.

2. At present, the N.P.A. is admissible to PCMS Officers at the following rates :—

(i) For first 10 years of service at the rate of 33⅓% of the basic pay with a ceiling of maximum of Rs. 600 P.M.

(ii) After 10 years service, at the rate of 50% of the basic pay with a ceiling of maximum of Rs. 600 P.M.

3. After the second Pay Commission when the pay scales were revised with effect from 1st January, 1978, the Government imposed a ceiling on pay plus N.P.A. as under :—

| | |
|---|---|
| (i) PCMS-I | 1,400—2,000+N.P.A. maximum Rs. 2,400. |
| (ii) Selection Grade (PCMS-I) | 1,775—2,300+N.P.A. maximum Rs. 2,450. |
| (iii) Deputy Directors | 2,000—2,400+N.P.A. maximum Rs. 2,500. |
| (iv) Joint Directors | 2,300—2,500+N.P.A. maximum Rs. 2,625. |
| (v) Directors | 2,500—2,750 (No. N.P.A. admissible) |

4. The matter regarding removal of double ceiling has been under active consideration of the State Government. In case the double ceiling is removed, the total financial liability of the State would be of the order of Rs. 23 lacs per annum (Approximately Rs. 5 lacs for PCMS-I and Rs. 18 lacs for PCMS-II).

5. Position with regard to the other main demands of PCMS-I doctor's Association is as under :—

(i) Rent Free Accommodation ;

(ii) Utilisation of conveyance at subsidised rates ;

(iii) Provision for utilisation of tele-communication net work of the Police Department.

These demands are also under consideration of the Government.

Original with;
Punjab Vidhan Sabha
Digitized by;
Panjab Digital Library

[Minister for Information and Public Relations]

6. The following demands are being referred to the Third Pay Commission :—

(i) Increase in Rural Health Allowance ;

(ii) Grant of Special Pay ;

(iii) Change of designations of Assistant Civil Surgeon, District Family Welfare Officers and District Health Officers.

7. Consideration of doctors for nomination to I.A.S. Selection of Non-State Civil Services Officers for appointment to I.A.S. is made out of the Gazetted Officers of the state fulfilling the reguisite conditions under the I.A.S. (Appointment by Selection) Regulations. Recommendations are made by a Selection committee comprising of the Chairman/Members of Union Public Service Commission, a representative of Government of India not below the rank of Joint Secretary and Senior Officers of the State Government. Health Department has already recommended the name of a PCMS-I doctor for consideration.

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਇਨ੍ਹਾਂ ਨੇ ਐਕਟਿਵ ਕੰਸਿਡਰੇਸ਼ਨ ਲਈ ਕਿਹਾ ਹੈ, ਮੈਂ ਇਨ੍ਹਾਂ ਤੋਂ ਜਾਣਨਾ ਚਾਹਾਂਗਾ ਕਿ ਕੀ ਐਕਟਿਵ ਕੰਸਿਡਰੇਸ਼ਨ ਦੇ ਕਹਿਣ ਦਾ ਮਤਲਬ ਟਾਲਣਾ ਨਹੀਂ ਹੈ ? ਇਨ੍ਹਾਂ ਨੂੰ ਮੰਨਣ ਵਿਚ ਕੀ ਦਿੱਕਤ ਹੈ ?

ਦੂਸਰਾ, ਸਪੀਕਰ ਸਾਹਿਬ, ਇਹ ਕਿ ਐਸ. ਐਮ. ਓ. ਜਿੰਨੇ ਵੀ ਪਿੰਡਾਂ ਵਿੱਚ ਲਗੇ ਹੋਏ ਹਨ ਉਨ੍ਹਾਂ ਨੂੰ ਐਮ. ਓਜ਼ ਨੂੰ ਜੋ ਫੈਸਿਲਟੀਜ਼ ਮਿਲਦੀਆਂ ਹਨ ਉਹ ਵੀ ਨਹੀਂ ਮਿਲਦੀਆਂ, ਜਦੋਂ ਉਹ ਉਥੇ ਪਿੰਡਾਂ ਵਿਚ ਚਲੇ ਜਾਂਦੇ ਹਨ ਤਾਂ ਉਹ ਫੈਸਿਲਟੀਜ਼ ਜੋ ਹਨ ਉਨਾਂ ਤੋਂ ਵੀ ਡੀਬਾਰ ਹੋ ਜਾਂਦੇ ਹਨ। ਸਪੀਕਰ ਸਾਹਿਬ, ਆਈ. ਏ. ਐਸ. ਦਾ ਪ੍ਰੋਮੋਸ਼ਨ ਐਵੇਨਿਊ ਬਹੁਤ ਹੈ ਉਹ 167 ਵਿਚੋਂ 59 ਹਨ ਔਰ ਇਰੀਗੇਸ਼ਨ ਦੇ ਵਿਚ ਕਲਾਸ ਵਨ ਅਫਸਰ ਜੋ ਹਨ ਉਹ 1500 ਵਿਚੋਂ 23 ਪਰ ਡਾਕਟਰਜ਼ ਵਿੱਚ 4000 ਵਿਚੋਂ ਸਿਰਫ 2 ਹਨ। ਕੀ ਡਾਕਟਰਜ਼ ਦੇ ਪ੍ਰੋਫੈਸ਼ਨ ਨਾਲ ਇਹ ਇਨਜਸਟਿਸ ਨਹੀਂ ਹੈ ? ਕੀ ਐਕਟਿਵ ਕੰਸਿਡਰੇਸ਼ਨ ਦੇ ਨਾਲ ਉਨਾਂ ਦੀਆਂ ਡੀਮਾਂਡਜ਼ ਨੂੰ ਟਾਲਿਆ ਨਹੀਂ ਜਾ ਰਿਹਾ ਹੈ ? ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਕਿੰਨੀ ਦੇਰ ਵਿਚ ਫੈਸਲਾ ਕਰਕੇ ਉਨ੍ਹਾਂ ਦੀ ਡੀਮਾਂਡਜ਼ ਨੂੰ ਐਕਸੈਪਟ ਕਰ ਲਵੇਗੀ ?

**ਸੂਚਨਾ ਅਤੇ ਲੋਕ ਸੰਪਰਕ ਮੰਤਰੀ** : ਸਪੀਕਰ ਸਾਹਿਬ, ਸਰਕਾਰ ਮੈਡੀਕਲ ਪ੍ਰੋਫੈਸ਼ਨ ਨੂੰ ਇਕ ਬਹੁਤ ਹੀ ਨੋਬਲ ਪ੍ਰੋਫੈਸ਼ਨ ਸਮਝਦੀ ਹੈ। ਸਰਕਾਰ ਨੂੰ ਇਸ ਪ੍ਰੋਫੈਸ਼ਨ ਨਾਲ ਪੂਰੀ ਤਰ੍ਹਾਂ ਹਮ-ਦਰੱਦੀ ਹੈ। ਮੈਂ ਡਾਕਟਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਸਰਕਾਰ ਦੇ ਵਿਚਾਰ ਅਧੀਨ ਹਨ ਅਤੇ ਬਹੁਤ ਜਲਦੀ ਸਰਕਾਰ ਉਨ੍ਹਾਂ ਤੇ ਫੈਸਲਾ ਕਰੇਗੀ। ਫੈਸਲਾ ਕਰਨ ਵਿਚ ਇਸ ਵਾਸਤੇ ਦਿਰ ਹੋ ਰਹੀ ਹੈ ਕਿਉਂਕਿ ਸਾਰੀਆਂ ਮੰਗਾਂ ਵਿਚ ਫਾਈਨਾਂਸ਼ਲ ਲਾਇਬਿਲਿਟੀਜ਼ ਇਨ-ਵਾਲਵਡ ਹਨ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਦਾ ਨੰਬਰ ਤੁਸੀਂ 41 ਲਿਖ ਕੇ ਭੇਜਿਆ ਹੈ। ਮੇਰੀ ਕਾਲ ਅਟੈਨਸ਼ਨ ਮੋਸ਼ਨ ਜਿਹੜੀ ਸੀ ਉਸ ਦੇ ਸਿਲਸਿਲੇ ਵਿਚ ਆਨਰੇਬਲ ਮਨਿਸਟਰ ਸਾਹਿਬ ਨੇ ਕੋਈ ਜਵਾਬ ਨਹੀਂ ਦਿੱਤਾ, ਜੇ ਆਗਿਆ ਹੋਵੇ ਤਾਂ ਮੈਂ ਪੜ੍ਹ ਦਿਆਂ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਤੁਸੀਂ ਪੜ੍ਹਨਾ ਚਾਹੁੰਦੇ ਹੋ ਪੜ੍ਹ ਦਿਓ ਨਹੀਂ ਫਿਰ ਸਪਲੀਮੈਂਟਰੀ ਕਰ ਲਵੋ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਪਹਿਲਾਂ ਕਾਲ ਅਟੈਨਸ਼ਨ ਮੋਸ਼ਨ ਨੰ: 41 ਪੜ੍ਹਾਂਗਾ।

ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਕਿ ਅਰਥਾਤ, ਕਿ ਜੂਨੀਅਰ ਡਾਕਟਰਾਂ ਨਾਲ ਸਰਕਾਰ ਨੇ ਕੁਝ ਵਾਇਦੇ ਕਰਕੇ ਉਨ੍ਹਾਂ ਦੀ ਹੜਤਾਲ ਖਤਮ ਕਰਵਾਈ ਸੀ ਲੇਕਿਨ ਕਿਸੇ ਵੀ ਵਾਇਦੇ ਤੇ ਕੋਈ ਕਾਰਵਾਈ ਹੁਣ ਤਕ ਨਾਂ ਹੋਣ ਕਰਕੇ ਜੂਨੀਅਰ ਡਾਕਟਰਾਂ ਵਿਚ ਬੇਚੈਨੀ ਫਿਰ ਤੋਂ ਪੈਦਾ ਹੋ ਰਹੀ ਹੈ। ਸਰਕਾਰ ਪੰਜਾਬ ਦੀ ਜਨਤਾ ਦੀ ਸਿਹਤ ਦੇ ਹਿਤ ਵਿਚ ਜੂਨੀਅਰ ਡਾਕਟਰਾਂ ਦੀ ਬੇਚੈਨੀ ਦੂਰ ਕਰਨ ਵਾਸਤੇ ਆਪਣੀ ਨੀਤੀ ਸਪਸ਼ਟ ਕਰੇ.

**Minister for Information and Public Relations** (Sardar Natha Singh Dalam): Junior Doctors of Medical College, Amritsar, observed a token strike on 10th November, 1986 and later on the call given by the Junior Doctors Association, Junior Doctors including Interns, House Surgeons and Post-graduate students, without giving any prior notice, went on indefinite strike on 17th November, 1986 to press their following demanus :—

(i) Abolition of stipend and introduction of pay scale at par with the Central Government.

(ii) Regular PCMS posts for all Medical graduates.

(iii) Immediate admission to post-graduate courses in accordance with the High Court aecision.

Junior Doctors gave no time to the Government to consider their demands. Their demand charter was received on 21st November, 1986 Junior Doctors Association office bearers were invited for talk on 24th November, 1986 by the then Hon'ble Health Minister, Punjab and appeal was made to them to call off the strike and resume their duties , so that Government could give proper consideration to their demands. They were, however, adament and refuseu to go back to their work and remained on strike till 9th December, 1986. Residency Scheme is not applicable in Punjab and Resident Doctors who are doing Post-Graduation in Delhi Hospitals, are equivalent to our Doctors who are working as PCMS-II and doing Post-Graduation and their pay scales are under the consideration of Pay Commission, Government of India, however, have revised the pay scales of Resident Doctors with effect from 1st January, 1986. Punjab Government had already revised the rate of stipend of Junior Doctors in April, 1986, as per following details ; category-wise :—

| Category | Prior to 1st April, 1985 | Revised with effect from 1st April, 1985 (Present) |
|---|---|---|
| 1. Interns .. | Rs. 550 P.M. Fixed | Rs. 800 P.M. Fixed |
| 2. (i) Junior House Surgeons | Rs. 700 P.M. Fixed | Rs. 1000P.M. Fixed |
| (ii) Senior House Surgeons | Rs. 800 P.M. Fixed | Rs. 1200P.M Fixed |
| 3. (i) Post-graduate students (MD. & MS) | Rs. 700 P.M. Fixed | Rs. 1200 P.M. Fixed |
| (ii) Post Graduate (Diploma) | .. | Rs. 1200P.M. Fixed w.ef. 1-4-1986. |

Original with;
Punjab Vidhan Sabha
Digitized by;
Panjab Digital Library

[Minister for Information and Public Relations]

Ultimately good sense prevailed and they called off the strike. They were given assurance that their demands will be considered sympathetically. Accordingly considering the young age of doctors, disqualification for house job was overlooked and they were allowed to complete the house job. The period of absence in case of internees was fully condoned as per assurance given to them.

The other two demands of Junior Doctors have been accepted by the Punjab Government :—

(1) Letters of *Ad hoc* appointment have been issued to about 450 MBBS graduates.

(2) Post-graduate admission has been done in accordance with High Court decision.

As mentioned above, about 50% increase had been made in the stipend of Junior Doctors less than two years ago. As regards first demand regarding revision of stipend/pay scales, the matter is under the consideration of the Government, Sir.

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਉਨ੍ਹਾਂ ਦੀਆਂ ਮੰਗਾਂ ਤੇ ਗੌਰ ਕਰਨ ਦਾ ਇਕਰਾਰ ਕੀਤਾ ਹੈ ਤੇ ਪੇ ਕਮਿਸ਼ਨ ਦੀ ਗੱਲ ਕੀਤੀ ਹੈ, ਹਾਲਾਂਕਿ ਇਹ ਮਸਲਾ ਸਟਾਈਪੈਂਡ ਦਾ ਹੈ, ਪੇ ਕਮਿਸ਼ਨ ਨੂੰ ਜਾਣ ਦਾ ਸਵਾਲ ਨਹੀਂ ਹੈ। ਕਈ ਹੋਰ ਸਟੇਟਾਂ ਨੇ ਜਿਸ ਤਰ੍ਹਾਂ ਮਹਾਂਰਾਸ਼ਟਰਾ ਹੈ, ਗੁਜਰਾਤ, ਬਿਹਾਰ, ਮੱਧ ਪ੍ਰਦੇਸ਼ ਔਰ ਹਿਮਾਚਲ ਪ੍ਰਦੇਸ਼ ਹਨ, ਉਨ੍ਹਾਂ ਨੇ ਇਜ਼ਾਫਾ ਕੀਤਾ ਹੈ, ਹਰਿਆਣੇ ਨੇ ਸੈਂਟਰਲ ਪੈਟਰਨ ਸਾਰਾ ਹੀ ਇਸਤੇਮਾਲ ਕਰਨ ਵਾਸਤੇ ਵਾਇਦਾ ਕੀਤਾ ਹੈ। ਪੰਜਾਬ ਜਿਸ ਦੀ ਪਰ ਕੈਪੀਟਾ ਇਨਕਮ ਸਭ ਤੋਂ ਜ਼ਿਆਦਾ ਹੈ. ਇਸ ਦੇ ਡਾਕਟਰ ਜਾਂ ਤਾਂ ਦੂਸਰੇ ਸੂਬਿਆਂ ਦੇ ਡਾਕਟਰਾਂ ਤੋਂ ਘਟੀਆ ਹਨ ਜਾਂ ਫਿਰ ਉਨ੍ਹਾਂ ਦਾ ਲਿਵਿੰਗ ਸਟੈਂਡਰਡ ਇਨ੍ਹਾਂ ਦੇ ਖਿਆਲ ਨਾਲ ਘੱਟ ਹੋਣਾ ਚਾਹੀਦਾ ਹੈ। ਇਹ ਇਨਸਾਫ ਦੇਣ ਲਈ ਜਿਹੜੀ ਐਸ਼ੋਰੈਂਸ ਦਿਤੀ ਹੈ ਉਸ ਤੇ ਅਮਲ ਕਿੰਨੇ ਚਿਰ ਵਿਚ ਹੋ ਜਾਵੇਗਾ ?

**ਸੂਚਨਾ ਅਤੇ ਲੋਕ ਸੰਪਰਕ ਮੰਤਰੀ** : ਪੇ ਕਮਿਸ਼ਨ ਦਾ ਜ਼ਿਕਰ ਇਸ ਕਰਕੇ ਆਇਆ ਹੈ ਕਿ ਜੂਨੀਅਰ ਡਾਕਟਰਜ਼ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੇ ਸਟਾਈਪੈਂਡ ਨੂੰ ਪੇ ਵਿਚ ਬਦਲ ਦਿੱਤਾ ਜਾਵੇ। ਸਪੀਕਰ ਸਾਹਿਬ, ਸਾਰੇ ਸਦਨ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਪੇ ਕਮਿਸ਼ਨ ਮੁਕਰਰ ਕਰ ਦਿੱਤਾ ਹੈ। ਮਾਨਯੋਗ ਮੈਂਬਰ ਦੀ ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਗਵਾਂਢੀ ਸਟੇਟਸ ਦੇ ਜੋ ਪੇ ਸਕੇਲਜ਼ ਸਨ, ਉਹ ਰਿਵਾਈਜ਼ ਕੀਤੇ ਹਨ। ਮੈਂ ਭਰੋਸਾ ਦਵਾਇਆ ਹੈ ਕਿ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਨਾਲ ਪੂਰੀ ਪੂਰੀ ਹਮਦਰਦੀ ਹੈ। ਮੈਂ ਤੁਹਾਡੇ ਰਾਹੀਂ ਉਨ੍ਹਾਂ ਜੂਨੀਅਰ ਡਾਕਟਰਜ਼ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਤੇ ਪੂਰੀ ਹਮਦਰਦੀ ਨਾਲ ਗੌਰ ਕਰੇਗੀ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਕ ਮਸਲਾ ਚਲ ਰਿਹਾ ਹੈ।

Sir, I would like to say something on this. The matter regarding removal of double ceiling which the Hon'ble Minister has said is under consideration.

ਇਸ ਦੇ ਬਾਰੇ ਵਿਚ ਇਹ ਕਹਿਣਾ ਚਾਹਾਂਗਾ ਕਿ ਕੁਝ ਦਿਨ ਸੈਸ਼ਨ ਦੇ ਬਾਕੀ ਹਨ। ਐਕਚੂਅਲੀ ਇਕ ਮਹੀਨੇ ਦੇ ਅੰਦਰ ਅੰਦਰ ਇਹ ਡਬਲ ਸੀਲਿੰਗ ਰਿਮੂਵ ਕਰ ਦਿਤੀ ਜਾਵੇਗੀ। (ਥੰਪਿੰਗ)

— — —

Original with;
Punjab Vidhan Sabha
Digitized by;
Panjab Digital Library

## PAPER LAID ON THE TABLE

**Minister of State for Parliamentary Affairs** (Sardar Baldev Singh Maan): Sir, I beg to lay on the Table the Annual Statement of Accounts of the Punjab Housing Development Board for the year 1984-85, as required under section 68(3) of the Punjab Housing Development Act, 1972.

**Mr. Speaker :** Now, we resume general discussion on the Budget Estimates for the year 1987-88.

---

## RESUMPTION OF GENERAL DISCUSSION ON THE BUDGET ESTIMATES FOR THE YEAR 1987-88

**ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ** (ਸ੍ਰੀ ਪ੍ਰੇਮ ਗੁਪਤਾ): ਸਪੀਕਰ ਸਾਹਿਬ, ਸਾਲ ਦਾ ਬਜਟ ਜੋ ਪੰਜਾਬ ਦੇ ਖਜ਼ਾਨਾ ਮੰਤਰੀ ਸਰਦਾਰ ਬਲਵੰਤ ਸਿੰਘ ਜੀ ਨੇ ਪੇਸ਼ ਕੀਤਾ ਹੈ, ਮੈਂ ਸਰਦਾਰ ਬਲਵੰਤ ਸਿੰਘ ਨੂੰ ਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ, ਚੀਫ ਮਨਿਸਟਰ ਸਾਹਿਬ ਨੂੰ ਵਧਾਈ ਦੇਣ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਪਹਿਲਾਂ ਕਈ ਭਾਸ਼ਣ ਸੁਣੇ ਹਨ ਜਿਨ੍ਹਾਂ ਵਿਚ ਬਜਟ ਦੇ ਬਾਰੇ ਵਿਚ ਕਈ ਕੁਝ ਕਿਹਾ ਗਿਆ ਹੈ। ਪਤਾ ਨਹੀਂ ਹੈ ਕਿਸੇ ਨੇ ਪੜ੍ਹਿਆ ਹੈ ਜਾਂ ਨਹੀਂ ਪੜ੍ਹਿਆ ਹੈ ਪਰ ਕਿਹਾ ਗਿਆ ਹੈ ਕਿ ਇਹ ਖੋਖਲਾ ਹੈ, ਇਹ ਆਮ ਗੱਲਾਂ ਕਹੀਆਂ ਜਾਂਦੀਆਂ ਹਨ। ਮੈਂ ਇਕ ਮਾਨਯੋਗ ਮੈਂਬਰ ਬਾਰੇ ਦੱਸਦਾ ਹਾਂ। ਸਪੀਕਰ ਸਾਹਿਬ, ਮੈਂ ਮਾਸਟਰ ਜੀ ਨੂੰ ਸੁਣਿਆ ਹੈ। ਉਨ੍ਹਾਂ ਹਰ ਚੀਜ਼ ਨੂੰ ਰਿਪੀਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਲਾਸ ਰੂਮ ਵਿਚ ਜਿਸ ਤਰ੍ਹਾਂ ਹੁੰਦਾ ਹੈ, ਇਕ ਗੱਲ ਲੈ ਲਈ ਔਰ ਉਹ ਹੀ ਨਹੀਂ ਛੱਡੀ। ਮੇਰੀ ਸਮਝ ਵਿਚ ਨਹੀਂ ਆਇਆ ਕਿ ਉਸ ਦਾ ਬਜਟ ਨਾਲ ਕੀ ਤੁਅੱਲਕ ਹੈ। ਮੈਂ ਇਸ ਬਜਟ ਤੇ ਆਪਣੇ ਵਿਚਾਰ ਰਖਣ ਤੋਂ ਪਹਿਲਾਂ ਪੰਜਾਬ ਦੇ ਖਜਾਨਾ ਮੰਤਰੀ ਨੂੰ, ਜਿਨ੍ਹਾਂ ਨੇ ਜਿਸ ਸਿਆਣਪ ਨਾਲ ਇਹ ਬਜਟ ਲਿਆਂਦਾ ਹੈ, ਇਕਨਾਮੀਕਲੀ, ਪ੍ਰੈਕਟੀਕਲੀ ਸਾਰੀਆਂ ਗੱਲਾਂ ਦਾ ਜ਼ਿਕਰ ਕੀਤਾ ਹੈ। ਫਾਇਨਾਂਸ ਮਨਿਸਟਰ ਸਾਹਿਬ ਨੇ ਸਾਰੀਆਂ ਗੱਲਾਂ ਜਿਨ੍ਹਾਂ ਗੱਲਾਂ ਦਾ ਜ਼ਿਕਰ ਆਉਣਾ ਵੀ ਚਾਹੀਦਾ ਸੀ, ਉਨ੍ਹਾਂ ਦਾ ਵਰਨਣ ਕਰਦੇ ਹੋਏ ਕਿ ਸੂਬੇ ਦੀ ਇਕਾਨੋਮੀ ਗਿਰ ਰਹੀ ਸੀ, ਸੂਬਾ ਪੁਲਿਟੀਕਲ ਕਰਾਈਸਿਜ਼ ਵਿਚ ਸੀ, ਉਸ ਦੇ ਬਾਰੇ ਬਜਟ ਦੇ ਸਫਾ 3 ਤੇ ਇਹ ਗੱਲ ਕਹੀ ਹੈ:

"This year my major concern is to attend to the structural. imbalances in Punjab's economy, regenerate its inner impluse of progress and growth and to provide it greater dynamism."

ਸਪੀਕਰ ਸਾਹਿਬ, ਇਹ ਬਜਟ ਪੰਜਾਬ ਦੇ ਹਰ ਤਬਕੇ ਨੂੰ ਚਾਹੇ ਉਹ ਸਕੂਲ ਵਿਚ ਹੈ, ਚਾਹੇ ਸੇਵਾਦਾਰ ਰਖਿਆ ਹੋਇਆ ਹੈ, ਸਰਕਾਰੀ ਮੁਲਾਜ਼ਮ ਹੈ, ਕਾਰਪੋਰੇਸ਼ਨਾਂ ਵਿਚ, ਯੂਨੀਵਰਸਿਟੀਆਂ ਵਿਚ ਹੈ, ਪ੍ਰਾਈਵੇਟ ਸਕੂਲਾਂ ਜਾਂ ਕਾਲਜਾਂ ਵਿਚ ਹੈ, ਕੋਈ ਹੋਰ ਧੰਦਾ ਕਰਦਾ ਹੈ, ਉਸ ਦੀ ਬਿਹਤਰੀ ਵਾਸਤੇ ਇਸ ਦੇ ਵਿਚ ਪ੍ਰੋਗਰਾਮ ਉਲੀਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਬਜਟ ਹੈ ਇਹ ਸਟੇਟ ਦੀ ਗਰੋਇੰਗ ਇਕਾਨਮੀ ਜਿਹੜੀ ਹੈ ਇਸ ਨੂੰ ਸਟਰੈਂਥਨ ਕਰਨ ਵਾਸਤੇ ਇਸ ਵਿਚ ਵਿਚਾਰ ਸਰਕਾਰ ਦਾ ਦਸਿਆ ਗਿਆ ਹੈ। ਇਸ ਵਿਚ ਹਰ ਖੇਤਰ ਦੀ ਇੰਡਸਟਰੀ ਬਾਰੇ ਜ਼ਿਕਰ ਹੈ, ਚਾਹੇ ਐਗਰੀਕਲਚਰ ਹੈ, ਕੋਈ ਵੀ ਖੇਤਰ ਹੈ ਉਸ ਨੂੰ ਇੰਪਰੂਵ ਕਰਨ ਵਾਸਤੇ ਵਿਚਾਰ ਦੱਸਿਆ ਗਿਆ ਹੈ। ਮੈਂ ਏਸ ਬਜਟ ਤੋਂ ਪਹਿਲਾਂ ਸਪੀਕਰ ਸਾਹਿਬ, ਸੂਬੇ ਦੀ ਕੀ ਹਾਲਾਤ ਰਹੀ, ਉਸ ਦਾ ਜ਼ਿਕਰ ਕਰੇ ਬਗੈਰ ਨਹੀਂ ਰਹਿ ਸਕਦਾ। ਮੈਂ ਇਹ ਸਮਝਦਾ ਹਾਂ ਕਿ ਇੰਨੀਆਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ]

ਔਕੜਾਂ ਸਨ, ਇੰਨਾ ਉਗਰਵਾਦ ਜਨਵਰੀ ਔਰ ਫਰਵਰੀ ਦੇ ਮਹੀਨੇ ਰਿਹਾ। ਇਥੇ ਕੁਝ ਲੋਕ ਸੁੱਖਾਂ ਸੁੱਖਦੇ ਸਨ ਕਿ ਇਸ ਸੂਬੇ ਦੀ ਇਹ ਸਰਕਾਰ ਇਹ ਬਜਟ ਸੈਸ਼ਨ ਨਹੀਂ ਝੁਲਾ ਸਕੇਗੀ। ਇਸ ਵਾਸਤੇ ਸਾਜਸ਼ਾਂ ਹੋਈਆਂ। ਇਥੇ ਦੋ ਸਾਜਸ਼ਾਂ ਹੋਈਆਂ। ਇਕ ਤਾਂ ਬਰਨਾਲਾ ਸਾਹਿਬ ਨੂੰ ਖਤਮ ਕਰਨ ਦੀ ਸ਼ਾਜ਼ਸ਼ ਕੀਤੀ ਗਈ ਔਰ ਦੂਸਰੀ ਸਰਦਾਰ ਬਲਵੰਤ ਸਿੰਘ ਨੂੰ ਝਾਂਸਾ ਦੇ ਕੇ ਫਸਾਣ ਦੀ ਕੋਸ਼ਿਸ਼ ਕੀਤੀ ਗਈ। (ਵਿਘਨ) ਸਪੀਕਰ ਸਾਹਿਬ ਇਹ ਮੇਰੀ ਗੱਲ ਸੁਣ ਲੈਣ। ਮੈਂ ਬੇਨਤੀ ਕਰਾਂਗਾ ਕਿ ਮੇਰੀ ਤਕਰੀਰ ਵਿਚ ਪਾਰਟੀਆਂ ਦਾ ਰੈਫਰੈਂਸ ਵੀ ਆਏਗਾ ਇੰਡੀਵੀਜੂਅਲ ਦਾ ਰੈਫਰੈਂਸ ਵੀ ਆਏਗਾ, ਖਾਨਦਾਨਾਂ ਦਾ ਵੀ ਆਏਗਾ, ਧਰਮ ਦਾ ਵੀ ਆਏਗਾ, ਪੁਰਾਣੇ ਸਪੀਕਰ ਦਾ ਵੀ ਆਏਗਾ, ਇਸ ਲਈ ਮੈਨੂੰ ਮੁਆਫ ਕਰਨਾ, ਜਿਹੜੇ ਪੁਰਾਣੇ ਪਾਰਲੀਮੈਂਟੇਰੀਅਨ ਰਹੇ ਹਨ ਉਨ੍ਹਾਂ ਦਾ ਰੈਫਰੈਂਸ ਵੀ ਆਏਗਾ ਪਰ ਮੈਂ ਕਿਸੇ ਤੇ ਐਸਪਰਸਨ ਨਹੀਂ ਕਰਾਂਗਾ। ਜੇ ਕੋਈ ਗਲ ਗਲਤ ਹੋ ਜਾਵੇ ਤਾਂ ਤੁਸੀਂ ਕਟਾ ਦੇਣਾਂ। ਮੈਂ ਦਸ ਰਿਹਾ ਸੀ ਕਿ ਸਰਦਾਰ ਬਲਵੰਤ ਸਿੰਘ ਜੀ ਨੂੰ ਝਾਂਸੇ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਗਈ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਜੀ ਨੇ ਇਸ ਹਿੰਦੁਸਤਾਨ ਵਿਚ ਜਿੰਨੀ ਸੇਵਾ ਕੀਤੀ ਉਹ ਬਹੁਤ ਜ਼ਿਆਦਾ ਹੈ। ਇਥੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਸਰਕਾਰ ਸਿੱਖ ਅਤਿਵਾਦੀਆਂ ਦੀ ਮਦਦ ਕਰਦੀ ਹੈ, ਜਿਹੜੀ ਅਕਾਲੀ ਪਾਰਟੀ ਹੈ ਇਹ ਅਤਿਵਾਦ ਦੀ ਸਪੋਰਟ ਕਰਦੀ ਹੈ। ਅਸੀਂ ਵੀ ਚਾਹੁੰਦੇ ਸੀ ਇਹ ਆਦਮੀ ਆਈ-ਡੈਂਟੀਫਾਈ ਹੋਣੇ ਚਾਹੀਦੇ ਹਨ ਕਿ ਕੌਣ ਅਤਿਵਾਦ ਦੇ ਨਾਲ ਹੈ। ਮੈਂ ਨਹੀਂ ਕਹਿੰਦਾ ਕਿ ਕੋਈ ਮੈਂਬਰ ਅਤਿਵਾਦ ਦੇ ਨਾਲ ਹੈ ਪਰ ਜਦੋਂ ਇਥੇ ਸਿਵਿਲ ਵਾਰ ਦੀਆਂ ਧਮਕੀਆਂ ਦਿੱਤੀਆਂ ਜਾਣ ਤਾਂ ਫਿਰ ਇਹ ਸਦਨ, ਤੁਸੀਂ ਸਾਰਾ ਹਿੰਦੁਸਤਾਨ ਇਹ ਸਮਝੇਗਾ ਕਿ ਕੌਣ ਅਤਿਵਾਦ ਦੇ ਨਾਲ ਹੈ। ਇਹ ਕਿਸੇ ਰਾਜਸੀ ਮੰਤਵ ਲਈ ਜਾਂ ਕਿਸੇ ਹੋਰ ਕਾਰਣ ਇਥੇ ਢੀਂਡਸਾ ਜੀ ਨੇ ਇਹ ਕਿਹਾ ਕਿ ਇਥੇ ਖਾਨਾਜੰਗੀ ਕਰ ਦਿਆਂਗੇ (ਵਿਘਨ) ਜੇ ਨਹੀਂ ਕਿਹਾ ਤਾਂ ਹੋ ਜਾਵੇਗਾ ਮਤਲਬ ਇਥੇ ਨਾਅਰੇ ਲਗਦੇ ਰਹੇ, ਨੰਗੀਆਂ ਤਲਵਾਰਾਂ ਦੇ ਨਾਲ ਇਹ ਨਾਅਰੇ ਲਗਦੇ ਰਹੇ ਕਿ ਜੋ ਹਾਲ ਸੰਤ ਲੌਂਗੋਵਾਲ ਦਾ ਹੋਇਆ ਹੈ ਉਹ ਬਰਨਾਲਾ ਸਾਹਿਬ ਦਾ ਕਰ ਦਿਆਂਗੇ। ਪਰ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਨੰਗੀਆਂ ਤਲਵਾਰਾਂ ਦੇ ਨਾਲ ਹਿੰਦੁਸਤਾਨ ਦੇ ਲੋਕਾਂ ਨੂੰ ਹਿੰਦੂਆਂ ਨੂੰ ਜਾਂ ਸਿੱਖਾਂ ਨੂੰ ਡਰਾਇਆ ਨਹੀਂ ਜਾ ਸਕਦਾ। ਇਥੇ 15 ਸਾਲ ਪਹਿਲੇ ਬੰਦੂਕ ਦੀ ਨਾਲੀ ਵਿਚੋਂ ਇਨਕਲਾਬ ਕਢਦੇ ਰਹਿੰਦੇ ਸਨ ਪਰ ਅਜ ਇਹ ਬੰਦੂਕ ਦੀ ਨਾਲੀ ਵਿਚੋਂ ਖਾਲਿਸਤਾਨ ਕੱਢਣਾ ਚਾਹੁੰਦੇ ਹਨ।ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸ਼੍ਰੋਮਣੀ ਅਕਾਲੀ ਦਲ ਜਿਸ ਦੀ ਰਹਿਨੁਮਾਈ ਬਰਨਾਲਾ ਸਾਹਿਬ ਕਰਦੇ ਹਨ ਇਹ ਕੰਮ ਕਦੇ ਨਹੀਂ ਹੋਣ ਦੇਣਗੇ। ਲੇਕਿਨ ਜੇ ਇਹ ਖਾਨਦਾਨਾਂ ਦੀਆਂ ਧਮਕੀਆਂ ਦਿੰਦੇ ਹਨ ਔਰ ਮਹਾ-ਰਾਜਾ ਸਾਹਿਬ ਇਥੇ ਕਹਿੰਦੇ ਹਨ ਕਿ ਸਾਡਾ ਅਤਿਵਾਦ ਨਾਲ ਕੋਈ ਤੁਅੱਲਕ ਨਹੀਂ, ਮੈਨੂੰ ਇਨ੍ਹਾਂ ਦੇ ਲਫਜ਼ਾਂ ਤੋਂ ਇਹ ਯਾਦ ਆਉਂਦਾ ਹੈ ਕਿ :

"ਦੇਖਾ ਤੋਂ ਤੀਰ ਖਾਕੇ ਅਪਨੇ ਹੀ ਦੋਸਤ ਸੇ ਮੁਲਾਕਾਤ ਹੋ ਗਈ"

ਸੋ ਇਸ ਲਈ ਮੈਂ ਜੋ ਸਿੱਖ ਧਰਮ ਦੀ ਸਟੱਡੀ ਕੀਤੀ ਹੈ ਉਹ ਥੋੜ੍ਹੀ ਮੈਨੂੰ ਪਤਾ ਹੈ ਅਤੇ ਢੇਰੀ ਦਾ ਪਤਾ ਵੀ ਨਹੀਂ ਲੇਕਿਨ ਮੈਂ ਜ਼ਾਤੀ ਤੌਰ ਤੇ ਇਹ ਕਹਿ ਸਕਦਾ ਹਾਂ ਕਿ ਇਹ ਸਿਖ ਧਰਮ ਸਭ ਤੋਂ ਨਵੀਨ ਧਰਮ ਹੈ। ਇਸ ਨੇ ਬੜੀ ਲੋਕਾਂ ਦੀ ਸੇਵਾ ਕੀਤੀ। ਪਰ ਕੁਝ ਲੋਕਾਂ ਨੇ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਜਿਹੜੇ ਲੋਕਾਂ ਦੀ ਸੇਵਾ ਕਰਨ ਵਾਲੇ ਸਨ ਉਨ੍ਹਾਂ ਦੇ ਖਿਲਾਫ ਵੋਟ ਆਫ ਨੋ-ਕਾਨਫੀਡੈਂਸ ਲੈ ਆਏ ਪਰ ਉਹ ਇਸ ਨੂੰ ਇੰਟਰੋਡਿਊਸ ਵੀ ਨਾ ਕਰ ਸਕੇ। ਔਰ ਇਸ ਦਾ ਪ੍ਰਚਾਰ ਇਹ ਕੀਤਾ ਕਿ ਇਹ ਸਰਕਾਰ ਟੁੱਟੇਗੀ ਔਰ ਇਥੇ ਪੰਜਾਬ ਵਿਚ ਪ੍ਰੈਜ਼ੀਡੈਂਟ ਰੂਲ

Original with;
Punjab Vidhan Sabha
Digitized by;
Panjab Digital Library

ਹੋਵੇਗਾ ਔਰ ਇਥੇ ਹੁਕਮਨਾਮਾ ਇਸੂ ਹੋਵੇਗਾ। ਇਹਨਾਂ ਨੂੰ ਪਹਿਲੇ ਪਤਾ ਲਗ ਚੁਕਾ ਸੀ ਕਿ ਪਲੈਨਿੰਗ ਬਣ ਚੁੱਕੀ ਹੈ ਸਰਕਾਰ ਤੋੜਨ ਦੀ ਅਤੇ ਹੁਕਮਨਾਮਾ ਜਬਰਦਸਤੀ ਜਾਰੀ ਕੀਤਾ ਜਾਵੇਗਾ। ਅਤੇ ਜਬਰਦਸਤੀ ਹੋਰ ਚੀਫ ਮਨਿਸਟਰ ਚੁਣ ਲਿਆ ਜਾਵੇਗਾ। ਔਰ ਇਥੇ ਨਾਅਰੇ ਲਗਦੇ ਰਹੇ ਕਿ ਟਰੱਕ ਵਿਚ ਵੱਜੀ ਕਾਰ ਬਰਨਾਲੇ ਦੀ, ਸਰਕਾਰ ਟੁੱਟੀ ਬਰਨਾਲੇ ਦੀ, ਇਥੋਂ ਤੱਕ ਕਿਹਾ ਕਿ 2 ਤਾਰੀਖ ਨੂੰ ਇਹ ਹੋਵੇਗਾ ਅਤੇ 4 ਤਾਰੀਖ ਨੂੰ ਇਹ ਹੋਵੇਗਾ ਅਤੇ ਉਸੇ ਤਰ੍ਹਾਂ ਹੁੰਦਾ ਰਿਹਾ। ਮੈਂ ਕਿਸੇ ਧਾਰਮਿਕ ਵਿਅਕਤੀ ਦੇ ਬਾਰੇ ਕੋਈ ਟਿਪਣੀ ਨਹੀਂ ਕਰਨਾ ਚਾਹੁੰਦਾ ਲੇਕਿਨ ਉਹ ਫੈਕਟਾਂ ਦਾ ਜ਼ਿਕਰ ਕਰਦਾ ਹਾਂ। ਇਹ ਮੈਂ ਸਮਝਦਾ ਹਾਂ ਕਿ ਸਿੱਖ ਧਰਮ ਸਾਂਝਾ ਧਰਮ ਹੈ ਜਾਂ ਫੇਰ ਅਲਹਿਦਾ ਅਲਹਿਦਾ ਹੈ। ਇਹ ਇਕ ਬੜਾ ਡੈਲੀਕੇਟ ਇਸ਼ੂ ਹੈ। ਇਥੇ ਕਿਹਾ ਗਿਆ ਕਿ ਸਿੱਖ ਧਰਮ ਨੂੰ ਰਾਜਨੀਤੀ ਵਿਚ ਨਾ ਪਾਇਆ ਜਾਵੇ। ਜੇਕਰ ਧਰਮ ਅਤੇ ਸਿਆਸਤ ਅੱਡ ਅੱਡ ਹੁੰਦੇ ਤਾਂ ਛੇਵੀਂ ਪਾਤਸ਼ਾਹੀ ਨੇ ਇਥੇ ਮੀਰੀ ਅਤੇ ਪੀਰੀ ਦਾ ਰਾਜ ਨਹੀਂ ਚਲਾਉਣਾ ਸੀ ਅਤੇ ਇਸ ਦੇ ਲਈ ਉਹ ਲੜਦੇ ਰਹੇ। ਧਰਮ ਇਨਸਾਨ ਨੂੰ ਰਾਜਨੀਤੀ ਵਿਚ ਠੀਕ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਧਰਮ ਦਾ ਰਾਜ ਦੇ ਨਾਲ ਅਤੇ ਸਟੇਟ ਦੇ ਨਾਲ ਤੁਅੱਲਕ ਨਹੀਂ ਹੁੰਦਾ ਹੈ। ਇਥੇ ਬਰਨਾਲਾ ਸਾਹਿਬ ਕੋਈ ਇੰਡੀਵਿਜੂਅਲ ਨਹੀਂ ਹਨ ਜਿਸ ਉਤੇ ਹੁਕਮਨਾਮਾ ਜਾਰੀ ਹੋ ਸਕਦਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਧਰਮ ਦਾ ਸਟੇਟ ਨਾਲ ਕੋਈ ਤੁਅੱਲਕ ਨਹੀਂ ਹੈ। ਚਾਹੇ ਕੋਈ ਹਿੰਦੂ ਧਰਮ ਹੋਵੇ, ਸਿੱਖ ਹੋਵੇ, ਮੁਸਲਿਮ ਧਰਮ ਹੋਵੇ ਅਤੇ ਚਾਹੇ ਇਸਾਈ ਧਰਮ ਹੋਵੇ ਉਸ ਦਾ ਸਟੇਟ ਨਾਲ ਕੋਈ ਤੁਅੱਲਕ ਨਹੀਂ ਹੈ। ਧਰਮ ਸਟੇਟ ਦੇ ਕੰਮ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦਾ। ਜੇਕਰ ਕੋਈ ਧਾਰਮਿਕ ਸਥਾਨ ਤੇ ਬੈਠ ਕੇ ਸਟੇਟ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਦਾ ਹੈ ਜਾਂ ਕੋਈ ਸਟੇਟ ਬਾਰੇ ਹੁਕਮਨਾਮਾ ਜਾਰੀ ਕਰਦਾ ਹੈ ਉਹ ਗਲਤ ਹੈ। ਇਹ ਇਕ ਡੈਲੀਕੇਟ ਇਸ਼ੂ ਹੈ। ਹਿੰਦੁਸਤਾਨ ਵਿਚ ਪਹਿਲੇ ਇਥੇ ਹਿੰਦੂਆਂ ਦਾ ਰਾਜ ਸੀ ਅਤੇ ਜਦੋਂ ਇਥੇ ਹਿੰਦੂ ਰਾਜਿਆਂ ਉਤੇ ਪੰਡਤਾਂ ਨੇ ਫਤਵਾ ਦੇਣੇ ਸ਼ੁਰੂ ਕੀਤੇ ਤਾਂ ਉਹ ਰਾਜ ਨਹੀਂ ਰਹੇ ਔਰ ਰਾਜ ਹੀ ਖਤਮ ਹੋ ਗਏ। ਉਸ ਤੋਂ ਬਾਅਦ ਮੁਸਲਮਾਨਾਂ ਦਾ ਰਾਜ ਆਇਆ ਜਦੋਂ ਇਥੇ ਮੌਲਵੀਆਂ ਨੇ ਸਟੇਟ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਕੀਤੀ ਅਤੇ ਰਾਜਿਆਂ ਦੇ ਖਿਲਾਫ ਫਤਵੇ ਦਿੱਤੇ ਤਾਂ ਉਥੇ ਹੀ ਰਾਜ ਖਤਮ ਹੋ ਗਏ। ਧਰਮ ਦੀ ਖਾਤਿਰ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਦੀਵਾਰਾਂ ਵਿਚ ਚੁਣਵਾ ਦਿੱਤੇ ਗਏ। ਇਹ ਵੀ ਫਤਵਾ ਮੌਲਵੀ ਨੇ ਦਿੱਤਾ ਸੀ। ਉਥੇ ਦਾ ਸੂਬੇਦਾਰ ਨਾ ਮੰਨੇ ਪਰ ਮੌਲਵੀ ਨੇ ਹੁਕਮ ਵਿਚ ਫਤਵਾ ਦੇ ਦਿੱਤਾ ਅਤੇ ਤਬਾਹੀ ਹੋਈ। ਜਿਸ ਵਕਤ ਵੀ ਧਰਮ ਨੇ ਸਟੇਟ ਦੇ ਮਾਮਲੇ ਵਿਚ ਦਖਲ ਅੰਦਾਜ਼ੀ ਕੀਤੀ ਹੈ ਤਾਂ ਤਬਾਹੀ ਹੀ ਹੋਈ ਹੈ। ਮਹਾਰਾਜਾ ਸਾਹਿਬ ਨੇ ਬੋਲਦੇ ਹੋਏ ਐਕਸਟਰੀਮਿਸਟਾਂ ਦੇ ਬਾਰੇ ਆਇਰਲੈਂਡ ਦਾ ਰੈਫਰੈਂਸ ਦਿੱਤਾ। ਮੈਂ ਤਾਂ ਬਾਹਰ ਨਹੀਂ ਗਿਆ ਇਨ੍ਹਾਂ ਨੂੰ ਹੀ ਪਤਾ ਹੋਵੇਗਾ। ਮੈਨੂੰ ਇੰਗਲੈਂਡ ਦਾ ਪਤਾ ਹੈ ਉਥੇ ਚਰਚ ਹਨ ਜਦ ਸਟੇਟ ਦੇ ਮਾਮਲੇ ਵਿਚ ਚਰਚ ਨੇ ਦਖਲ ਅੰਦਾਜ਼ੀ ਕੀਤੀ ਤਾਂ ਉਥੋਂ ਦੇ ਲੋਕਾਂ ਨੇ ਬਗਾਵਤ ਕਰ ਦਿਤੀ ਜਿਸ ਨਾਲ ਉਥੇ ਦੇ ਧਰਮ ਬਣ ਗਏ ਇਕ ਕੈਥੋਲਿਕ ਅਤੇ ਦੂਜਾ ਪ੍ਰੋਟੈਸਟੈਂਟ। ਧਰਮ ਕਿਸੇ ਸਟੇਟ ਦੇ ਮਾਮਲੇ ਵਿਚ ਦਖਲ ਨਹੀਂ ਦੇ ਸਕਦਾ। ਅਸੀਂ ਤਰੱਕੀ ਕੀਤੀ ਹੈ ਅਤੇ ਸਾਡੀ ਸਭਿਅਤਾ ਨੇ ਤਰੱਕੀ ਕੀਤੀ ਹੈ ਅਤੇ ਅਸੀਂ ਇਥੇ ਲਰਨ ਕੀਤਾ ਹੈ। ਸਟੇਟ ਔਰ ਧਰਮ ਅਲਹਿਦਾ ਅਲਹਿਦਾ ਸਬਜੈਕਟਸ ਹਨ ਅਤੇ ਇਨ੍ਹਾਂ ਨੂੰ ਇਕ ਦੂਸਰੇ ਨਾਲ ਜੋੜਿਆ ਨਹੀਂ ਜਾ ਸਕਦਾ। ਜਿਸ ਤਰ੍ਹਾਂ ਇਥੇ ਸਰਦਾਰ ਦਰਸ਼ਨ ਸਿੰਘ ਨੇ ਹੁਕਮਨਾਮਾ ਜਾਰੀ ਕਰ ਦਿੱਤਾ ਅਤੇ ਬਰਨਾਲਾ ਸਾਹਿਬ ਦੀ ਮਦਦ ਦੇ ਵਾਸਤੇ 48 ਦੇ 48 ਮੈਂਬਰ ਇਨ੍ਹਾਂ ਦੇ ਨਾਲ ਖੜ੍ਹੇ ਹੋ ਗਏ ਔਰ ਇਸ ਚੀਜ਼ ਦਾ ਸਬੂਤ ਦਿੱਤਾ ਕਿ ਇਹ ਫਤਵਾ ਗਲਤ ਹੈ (ਥੰਪਿੰਗ) ਇਸ਼ ਦੇ ਵਿਰੁੱਧ ਪੰਜਾਬ

Original with;
Punjab Vidhan Sabha
Digitized by;
Panjab Digital Library

[ਰਾਜ਼ ਮੰਤਰੀ, ਕਿਰਤ ਤੇ ਰੁਜ਼ਗਾਰ]
ਦੇ ਲੋਕ ਹੀ ਨਹੀਂ ਬਲਕਿ ਹਿੰਦੁਸਤਾਨ ਦੀਆਂ ਸਾਰੀਆਂ ਪੁਲੀਟੀਕਲ ਪਾਰਟੀਆਂ ਇਨ੍ਹਾਂ ਦੀ ਮੱਦਦ ਵਾਸਤੇ ਖੜ੍ਹੀਆਂ ਹੋ ਗਈਆਂ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਖਤਰੇ ਵਿਚ ਪੈ ਸਕਦੀ ਸੀ ਅਤੇ ਇਸ ਦੇ ਬੜੇ ਖਤਰਨਾਕ ਨਤੀਜੇ ਨਿਕਲ ਸਕਦੇ ਸਨ ਔਰ ਇਸ ਦੀ ਸਪੋਰਟ ਸਾਰੇ ਲੋਕਾਂ ਨੇ ਕੀਤੀ ਚਾਹੇ ਉਹ ਕਿਸੇ ਪਾਰਟੀ ਦਾ ਸੀ ਅਤੇ ਚਾਹੇ ਕਿਸੇ ਧਰਮ ਦਾ ਸੀ ਪਰ ਮੇਰੇ ਦੋਸਤ ਚੰਦਰ ਸ਼ੇਖਰ ਨੂੰ ਪਤਾ ਨਹੀਂ ਕੀ ਹੋ ਗਿਆ ਸਪੀਕਰ ਸਾਹਿਬ, ਮੈਨੂੰ ਸਰਦਾਰ ਕਿਰਪਾਲ ਸਿੰਘ ਜੀ ਬਾਰੇ ਸਮਝ ਨਹੀਂ ਆਈ, ਉਹ ਮੈਨੂੰ ਮਾਫੀ ਦੇਣਗੇ ਮੈਂ ਸਾਰੀਆਂ ਗੱਲਾਂ ਵਿਚ ਨਹੀਂ ਜਾਂਦਾ। ਮੈਂ ਇਸ ਗੱਲ ਵਿਚ ਵੀ ਨਹੀਂ ਜਾਂਦਾ ਕਿ ਅਕਾਲ ਤਖਤ ਨਾਲ ਟਕਰਾਓ ਹੋ ਰਿਹਾ ਹੈ। ਮੈਂ ਸਿੱਖਾਂ ਦੀ ਗੱਲ ਨਹੀਂ ਕਰਦਾ। ਅਕਾਲ ਤਖਤ ਦਾ ਮੇਰੇ ਦਿਲ ਵਿਚ ਸਤਿਕਾਰ ਹੈ, ਮਾਣ ਹੈ। ਮੈਂ ਸਮਝਦਾ ਹਾਂ ਕਿ ਮੇਰੇ ਦਿਲ ਵਿਚ ਸਤਿਕਾਰ ਕਿਸੇ ਸਿੱਖ ਤੋਂ ਘੱਟ ਨਹੀਂ ਹੈ। ਸਪੀਕਰ ਸਾਹਿਬ, ਇਹ ਮੇਰੇ ਦੋਸਤ ਜਿਹੜੇ ਸਾਹਮਣੇ ਬੈਠੇ ਹਨ ਜੋ ਨਵੀਂ ਐਕਟਿੰਗ ਕਰ ਰਹੇ ਹਨ। ਜੇ ਇਹ ਆਉਂਦੇ ਹਨ ਜਾਂ ਪਿਛੇ ਉਥੇ ਚਲੇ ਗਏ ਸਨ ਤਾਂ ਡਾਕਟਰ ਸਾਹਿਬ ਕਹਿੰਦੇ ਸਨ ਕਿ ਮੈਂ ਪਹਿਲੇ ਸਪੀਕਰ ਸਾਹਿਬ ਤੋਂ ਵੱਧ ਮਾਰਕੇ ਦੀ ਗੱਲ ਕਰਾਂਗਾ। ਸਪੀਕਰ ਸਾਹਿਬ, ਇਹ ਵਾਕਿਆ 1973 ਦਾ ਹੈ। ਇਸ ਅਸੈਂਬਲੀ ਵਿਚ ਕਈ ਮਾਨਯੋਗ ਮੈਂਬਰਾਂ ਨੇ ਦੇਖਿਆ ਹੋਵੇਗਾ। ਉਸ ਵੇਲੇ ਜਦੋਂ ਕੁਝ ਇਧਰ ਉਧਰ ਹੋਈ ਡਾਕਟਰ ਸਾਹਿਬ ਨੂੰ ਡਿਪਟੀ ਸਪੀਕਰ ਬਣਾਇਆ ਗਿਆ ਸੀ। ਉਸ ਤੋਂ ਬਾਅਦ ਫਿਰ ਡਾਕਟਰ ਸਾਹਿਬ ਸਪੀਕਰ ਬਣ ਗਏ ਸਨ। ਡਿਪਟੀ ਸਪੀਕਰ ਸਾਹਿਬ, ਪਹਿਲੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਚਲੇ ਗਏ। ਪਹਿਲੇ ਡਿਪਟੀ ਸਪੀਕਰ ਸਾਹਿਬ ਵੀ ਤਸ਼ਰੀਫ ਲੈ ਆਏ। ਉਸ ਵੇਲੇ ਇਥੇ ਇਕ ਰੂਲਿੰਗ ਆ ਗਈ ਜੋ ਕਿ ਮਾਨਯੋਗ ਕਈ ਮੈਂਬਰਾਂ ਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ ਨੇ ਇਕ ਰੂਲਿੰਗ ਦੇ ਦਿਤੀ ਕਿ ਇਥੇ ਅਕਾਲੀ ਪਾਰਟੀ ਦਾ ਨਾਂ ਨਹੀਂ ਲਿਤਾ ਜਾ ਸਕਦਾ ਔਰ ਨਾ ਹੀ ਕਾਂਗਰਸ ਪਾਰਟੀ ਦਾ ਨਾਂ ਲਿਤਾ ਜਾ ਸਕਦਾ ਹੈ। ਇਥੇ ਪਾਰਟੀਆਂ ਦਾ ਨਾਉਂ ਨਹੀਂ ਲਿਤਾ ਜਾ ਸਕਦਾ। ਇਸ ਗੱਲ ਦਾ ਸਾਰਾ ਹਾਊਸ ਚਿੰਤਤ ਹੋ ਗਿਆ। ਅਕਾਲੀ ਆਪਣੇ ਆਪ ਨੂੰ ਅਕਾਲੀ ਨਹੀਂ ਕਹਿ ਸਕਦੇ। ਕਾਂਗਰਸੀ ਆਪਣੇ ਆਪ ਨੂੰ ਕਾਂਗਰਸੀ ਨਹੀਂ ਕਹਿ ਸਕਦੇ। ਸਪੀਕਰ ਸਾਹਿਬ, ਇਹ ਰੂਲਿੰਗ ਸਕਰੈਪ ਹੋਈ। ਇਹ ਬਹੁਤ ਕਾਹਲੀ ਨਾਲ ਕੰਮ ਕੀਤਾ ਗਿਆ ਹੈ। ਕੀ ਪਤਾ ਸੀ ਕਿ ਇਨ੍ਹਾਂ ਨੂੰ ਪੱਕਾ ਕਰ ਦੇਣਗੇ ਜਾਂ ਨਹੀਂ।

**ਸਰਦਾਰ ਹਰਦਿਆਲ ਸਿੰਘ ਰਾਜਲਾ :** ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਆਪਣਾ ਰੁਖ ਬਦਲਣ। ਇਹ ਕਿਤੇ ਕਹਿੰਦੇ ਹਨ ਕਿ ਨਵਾਂ ਡੀ.ਐਸ.ਪੀ. ਹੈ ਔਰ ਕਿਤੇ ਕਹਿੰਦੇ ਹਨ ਕਿ ਨਵਾਂ ਐਸ. ਐਚ. ਓ. ਹੈ। ਇਹ ਬਹੁਤ ਗਲਤ ਰੁਖ ਇਖਤਿਆਰ ਕਰ ਰਹੇ ਹਨ। ਇਨ੍ਹਾਂ ਨੂੰ ਆਪ ਅਕਾਲ ਤਖਤ ਬਾਰੇ ਪਤਾ ਨਹੀਂ ਹੈ। ਇਹ ਸਪੀਕਰ ਸਾਹਿਬ, ਹਾਊਸ ਨੂੰ ਗੁਮਰਾਹ ਕਰ ਰਹੇ ਹਨ। (ਵਿਘਨ)

ਸ੍ਰੀ ਸਪੀਕਰ : ਤੁਸੀਂ ਗੁਪਤਾ ਜੀ, ਕੰਟੀਨਿਊ ਰੱਖੋ।

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਕੋਲ ਬੋਲਣ ਲਈ ਵਜ਼ੀਰ ਹੀ ਵਜ਼ੀਰ ਹਨ ਜਾਂ ਕੋਈ ਬੋਲਣ ਲਈ ਮੈਂਬਰ ਵੀ ਹੈ ? ਵਜ਼ੀਰ ਹੀ ਸਰਕਾਰ ਦੀ ਝੋਲੀ ਚੁਕੀ ਜਾ ਰਹੇ ਹਨ । ਮੈਂ ਮੰਤਰੀ ਜੀ ਨੂੰ ਕਹਾਂਗਾ ਕਿ ਪ੍ਰੋਫੈਸਰ ਦਰਸ਼ਨ ਸਿੰਘ ਜੀ ਇਸ ਹਾਊਸ ਦੇ ਮੈਂਬਰ ਨਹੀਂ ਹਨ, ਉਹ ਅਕਾਲ ਤਖਤ ਦੇ ਜੱਥੇਦਾਰ ਹਨ ਅਤੇ ਧਾਰਮਿਕ ਵਿਚਾਰਾਂ ਦੇ ਹਨ। ਇਹ ਮੰਤਰੀ

Original with;
Punjab Vidhan Sabha
Digitized by;
Panjab Digital Library

ਜੀ ਉਨ੍ਹਾਂ ਦਾ ਨਾਂ ਨਾ ਲੈਣ ਔਰ ਕੋਈ ਐਸੀ ਗੱਲ ਉਨ੍ਹਾਂ ਵਿਰੁੱਧ ਨਾ ਕਹਿਣ । ਉਹ ਆਪਣੀ ਪੁਜ਼ੀਸ਼ਨ ਦਾ ਇਸ ਹਾਊਸ ਵਿਚ ਸਪਸ਼ਟੀਕਰਨ ਨਹੀਂ ਦੇ ਸਕਦੇ । ਕਿਹਾ ਗਿਆ ਹੈ ਕਿ ਕਾਹਲੀ ਵਿਚ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਨੇ ਕੋਈ ਕਾਹਲੀ ਨਹੀਂ ਕੀਤੀ । ਇਨ੍ਹਾਂ ਨੂੰ ਸਪੀਕਰ ਸਾਹਿਬ, ਤੁਸੀਂ ਰੋਕ ਲਾਓ । (ਵਿਘਨ)

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਰਾਜਨੀਤੀ ਦੀ ਗੱਲ ਕਰ ਰਿਹਾ ਸੀ । ਮੇਰਾ ਕਿਸੇ ਦਾ ਮਨ ਦੁਖਾਉਣ ਦਾ ਕੋਈ ਮਤਲਬ ਨਹੀਂ ਸੀ । ਹਿਸਟੋਰੀਕਲ ਪਾਸਟ ਨੂੰ ਜ਼ਰੂਰ ਗ੍ਰਹਿਣ ਕਰਨਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਪੰਜਾਬੀ ਭਾਸ਼ਾ ਕੀ ਸਿੱਖਾਂ ਦੀ ਭਾਸ਼ਾ ਹੈ? ਕੁਝ ਲੋਕ ਪੰਜਾਬੀ ਭਾਸ਼ਾ ਨੂੰ ਸਿੱਖਾਂ ਦੀ ਭਾਸ਼ਾ ਕਹਿੰਦੇ ਹਨ ਔਰ ਉਹ ਪੰਜਾਬ ਦੀ ਭਾਸ਼ਾ ਨਹੀਂ ਮੰਨਦੇ । ਇਸ ਵਾਸਤੇ ਲੜਾਈ ਹੈ ਕਿ ਪੰਜਾਬੀ ਪੰਜਾਬ ਦੀ ਭਾਸ਼ਾ ਹੈ। ਮੈਨੂੰ ਯੂਨੀਫਾਈਡ ਅਕਾਲੀ ਦਲ ਦਾ ਤਜ਼ਰਬਾ ਹੈ। ਪੰਜਾਬ ਦਾ ਤਜ਼ਰਬਾ ਹੈ। ਮੈਂ ਬੜਾ ਸੋਚਿਆ ਕਿ ਅਕਾਲੀ ਪਾਰਟੀ ਬਣੇ, ਔਰ ਸਿੱਖਾਂ ਦੀ ਪਾਰਟੀ ਹੋਵੇ, ਇਲਜ਼ਾਮ ਲੋਕਾਂ ਤੇ ਹੋਵੇ ਕਿ ਪੰਜਾਬੀ ਭਾਸ਼ਾ ਨਹੀਂ ਮੰਨਦੇ । ਮੈਨੂੰ ਕੋਈ ਵਿਦਵਾਨ ਤੋਂ ਵਿਦਵਾਨ, ਰੌਲਾ ਪਾਉਣ ਵਾਲਿਆਂ ਵਿਚੋਂ ਵੀ ਸਮਝਾ ਦੇਵੇ ਕਿ ਯੂਨੀਫਾਈਡ ਦੀ ਟਰਾਂਸਲੇਸ਼ਨ ਕੀ ਹੈ । ਪੰਜਾਬੀ ਇਸ ਸੂਬੇ ਦੀ ਭਾਸ਼ਾ ਹੈ। ਤੁਸੀਂ ਇਹ ਕਹਿੰਦੇ ਰਹੇ ਹੋ ਕਿ ਇਹ ਸਿੱਖਾਂ ਦੀ ਭਾਸ਼ਾ ਕਹਿੰਦੇ ਰਹੇ ਹਨ। ਪਰ ਅੱਜ ਤੁਸੀਂ ਬਹੁਤੇ ਬਹਾਦਰੋ, ਜੋਧਿਓ, ਇਸ ਦੀ ਟਰਾਂਸਲੇਸ਼ਨ ਕਰ ਦਿਓ ਕਿ ਯੂਨੀਫਾਈਡ ਅਕਾਲੀ ਦਲ ਦਾ ਮਤਲਬ ਕੀ ਹੈ ? ਇਸ ਦੀ ਅੱਜ ਤੱਕ ਪੰਜਾਬੀ ਵਿੱਚ ਟਰਾਂਸਲੇਸ਼ਨ ਹੋ ਹੀ ਨਹੀਂ ਸਕੀ ਕਿਉਂਕਿ ਇਹ ਸ਼ਬਦ ਇੰਗਲੈਂਡ ਤੋਂ ਆਇਆ ਹੈ। ਜਦੋਂ ਆਪਾਂ ਫੇਰ ਕਹਿ ਦਈਏ ਕਿ ਇਸ ਸਾਰੀ ਸਿਚੂਏਸ਼ਨ ਦੇ ਪਿਛੇ ਵਿਦੇਸ਼ੀ ਹੱਥ ਹੈ, ਫੇਰ ਕਹਿੰਦੇ ਹਨ ਕਿ ਵਿਦੇਸ਼ੀ ਹੱਥ ਕਦੇ ਨਹੀਂ ਚਲਦਾ ਜਿੰਨੀ ਦਰ ਤੱਕ ਦੇਸੀ ਹੱਥ ਵਿੱਚ ਨਾ ਹੋਵੇ । ਮੈਨੂੰ ਤਾਂ ਕਪਤਾਨ ਸਾਹਿਬ ਘੋਖ ਕਰਕੇ ਦਸਦੇ ਹੀ ਨਹੀਂ ਕਿ ਦੇਸੀ ਹੱਥ ਕਿਹੜਾ ਹੈ । ਕਈ ਹੁੰਦੇ ਹਨ। ਦੇਸੀ ਹੱਥ ਦੇ ਬਗੈਰ ਦੇਸ਼ ਦੇ ਖਿਲਾਫ ਕੰਮ ਹੋ ਹੀ ਨਹੀਂ ਸਕਦਾ। 1955 ਦੇ ਵਿੱਚ ਜਿਹੜਾ ਹਿੰਦੁਸਤਾਨ ਦਾ ਮੋਸਟ ਸੀਕਰੇਟ ਡਾਕੂਮੈਂਟ ਸੀ ਕਰਨਲ ਨਾਸਰ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਕਾਰਸਪੋਂਡੈਂਸ । ਉਹ ਉਨ੍ਹਾਂ ਦੇ ਦਫ਼ਤਰ ਵਿਚੋਂ ਲੀਕ-ਆਊਟ ਹੋਈ ਸੀ । ਕਿਸੇ ਵੀ ਵਿਦੇਸ਼ੀ ਨੂੰ ਕਿਸੇ ਵੀ ਦੇਸ਼ ਵਿੱਚ ਗਬਬੜ ਕਰਨ ਵਾਸਤੇ ਦੇਸੀ ਹੱਥ ਚਾਹੀਦਾ ਹੁੰਦਾ ਹੈ । ਤੁਸੀਂ ਦੇਸੀ ਹੱਥ ਹੋ ਜਾਂ ਨਹੀਂ ਹੋ, ਆਪਣੇ ਆਪ ਨੂੰ ਪੇਸ਼ ਨਾ ਕਰੋ, ਸਾਬਤ ਨਾ ਕਰੋ, ਇਸਦੇ ਵਿੱਚ ਹੀ ਭਲਾ ਹੈ। ਸਪੀਕਰ ਸਾਹਿਬ, ਮੈਂ ਕਾਂਗਰਸੀ ਵੀ ਰਿਹਾ ਹਾਂ, ਹੁਣ ਮੈਂ ਸ਼੍ਰੋਮਣੀ ਅਕਾਲੀ ਦਲ ਦਾ ਮੈਂਬਰ ਹਾਂ । ਪਾਰਟੀਆਂ ਜਦ ਪਾਵਰ ਵਿੱਚ ਨਾ ਹੋਣ ਤਾਂ ਬੜਾ ਕੁਝ ਕਰ ਜਾਂਦੀਆਂ ਹਨ । ਸਰਦਾਰ ਬਲਵੰਤ ਸਿੰਘ ਹੋਰੀਂ ਸਰਕਾਰ ਬਣੀ ਤੋਂ ਬਾਅਦ ਇਕੱਲੇ ਇਕੱਲੇ ਪਿੰਡ ਜਾ ਕੇ ਬੜੇ ਫਖਰ ਨਾਲ ਕਹਿੰਦੇ ਸਨ ਕਿ ਖਾਲਸਾ ਜੀ, ਜਦ ਪਹਿਲੀਆਂ ਸਰਕਾਰਾਂ ਬਣੀਆਂ ਸਨ ਤਾਂ ਇਲੈਕਸ਼ਨ ਹੁੰਦੇ ਸਨ ਤਾਂ ਇਕ ਬੇੜੀ ਵਿੱਚ ਪੰਜ ਮਲ੍ਹਾਹ ਚੜ੍ਹਾਏ ਜਾਂਦੇ ਸਨ, ਪੰਥ ਵੀ ਨਾਲ ਹੀ ਚੜ੍ਹ ਜਾਂਦਾ ਸੀ । ਅਸੀਂ ਸਰਕਾਰ ਬਣਾ ਲੈਂਦੇ ਸਾਂ ਪਰ ਦੂਜੇ ਮਲਾਹ ਬੇੜੀ ਨੂੰ ਡੋਬ ਦੇਂਦੇ ਸਨ ਅਤੇ ਸਰਕਾਰ ਟੁੱਟ ਜਾਂਦੀ ਸੀ । ਹੁਣ ਹੋਰ ਕੋਈ ਮਲਾਹ ਨਹੀਂ ਚੜ੍ਹਿਆ । ਸ਼੍ਰੋਮਣੀ ਅਕਾਲੀ ਦਲ ਦੀ ਸੰਪੂਰਣ ਮਨੋਪਲੀ ਸੀ । ਹਰ ਬੰਦਾ ਸ਼੍ਰੋਮਣੀ ਅਕਾਲੀ ਦਲ ਦੇ ਤਕੜੀ ਦੇ ਨਿਸ਼ਾਨ ਤੇ ਇਲੈਕਸ਼ਨ ਲੜਿਆ । ਹੁਣ ਤਾਂ ਗੈਰ ਮਲਾਹ ਨਹੀਂ ਸਨ। ਹੁਣ ਗੈਰ ਮਲਾਹ ਦਾ ਕੰਮ ਕਰਨ ਲਈ ਮੇਰੇ ਭਰਾ ਬੈਠੇ ਹਨ। ਸਰਕਾਰ ਕਿਉਂ ਚਲਦੀ ਹੈ, ਜੇ ਗੈਰ ਮਲਾਹ ਨਹੀਂ ਹੈ ਤਾਂ ਆਪਾਂ ਬਣ ਜਾਂਦੇ ਹਾਂ ਆਪਾਂ ਹੀ ਸਰਕਾਰ ਤੋੜਨ ਵਾਲੇ ਗੈਰ-ਮਲਾਹ ਬਣ ਜਾਂਦੇ ਹਾਂ। ਇਥੇ ਇਹ ਕੰਮ ਹੁੰਦਾ ਰਿਹਾ। 1977 ਦੀ ਮੈਂ ਗੱਲ ਕਰਦਾ ਹਾਂ ਜਦੋਂ ਹਿੰਦੁਸਤਾਨ ਦੇ ਨਾਰਦਰਨ ਹਿੱਸੇ ਵਿੱਚ ਕਾਂਗਰਸ ਹਾਰੀ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ]

ਦੂਜੀਆਂ ਸਰਕਾਰਾਂ ਬਣੀਆਂ ਸਨ। ਭਿੰਡਰਾਂਵਾਲੇ ਜੀ ਬੜੇ ਧਾਰਮਿਕ ਇਨਸਾਨ ਸਨ। ਉਨ੍ਹਾਂ ਦਾ ਕਿਸੇ ਰਾਜਨੀਤੀ ਨਾਲ ਤਾਅਲੁੱਕ ਨਹੀਂ ਸੀ। ਅੱਜ ਮੈਂ ਬਿਆਨ ਪੜ੍ਹ ਦੇਂਦਾ ਹਾਂ ਕਈ ਲੀਡਰਾਂ ਦੇ ਜੋ ਕਹਿੰਦੇ ਸਨ ਕਿ ਪੰਜਾਬ ਦੇ ਮਸਲੇ ਦਾ ਹੱਲ ਤਾਂ ਮੇਰੇ ਕੋਲ ਹੈ, ਮੈਨੂੰ ਕੋਈ ਪੁੱਛਦਾ ਹੀ ਨਹੀਂ, ਮੈਂ 10 ਮਿੰਟ ਵਿਚ ਹੱਲ ਕਰ ਦੇਂਦਾ ਹਾਂ। ਜ਼ਰਾ ਤੁਸੀਂ ਦੇਖੋ, 1978 ਵਿੱਚ ਕਾਂਗਰਸ ਹਾਰਨ ਤੋਂ ਬਾਅਦ ਉਹੀ ਲੀਡਰ ਕਿਧਰੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਕਦਮਾਂ ਨੂੰ ਚੁੰਮਣ ਤਾਂ ਨਹੀਂ ਗਿਆ ਕਿ ਅਕਾਲੀ ਸਰਕਾਰ ਤੋੜਨੀ ਹੈ। ਇਹ ਕੁਝ ਕਰਦੇ ਰਹੇ ਉਸ ਵੇਲੇ। ਅੱਜ ਹੋਰ ਬਿਆਨ ਦੇਈਏ। ਟੈਰੋਰਿਜ਼ਮ ਦੀ ਗੱਲ ਆਉਂਦੀ ਹੈ। ਤੁਸੀਂ ਫਲਾਣਾ ਬਿਆਨ ਕਿਥੋਂ ਲਿਆ, ਕਿਥੋਂ ਆਇਆ। ਏਥੇ ਮਹਾਰਾਜਾ ਸਾਹਿਬ ਨੂੰ ਬੜੀ ਤਕਲੀਫ ਹੁੰਦੀ ਹੈ, ਮੈਨੂੰ ਵੀ ਹੁੰਦੀ ਹੈ। ਮੈਂ ਮਹਾਰਾਜਾ ਸਾਹਿਬ ਦਾ 7 ਸਾਲ ਝੋਲੀ ਚੁਕ ਰਿਹਾ ਹਾਂ। ਅਸੀਂ ਰਿਆਸਤੀ ਆਦਮੀ ਹਾਂ। ਦੇਖੋ ਤੁਸੀਂ ਚਾਹੇ ਮੇਰੀ ਜਗ੍ਹਾਂ ਲੈ ਲਈ ਹੈ ਪਰ ਮਹਾਰਾਜਾ ਸਾਹਿਬ ਤੁਹਾਡੇ ਤੇ ਇਤਬਾਰ ਨਹੀਂ ਕਰਦੇ। ਤੁਸੀਂ ਮੇਰੇ ਜਿੰਨੇ ਉਨ੍ਹਾਂ ਨੂੰ ਚੁੱਕਣ ਵਿਚ ਨਹੀਂ ਰਹੇ ਹੋ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਇਥੇ ਮਹਾਰਾਜਾ ਸਾਹਿਬ ਨੂੰ ਇਸ ਗਲ ਦਾ ਅਫਸੋਸ ਹੁੰਦਾ ਹੈ ਔਰ ਸਾਨੂੰ ਵੀ ਦੁੱਖ ਹੁੰਦਾ ਹੈ ਕਿ ਬਾਰ ਬਾਰ ਉਨ੍ਹਾਂ ਦੇ ਖਾਨਦਾਨ ਦਾ ਜ਼ਿਕਰ ਕਿਉਂ ਆ ਰਿਹਾ ਹੈ। ਪਾਂਧੀ ਸਾਹਿਬ ਨੇ ਕਲ ਅਧੀ ਪਚੱਧੀ ਗਲ ਕਹੀ ਸੀ ਅਤੇ ਅੱਜ ਮਹਾਰਾਜਾ ਸਾਹਿਬ ਸਾਫ ਕਰ ਗਏ ਹਨ। ਅਸੀਂ 16ਵੀਂ ਸਦੀ ਵਿਚ ਨਹੀਂ ਆਏ ਬਲਕਿ ਅਸੀਂ ਤਾਂ 13ਵੀਂ ਸਦੀ ਵਿਚ ਆਏ ਹਾਂ। ਮੈਂ ਨਹੀਂ ਕਹਿੰਦਾ ਕਿ ਇਹ ਰਾਜਪੂਤ ਹਨ ਜਾਂ ਜੱਟ ਹਨ। ਹੁਣ 13ਵੀਂ ਸਦੀ ਵਿਚ ਆਉਣ ਦੀ ਕਿਉਂ ਲੋੜ ਪਈ, ਇਹ ਐਨੀ ਛੇਤੀ ਕਿਉਂ ਆਏ। ਮੁਹੰਮਦ ਗੌਰੀ ਦੇ ਹਮਲਿਆਂ ਵੇਲੇ ਪ੍ਰਿਥਵੀ ਚੰਦ ਚੌਹਾਨ ਔਰ ਜੈ ਚੰਦ ਦੀ ਆਪਸ ਵਿਚ ਲੜਾਈ ਹੋ ਗਈ। ਮੁਹੰਮਦ ਗੌਰੀ ਆਇਆ ਔਰ ਜੈ ਚੰਦ ਨੇ ਮੁਹੰਮਦ ਗੌਰੀ ਦੀ ਮਦਦ ਕੀਤੀ। ਉਹ ਕਬੀਲਾ ਕਢੋ ਜਿਹੜਾ ਉਸ ਵੇਲੇ ਜੈ ਚੰਦ ਨਾਲ ਸੀ। ਫੂਲ-ਕੀਆਂ ਖਾਨਦਾਨ ਉਸ ਦੇ ਨਾਲ ਸੀ। ਇਹ ਉਹੀ ਕਬੀਲਾ ਹੈ ਜਿਸ ਨਾਲ ਇਹ ਤੁਅੱਲਕ ਰਖਦੇ ਹਨ। ਜੇਕਰ ਹਿਸਟਾਰੀਕਲ, ਇਹ ਗਲਤ ਹੋਵੇ ਤਾਂ ਜੋ ਮਰਜ਼ੀ ਮੈਨੂੰ ਕਹੋ ਔਰ ਮੈਨੂੰ ਸਜ਼ਾ ਦਿਓ (ਵਿਘਨ)

**ਆਵਾਜ਼ਾਂ** : ਕੀ ਇਹ ਬਜਟ ਤੇ ਬੋਲ ਰਹੇ ਹਨ ?

**ਰਾਜ ਮੰਤਰੀ** : ਦੇਖੋ ਗਲ ਇਹੀ ਹੈ ਮੇਰੇ ਵਾਂਗੂੰ ਸੰਧੂ ਸਾਹਿਬ ਨੇ ਵੀ ਇਨ੍ਹਾਂ ਦੀ ਬੜੀ ਝੋਲੀ ਚੁੱਕੀ ਹੈ। ਮੈਂ ਵੀ ਚੁਕਦਾ ਰਿਹਾ ਹਾਂ। ਪਿਛਲੇ ਅਸੈਂਬਲੀ ਵਿਚ ਅਸੀਂ ਅੱਗਰਵਾਲ ਦੇ 3 ਮੈਂਬਰ ਸੀ ਔਰ ਸਾਨੂੰ ਲੁਟੇਰੇ ਕਹਿ ਕੇ ਬਿਠਾ ਦਿੱਤਾ ਜਾਂਦਾ ਸੀ। ਮੈਂ ਹਰੀਜਨਾਂ ਦੇ ਮਾਮਲੇ ਤੇ ਬੋਲਣਾ ਚਾਹੁੰਦਾ ਹਾਂ (ਵਿਘਨ) ਮੈਂ ਬੋਲਦਿਆਂ ਹੋਇਆਂ ਇਕ ਗੱਲ ਕਹੀ ਸੀ ਕਿ ਕਿਸੇ ਕੰਟਰੋਵਰਸੀ ਵਿਚ ਨਾ ਪਈਏ। ਬਾਲਮੁਕੰਦ ਜੀ ਉਸ ਵੇਲੇ ਮੈਂਬਰ ਸਨ। ਸਾਡੇ ਬਜ਼ੁਰਗਾਂ ਨੇ ਇਥੇ ਗਰੀਬ ਤਬਕੇ ਦੇ ਲੋਕਾਂ ਨਾਲ ਬੜੇ ਜ਼ੁਲਮ ਕੀਤੇ ਹਨ ਉਨ੍ਹਾਂ ਦਾ ਜਿੰਨ੍ਹਾ ਅਸੀਂ ਪਸ਼ਚਾਤਾਪ ਕਰੀਏ ਓਨਾ ਥੋੜ੍ਹਾ ਹੈ। ਮੇਰੇ ਖਾਨਦਾਨ ਵਿਚ 50 ਖਾਮੀਆਂ ਹੋ ਸਕਦੀਆਂ ਹਨ ਔਰ ਬੜੀਆਂ ਗਲਤੀਆਂ ਹੋ ਸਕਦੀਆਂ ਹਨ ਲੇਕਿਨ ਉਨ੍ਹਾਂ ਨੂੰ ਡੀਫੈਂਡ ਕਰਨ ਦੀ ਬਜਾਏ ਮੰਨਣਾ ਚਾਹੀਦਾ ਹੈ। ਸਰਦਾਰ ਇੰਦਰਜੀਤ ਸਿੰਘ ਜੇਜੀ ਨੇ ਕਲ ਸਫਾਈਨਾਮਾ ਦਿੱਤਾ ਕਿ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਨਾਲ ਮਹਾਰਾਜਾ ਪ੍ਰਟਿਆਲਾ ਦੀ ਰਿਸ਼ਤੇਦਾਰੀ ਸੀ। ਪਰ ਇਹ ਰਿਸ਼ਤੇਦਾਰੀ ਕਦੋਂ ਬਣੀ ਜਦੋਂ ਉਹ ਸ਼ਹੀਦ ਹੋ ਗਏ, ਜਦੋਂ ਠੀਕਰੀਵਾਲਾ ਸਾਹਿਬ ਸ਼ਹੀਦ ਹੋ ਗਏ। ਇਸ ਗਲ ਨੂੰ ਕਨਫੀਊਜ਼ ਨਹੀਂ ਕਰ ਸਕਦੇ। ਇਸ ਗਲ ਨੂੰ ਤੋੜ ਨਹੀਂ ਸਕਦੇ। ਉਨ੍ਹਾਂ ਨੂੰ ਉਸ ਵੇਲੇ ਰਿਆਸਤ ਪਟਿਆਲਾ ਤੋਂ ਬਾਹਰ ਕਢ ਦਿੱਤਾ ਸੀ। ਉਸ ਲਈ, ਸਪੀਕਰ ਸਾਹਿਬ, ਇਤਿਹਾਸ ਜਦੋਂ ਇਸ ਦੇਸ਼ ਦਾ ਲਿਖਿਆ ਜਾਏ (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਆਨ ਏ ਪੁਆਇੰਟ ਆਫ ਆਰਡਰ। ਇਹ ਕਿਸ ਤੇ ਡਿਸਕਸ਼ਨ ਕਰ ਰਹੇ ਹਨ? ਕੀ ਇਥੇ ਮਹਾਰਾਜਾ ਪਟਿਆਲਾ ਤੇ ਡਿਸਕਸ਼ਨ ਹੋ ਰਹੀ ਹੈ? (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਤੁਸੀਂ ਬੈਠੋ ।

**ਰਾਜ ਮੰਤਰੀ** : ਸਪੀਕਰ ਸਾਹਿਬ, ਜੇਕਰ ਬਰਨਾਲਾ ਸਾਹਿਬ ਇਨ੍ਹਾਂ ਨੂੰ ਕੁਰਸੀ ਦੇ ਦੇਣ ਤਾਂ ਮੈਂ ਇਸਤੀਫ਼ਾ ਦੇ ਦਿੰਦਾ ਹਾਂ । ਇਸ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਨੇ ਬੜੀ ਵਧੀਆ ਗੱਲ ਕੀਤੀ ਹੈ ਪਰ ਸਾਨੂੰ ਪਤਾ ਹੈ ਕਿ ਇਨ੍ਹਾਂ ਨੇ ਕੁਰਸੀ ਨਹੀਂ ਛੱਡਣੀ । ਅਸੀਂ ਵੀ ਕੁਰਸੀ ਦੀ ਪਰਵਾਹ ਨਹੀਂ ਕਰਦੇ ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਫਿਰ ਪਰਸਨਲ ਐਕਸਪਲੇਨੇਸ਼ਨ ਦੇਣ ਵਾਸਤੇ ਖੜ੍ਹੇ ਹੋ ਜਾਣਾ ਹੈ ਪਰ ਮੈਂ ਇਸ ਵਿਚ ਨਹੀਂ ਜਾਣਾ ਚਾਹੁੰਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਮਹਾਰਾਜਾ ਜੀ ਬਹੁਤ ਪੁਰਾਣੇ ਅਕਾਲੀ ਨਹੀਂ ਹਨ । ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਅਕਾਲੀ ਦਲ ਜੁਆਇਨ ਕੀਤਾ । ਮੇਰਾ ਵੀ ਦਾਅ ਲੱਗ ਗਿਆ । (ਹਾਸਾ) ਮੈਂ ਉਨ੍ਹਾਂ ਦਾ ਧੰਨਵਾਦੀ ਹਾਂ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੇ ਰਾਜੇ ਮਹਾਰਾਜੇ ਰਹੇ ਹਨ ਉਹ ਬੜੇ ਬੜੇ ਸਰਦਾਰ ਰਹੇ ਹਨ, ਅਹਿਲਕਾਰ ਰਹੇ ਹਨ। (ਵਿਘਨ) ਉਦੋਂ ਮਹਾਰਾਜਾ ਜੀ ਵਿਚ ਇਕ ਗਰਮੀ ਸੀ। ਉਨ੍ਹਾਂ ਨੇ ਸਿਆਸੀ ਡਿਫਰੈਂਸਿਜ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਛੱਡਿਆ । ਜਦੋਂ ਉਨ੍ਹਾਂ ਨੇ ਕਾਂਗਰਸ ਛੱਡੀ ਸੀ ਤਾਂ ਉਨ੍ਹਾਂ ਨੂੰ ਗਲਤਫਹਿਮੀ ਹੋ ਗਈ ਸੀ । ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਛੱਡਿਆ । ਉਸ ਦੇ ਬਾਅਦ ਉਨ੍ਹਾਂ ਨੇ ਜ਼ਾਤੀ ਤੌਰ ਤੇ ਮੇਰੇ ਨਾਲ ਇਕ ਇਹੋ ਜਿਹੀ ਜ਼ਿਆਦਤੀ ਕੀਤੀ ਜਿਸਨੂੰ ਨਾ ਮੈਂ ਭੁੱਲ ਸਕਦਾ ਹਾਂ ਬਲਕਿ ਮੇਰੇ ਬੱਚੇ ਵੀ ਉਸ ਨੂੰ ਯਾਦ ਰੱਖਣਗੇ । ਉਨ੍ਹਾਂ ਨੂੰ ਉਸ ਬਾਰੇ ਇਥੇ ਵੀ ਜਵਾਬਦੇਹ ਹੋਣਾ ਚਾਹੀਦਾ ਹੈ ਅਤੇ ਉਪਰ ਵੀ ਜਾ ਕੇ ਜਵਾਬਦੇਹ ਹੋਣਾ ਪਵੇਗਾ । ਮੈਂ ਨਹੀਂ ਸੀ ਸਮਝਦਾ ਕਿ ਬੜੇ ਆਦਮੀ ਆਪਣੇ ਕਿਰਦਾਰ ਵਿਚ ਇਥੋਂ ਤੱਕ ਗਿਰ ਜਾਂਦੇ ਹਨ। ਮੈਂ ਐਨਾ ਸੋਚਿਆ ਹੀ ਨਹੀਂ ਸੀ । ਉਹ ਬੜੀ ਗਰਮੀ ਵਿਚ ਆਏ ਸਨ ਜਦੋਂ ਬਜਟ ਸੈਸ਼ਨ ਸ਼ੁਰ ਹੋਇਆ ਸੀ । (ਵਿਘਨ)

ਸਪੀਕਰ ਸਾਹਿਬ, ਇਥੇ ਰੈਫਰੈਂਸ ਆਇਆ ਸੀ, ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਸਿੱਖ ਧਰਮ ਚੱਲਾ ਕਿਥੋਂ ਅਤੇ ਕਿਵੇਂ ਹੈ? ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਚਲਾਇਆ। ਇਹ ਆਦਮੀ, ਇਨਸਾਨ ਭੁੱਲਣਹਾਰ ਹੈ। ਕਿਸੇ ਗੁਰੂ, ਪੈਗੰਬਰ, ਨੇ ਆਪਣੇ ਆਪ ਨੂੰ ਰੱਬ ਨਹੀਂ ਸਮਝਿਆ । ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਰੱਬ ਨਹੀਂ ਸਮਝਿਆ। ਗੁਰੂ ਜੀ ਕਹਿੰਦੇ ਹਨ ਕਿ ਆਦਮੀ, ਇਨਸਾਨ ਭੁੱਲਣਹਾਰ ਹੈ। ਕੋਈ ਸਿੱਖ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਤੋਂ ਉਪਰ ਨਹੀਂ ਹੋ ਸਕਦਾ । ਸਭ ਨੇ ਕਿਹਾ ਕਿ ਅਸੀਂ ਭੁੱਲਣਹਾਰ ਹਾਂ। ਇਹ ਕਿਸੇ ਨੇ ਨਹੀਂ ਕਿਹਾ ਕਿ ਮੇਰੀ ਲਿਖੀ ਹੋਈ ਚਿੱਠੀ ਵਾਪਿਸ ਨਹੀਂ ਕਰਨੀ, ਮੈਂ ਦੁਬਾਰਾ ਪੜ੍ਹਨਾ ਨਹੀਂ। ਮੈਂ ਸਮਝਦਾ ਹਾਂ ਕਿ ਅੱਜ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਤੋਂ ਵੀ ਬੜਾ ਸਮਝਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਗੱਲ ਕਹੀ ਸੀ ਕਿ ਅੱਜ ਤੋਂ ਬਾਅਦ ਸਿੱਖ ਧਰਮ ਦੇ ਵਿਚ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ । ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਗੁਰੂ ਮੰਨਾਂਗੇ ਲੇਕਿਨ ਜੇ ਇਹੋ ਜਿਹਾ ਆਦਮੀ ਕਿਸੇ ਸੰਸਥਾ ਦੇ ਰਾਹੀਂ ਇੰਡੀਵਿਜ਼ੂਅਲ ਦੇਸ਼ ਦੇ ਰਾਹੀਂ, ਬਦੇਸ਼ ਦੇ ਰਾਹੀਂ ਇਹੋ ਜਿਹਾ ਕੰਮ ਕਰਨਾ ਚਾਹੇ ਤਾਂ ਤੁਹਾਡਾ ਕੀ ਰੀਐਕਸ਼ਨ ਹੋਵੇਗਾ ? ਮੈਂ ਇਹ ਇਨ੍ਹਾਂ ਨੂੰ ਪੁੱਛਦਾ ਹਾਂ । (ਇਕ ਆਵਾਜ਼ : ਜੋ ਕੁਝ ਤੁਸੀਂ ਕਹਿ ਰਹੇ ਹੋ ਉਹ ਟੇਪ ਹੋ ਰਿਹਾ ਹੈ।) ਤੁਸੀਂ ਟੇਪ ਦੀ ਗੱਲ ਕਰਦੇ ਹੋ ਮੈਂ ਕਹਿੰਦਾ ਹਾਂ ਕਿ ਤੁਸੀਂ ਮੇਰੇ ਦਸਤਖਤ ਕਰਵਾ ਲਿਓ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ]

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਯੂਨੀਫਾਈਡ ਅਕਾਲੀ ਦਲ ਕੀ ਹੈ ?

**ਸ਼੍ਰੀ ਅਸ਼ਵਨੀ ਸੇਖੜੀ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਸਪੀਚ ਹੋ ਰਹੀ ਹੈ। ਉਨ੍ਹਾਂ ਨੇ ਪੁਲਿਟੀਕਲ ਸਪੀਚ ਤੋਂ ਇਲਾਵਾ ਇਕ ਲਫਜ਼ ਨਹੀਂ ਕਿਹਾ।

**ਸ਼੍ਰੀ ਸਪੀਕਰ** : ਤੁਸੀਂ ਕਿੰਨਾ ਸਮਾਂ ਹੋਰ ਲਵੋਂਗੇ ? 35 ਮਿੰਟ ਹੋ ਗਏ ਹਨ, ਤੁਸੀਂ ਕਿੰਨਾ ਸਮਾਂ ਹੋਰ ਲਵੋਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮਾਨ ਜੀ ਨੂੰ ਬੇਨਤੀ ਕੀਤੀ ਸੀ ਕਿ ਮੇਰਾ ਨਾਮ ਤਾਂ ਭੇਜਣਾ ਜੇ ਮੈਨੂੰ ਡੇਢ ਘੰਟਾ ਦੇਣਾ ਹੈ। ਸੋ ਮੈਨੂੰ ਖੁੱਲ੍ਹੀ ਛੁੱਟੀ ਦਿਓ।

**ਸ਼੍ਰੀ ਸਪੀਕਰ** : ਤੁਸੀਂ 15 ਮਿੰਟ ਵਿਚ ਖਤਮ ਕਰੋ।

**ਰਾਜ ਮੰਤਰੀ** : ਮੈਂ ਤਾਂ ਸ਼ੁਰੂ ਹੀ ਹੁਣੇ ਕੀਤਾ ਹੈ। ਸਪੀਕਰ ਸਾਹਿਬ, ਬੜੀ ਚਿੰਤਾ ਸੀ ਲੋਕਾਂ ਨੂੰ। ਹੁਣ ਇਹ ਸਾਰੇ ਕਿਸ ਤਰ੍ਹਾਂ ਇਕੱਠੇ ਹੋ ਕੇ ਰਹਿੰਦੇ ਹਨ। (ਵਿਘਨ) ਕਿੰਨੀਆਂ ਕੰਟਰਾਡਿਕਸ਼ਨਜ਼ ਹਨ। (ਵਿਘਨ)

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ ** ** **)

**ਰਾਜ ਮੰਤਰੀ** : ਇਹ ਜਿਹੜੇ ਮੌਕਾਪ੍ਰਸਤ ਲੀਡਰ ਹਨ . . (ਵਿਘਨ)

**ਸ਼੍ਰੀ ਸਪੀਕਰ** : ਬੈਠੇ ਬੈਠੇ ਜੋ ਰਿਮਾਰਕਸ ਕਰ ਰਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਜਸਦੇਵ ਸਿੰਘ ਸੰਧੂ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਹਾਊਸ ਦੇ ਕੁਝ ਮਾਨਯੋਗ ਮੈਂਬਰਾਂ ਵਲੋਂ ਆਨਰੇਬਲ ਮਨਿਸਟਰ ਸਾਹਿਬ ਤੇ ਬੜੇ ਸੀਰੀਅਸ ਐਲੀਗੇਸ਼ਨਜ਼ ਲਗੇ ਹਨ, ਮੈਂ ਪ੍ਰੋਪੋਜ਼ ਕਰਦਾ ਹਾਂ ਕਿ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ। ਜੇ ਇਹ ਚਾਰਜਿਜ਼ ਸਹੀ ਹਨ ਤਾਂ ਮਨਿਸਟਰ ਸਾਹਿਬ ਰੀਜ਼ਾਇਨ ਕਰਨ ਨਹੀਂ ਤਾਂ ਇਹ ਮੈਂਬਰਜ਼ ਰੀਜ਼ਾਈਨ ਕਰਨ। (ਵਿਘਨ)

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੀਆਂ ਸੀਟਾਂ ਚੈੱਕ ਕਰਾਓ, ਇਨ੍ਹਾਂ ਦੀਆਂ ਸੀਟਾਂ ਦੇ ਥਲੇ ਕੁਝ ਲਗਿਆ ਨਾ ਹੋਵੇ। (ਵਿਘਨ) (ਹਾਸਾ)

ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜਿਹੜੇ ਮੌਕਾ ਪ੍ਰਸਤ ਲੀਡਰ ਹਨ ਇਹ ਇਕੱਠੇ ਹੋਏ ਹੋਏ ਹਨ ਕਿਸੇ ਮੰਤਵ ਲਈ। ਇਹ ਕਿਸੇ ਮੰਤਵ ਲਈ ਇਕੱਠੇ ਹੋਏ ਹੋਏ ਹਨ ਲੇਕਿਨ ਇਕ ਦੂਜੇ ਦੇ ਇਹ ਜਾਨੀ ਦੁਸ਼ਮਣ ਹਨ ਔਰ ਇਕ ਦੂਜੇ ਦੀਆਂ ਗਲਾਵਾਂ ਨੂੰ ਹੱਥ ਪਾਇਆ ਹੋਇਆ ਹੈ।

*11.39 A.M. | (ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

**ਸਰਦਾਰ ਮਹਿੰਦਰ ਸਿੰਘ ਬਰਾੜ** : ** ** **

**Mr. Deputy Speaker**: This is no Point of Order.

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਡਿਪਟੀ ਸਪੀਕਰ ਸਾਹਿਬ, ਅੱਜ ਦਾ ਜਿਹੜਾ ਭੱਖਦਾ ਮਾਮਲਾ ਹੈ ਉਹ ਸੈਂਟਰ ਤੇ ਸਟੇਟਸ ਦੇ ਰਿਲੇਸ਼ਨਜ਼ ਦਾ ਮਾਮਲਾ ਹੈ, ਸੂਬਿਆਂ ਅਤੇ ਕੇਂਦਰ ਦੇ ਕੀ ਅਧਿਕਾਰ ਹੋਣੇ ਚਾਹੀਦੇ ਹਨ। ਇਹ ਮਾਮਲਾ ਸਰਕਾਰੀਆ ਕਮਿਸ਼ਨ ਦੇ ਜ਼ੇਰੇ ਗੌਰ ਹੈ ।

**ਸਰਦਾਰ ਹਰਦਿਆਲ ਸਿੰਘ ਰਾਜਲਾ** : ਚਾਰਜਿਜ਼ ਦਾ ਕੀ ਬਣਿਆ ?

**ਸ਼੍ਰੀ ਡਿਪਟੀ ਸਪੀਕਰ** : ਇੰਟ੍ਰੱਪਸ਼ਨ ਨਾ ਕਰੋ, ਉਹ ਪਹਿਲਾਂ ਹੀ ਐਕਸਪੰਜ ਕੀਤੇ ਜਾ ਚੁੱਕੇ ਹਨ। ਗੁਪਤਾ ਸਾਹਿਬ, ਕੰਟੀਨਿਊ ਰੱਖੋ ।

**ਰਾਜ ਮੰਤਰੀ** : ਅੱਜ ਭਖਦਾ ਮਾਮਲਾ ਹੈ ਕਿ ਸੈਂਟਰ—ਸਟੇਟਸ ਰਿਲੇਸ਼ਨਜ਼ ਕੀ ਹੋਣੇ ਚਾਹੀਦੇ ਹਨ। ਇਸ ਨੂੰ ਤੁਸੀਂ ਪ੍ਰੋਵਿਨਸ਼ੀਅਲ ਅਟਾਨਮੀ ਕਹੋ, ਇਸ ਨੂੰ ਤੁਸੀਂ ਫੈਡਰਲ ਕਰੈਕਟਰ ਕਹੋ, ਇਸ ਨੂੰ ਤੁਸੀਂ ਸੂਬਿਆਂ ਨੂੰ ਵੱਧ ਅਧਿਕਾਰ ਕਹੋ । ਮੈਂ ਤੁਹਾਡਾ ਧਿਆਨ ਇਸ ਗੱਲ ਵਲ ਦੁਆਉਣਾ ਚਾਹੁੰਦਾ ਹਾਂ ਕਿ ਜਦੋਂ ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਨ ਤਾਂ ਉਨ੍ਹਾਂ ਨੇ ਜਿਹੜੀ ਤਕਰੀਰ ਇੰਡੀਅਨ ਨੈਸ਼ਨਲ ਕਾਂਗਰਸ ਸੈਸ਼ਨ ਵਿੱਚ ਕਲਕੱਤੇ ਵਿੱਚ ਕੀਤੀ ਅਤੇ ਮਹਾਤਮਾਂ ਗਾਂਧੀ ਜੀ ਨੇ 1931 ਵਿੱਚ ਗੁਰਦੁਆਰਾ ਸੀਸ ਗੰਜ ਵਿੱਚ ਕੀਤੀ, ਜੇ ਇਨ੍ਹਾਂ ਦੋ ਤਕਰੀਰਾਂ ਨੂੰ ਇਕੱਠਾ ਕਰ ਲਿਆ ਜਾਵੇ ਤੇ ਉਸ ਦੀ ਸਪਿਰਟ ਵਿੱਚ ਕੰਮ ਕੀਤਾ ਜਾਵੇ ਤਾਂ ਇਸ ਦੇਸ਼ ਵਿੱਚ ਇਤਨੇ ਮਸਲੇ ਪੈਦਾ ਨਾ ਹੁੰਦੇ । ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦਾ ਵਿਧਾਨ ਸਟੈਟਿਕ ਨਹੀਂ, ਇਸ ਦੇ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ। ਇਹ ਵਿਧਾਨ ਜੋ ਹੈ ਉਹ ਰੂੜ੍ਹੀਵਾਦੀ ਨਹੀਂ। ਇਥੇ ਰੌਲਾ ਇਸ ਗੱਲ ਦਾ ਵੀ ਪਾਇਆ ਜਾਂਦਾ ਹੈ ਕਿ ਜੇ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਤਾਂ ਹਿੰਦੁਸਤਾਨ ਦੀ ਏਕਤਾ ਖ਼ਤਰੇ ਵਿੱਚ ਹੈ । ਪੰਡਿਤ ਜਵਾਹਰ ਲਾਲ ਜੀ ਨਹਿਰੂ ਨੇ ਕਿਹਾ ਸੀ ਕਿ ਅਨੇਕਤਾ ਵਿੱਚ ਏਕਤਾ ਹੈ । ਇਸ ਦਾ ਇਹ ਮਤਲਬ ਹੈ ਕਿ ਜੇ ਬਹੁਤ ਅਧਿਕਾਰ ਸੈਂਟਰ ਕੋਲ ਹੋਣ ਤਾਂ ਏਕਤਾ ਦੀ ਬੜੀ ਹਾਨੀ ਹੁੰਦੀ ਹੈ । ਡਿਪਟੀ ਸਪੀਕਰ ਸਾਹਿਬ ਇਕ ਗੱਲ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਚਾਹੇ ਹੋਵੇ ਸਟੇਟ ਗੌਰਮੈਂਟ ਚਾਹੇ ਹੋਵੇ ਸੈਂਟਰ ਗੌਰਮਿੰਟ ਕਾਂਸਟੀਚਿਊਸ਼ਨ ਦੇ ਮੁਤਾਬਿਕ ਇਹ ਪਾਵਰਜ ਡਰਾਅ ਕਰਦੀਆਂ ਹਨ, ਲੈਜਿਸਲੇਚਰਜ਼ ਦੀ ਸਟਰੈਂਥ ਤੋਂ । ਇਥੇ ਸੂਬੇ ਦੀ ਸਰਕਾਰ ਉਸ ਤੋਂ ਕਰਦੀ ਹੈ ਅਤੇ ਕੇਂਦਰ ਦੀ ਸਰਕਾਰ ਪਾਰਲੀਮੈਂਟ ਤੋਂ । ਸਟੇਟ ਦਾ ਜਿਹੜਾ ਵੋਟਿੰਗ ਸਿਸਟਮ ਹੈ ਯੂਨੀਵਰਸਲ ਫਰੈਂਚਾਈਜ਼, ਹੈ ਉਹੀ ਬੰਦਾ ਅਸੈਂਬਲੀ ਦਾ ਮੈਂਬਰ ਅਤੇ ਉਹੀ ਬੰਦਾ ਪਾਰਲੀਆਮੈਂਟ ਦਾ ਮੈਂਬਰ ਚੁਣਿਆ ਜਾਂਦਾ ਹੈ । ਬਹੁਤ ਸਾਰੇ ਸਾਡੇ ਹਾਊਸ ਦੇ ਮੈਂਬਰਜ਼ ਜਿਹੜੇ ਹਨ ਉਹ ਪਾਰਲੀਆਮੈਂਟ ਦੇ ਮੈਂਬਰ ਵੀ ਰਹੇ ਹਨ ਅਤੇ ਬਹੁਤ ਸਾਰੇ ਮੈਂਬਰ ਜਿਹੜੇ ਪਾਰਲੀਆਮੈਂਟ ਦੇ ਮੈਂਬਰ ਰਹੇ ਸੀ ਉਹ ਅਸੰਬਲੀ ਦੇ ਮੈਂਬਰ ਵੀ ਰਹੇ । ਇਕ ਗੱਲ ਸਮਝ ਵਿਚ ਨਹੀਂ ਆਈ ਇਨ੍ਹਾਂ ਵੋਟਾਂ ਨਾਲ ਉਹ ਬੰਦਾ ਜੇ ਤਾਂ ਪਾਰਲੀਆਮੈਂਟ ਦਾ ਮੈਂਬਰ ਬਣ ਜਾਵੇ ਤਾਂ ਦੇਸ਼ ਦੀ ਏਕਤਾ ਬਹੁਤ ਰਖ ਸਕਦਾ ਹੈ ਔਰ ਜੇ ਕਰ ਉਨ੍ਹਾਂ ਵੋਟਾਂ ਮੁਤਾਬਕ ਜੇ ਪਾਰਲੀਆਮੈਂਟ ਦਾ ਮੈਂਬਰ ਨਾ ਬਣ ਸਕੇ ਤਾਂ ਦੇਸ਼ ਦੀ ਏਕਤਾ ਨੂੰ ਖ਼ਤਰਾ ਹੋ ਜਾਂਦਾ ਹੈ ।

ਇਕ ਚੀਜ਼ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਨੇ ਬੜੀਆਂ ਰਿਆਇਤਾਂ ਰਖੀਆਂ ਹਨ ਜਿਹੜੇ ਲੋਕ 1984 ਦੇ ਦੰਗਿਆਂ ਤੋਂ ਦੁਖੀ ਹੋ ਕੇ ਉਧਰੋਂ ਇਧਰ ਆਏ ਅਤੇ ਜਿਹੜੇ ਲੋਕ ਟੈਰਾਰਿਸਟਾਂ ਦੀਆਂ ਐਕਟੀਵਿਟੀਜ਼ ਕਰਕੇ ਉਧਰ ਗਏ । ਇਕ ਲਫ਼ਜ਼ ਮੰਨਿਆ ਜਾਂਦਾ ਹੈ 'ਮੁਆਵਜ਼ਾ' । ਮੈਂ ਡਿਪਟੀ ਸਪੀਕਰ ਸਾਹਿਬ ਬੇਨਤੀ ਕਰਾਂਗਾ ਕਿ ਜਿਹੜਾ ਸੰਸਾਰ ਤੋਂ ਚਲਾ ਗਿਆ ਹੈ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ]

ਉਸ ਦੀ ਜ਼ਿੰਦਗੀ ਦਾ ਕੋਈ ਮੁਆਵਜ਼ਾ ਪੈਸਿਆਂ ਨਾਲ ਨਹੀਂ ਦਿੱਤਾ ਜਾਂ ਸਕਦਾ । ਜਿਸ ਭੈਣ ਦਾ ਸੁਹਾਗ ਗਿਆ, ਜਿਸ ਭੈਣ ਦਾ ਭਰਾ ਗਿਆ ਜਿਸ ਨੂੰ ਉਹ ਰਾਖੀ ਬੰਨ੍ਹਦੀ ਸੀ, ਜਿਸ ਮਾਂ ਦਾ ਲਖ਼ਤੇ ਜਿਗਰ ਗਿਆ, ਜਿਸ ਕਿਸੇ ਬੱਚੇ ਦੇ ਸਿਰ ਦਾ ਸਾਇਆ ਗਿਆ ਉਸ ਦਾ ਕੋਈ ਕੰਪਨਸੇਸ਼ਨ ਨਹੀਂ। ਅਸੀਂ ਤਾਂ ਕਿਸੇ ਦੀ ਸਹਾਇਤਾ ਕਰ ਸਕਦੇ ਹਾਂ। ਮੇਰੇ ਮਨ ਤੇ ਹਿੰਦੂ ਜਾਂ ਸਿੱਖ ਦੀ ਗੱਲ ਦਾ ਕੋਈ ਪ੍ਰਭਾਵ ਨਹੀਂ । ਇਹ ਸਾਰੀ ਕਿਸੇ ਦੀ ਜ਼ਿਮੇਵਾਰੀ ਹੈ? ਚਾਹੇ ਕੇਂਦਰ ਦੀ ਹੋਵੇ ਚਾਹੇ ਕਿਸੇ ਸੂਬੇ ਦੀ ਹੋਵੇ, ਪੰਜਾਬ ਦੀ ਯੂ.ਪੀ. ਦੀ, ਹਿਮਾਚਲ ਦੀ ਹੋਵੇ ਹਰ ਬੰਦਾ ਚਾਹੇ ਸਿੱਖ, ਹਿੰਦੂ, ਮੁਸਲਮਾਨ ਜਾਂ ਇਸਾਈ ਹੋਵੇ, ਵੱਧ ਗਿਣਤੀ ਵਿਚ ਹੋਵੇ ਘੱਟ ਗਿਣਤੀ ਵਿਚ ਹੋਵੇ ਉਸ ਦਾ ਪੂਰਾ ਸਤਿਕਾਰ ਤੇ ਮਾਨ ਹੋਵੇ । ਜਿਹੜੀ ਵੀ ਸਰਕਾਰ ਨੇ ਇਸ ਗੱਲ ਵਿਚ ਕੁਤਾਹੀ ਕੀਤੀ ਆਉਣ ਵਾਲੀ ਜਿਹੜੀ ਜਨਰੇਸ਼ਨ ਹੈ ਉਹ ਮਾਫ਼ ਨਹੀਂ ਕਰੇਗੀ । ਇਥੇ ਖਾਨਦਾਨਾਂ ਦਾ ਨਾਂ ਲਿਆਂ ਜਾਂਦਾ ਹੈ, ਕਿਉਂ ਲਿਆ ਜਾਂਦਾ ਹੈ; ਇਸ ਕਰਕੇ ਲਿਆ ਜਾਂਦਾ ਹੈ ਕਿਉਂਕਿ ਇਹ ਲੋਕ ਉਸ ਵੇਲੇ ਜ਼ਿੰਮੇਵਾਰ ਸਨ ਉਸ ਵੇਲੇ ਇਹ ਗਲਤ ਗੱਲਾਂ ਹੋਈਆਂ ਸਨ ਔਰ ਉਨ੍ਹਾਂ ਦੀ ਪ੍ਰੈਜ਼ੇਂਟ ਜੇਨਰੇਸ਼ਨ ਨੂੰ ਸਮਝਾਂਦੇ ਹਾਂ ਕਿ ਤੁਸੀਂ ਉਨ੍ਹਾਂ ਗਲਾਂ ਤੋਂ ਡੇਵੀਏਟ ਕਰੋ, ਉਨ੍ਹਾਂ ਗੱਲਾਂ ਨੂੰ ਛੱਡ ਦਿਓ ।

ਟੈਰੋਰਿਜ਼ਮ ਦੀ ਗੱਲ ਹੁੰਦੀ ਹੈ । ਇਥੇ ਵੀ ਅਤੇ ਬਾਹਰ ਵੀ ਬੜਾ ਰੌਲਾ ਪੈਂਦਾ ਹੈ ਕਿ ਟੈਰਾ-ਰਿਜ਼ਮ ਬਹੁਤ ਹੈ । ਕੋਈ ਬੰਦਾ ਕਿਸੇ ਬੰਦੇ ਨੂੰ ਬਿਨਾਂ ਕਿਸੇ ਕਾਰਨੋਂ ਮਾਰ ਦੇਵੇ ਤਾਂ ਇਸ ਤੋਂ ਮਾੜੀ ਗੱਲ ਹੋਰ ਕੋਈ ਨਹੀਂ ਹੋਵੇਗੀ । ਇਹ ਕੰਨਫਿਊਜ਼ ਕਿਉਂ ਹੁਦੇ ਹਨ। ਐਸੀ ਕੋਈ ਟੈਰਾਰਿਜ਼ਮ ਦੀ ਐਕਟੀ-ਵਿਟੀ ਜਿਹੜੀ ਹੈ ਉਹ ਮਾੜੀ ਹੈ । ਇਸ ਨੂੰ ਡਿਫੈਂਡ ਨਹੀਂ ਕਰਦੇ ਇਹ ਵੀ ਕਹਿੰਦੇ ਹਨ ਤੇ ਉਹ ਵੀ ਕਹਿੰਦੇ ਹਨ ਕਿ ਇਹ ਗੱਲ ਮਾੜੀ ਹੈ । ਸਟੇਟ ਟੈਰਾਰਿਜ਼ਮ, ਸੈਂਟਰਲ ਟੈਰਾਰਿਜ਼ਮ, ਇੰਡੀਵਿਜੁਅੱਲ ਟੈਰਾਰਿਜ਼ਮ ਇਹ ਅਲਹਿਦਾ ਅਲਹਿਦਾ ਕਰਨੇ ਪੈਣਗੇ ।

**ਸਰਦਾਰ ਸੁਜਾਨ ਸਿੰਘ:** ਡਿਪਟੀ ਸਪੀਕਰ ਸਾਹਿਬ, ਕੀ ਸਾਡੀ ਪਾਰਟੀ ਨੂੰ ਵੀ ਟਾਈਮ ਮਿਲੇਗਾ।

**ਸ਼੍ਰੀ ਡਿਪਟੀ ਸਪੀਕਰ:** ਤੁਹਾਡੀ ਕਿਹੜੀ ਪਾਰਟੀ ਹੈ ?

**ਸਰਦਾਰ ਸੁਜਾਨ ਸਿੰਘ:** ਸ਼੍ਰੋਮਣੀ ਅਕਾਲੀ ਦਲ ਜੀ । ਅਸੀਂ ਵੀ ਅਕਾਲੀ ਦਲ ਦੇ ਹਾਂ।

**ਸ਼੍ਰੀ ਡਿਪਟੀ ਸਪੀਕਰ:** ਇਹ ਜਿਹੜਾ ਬੋਲ ਰਿਹਾ ਹੈ ਇਹ ਵੀ ਤਾਂ ਸ਼੍ਰੋਮਣੀ ਅਕਾਲੀ ਦਲ ਹੈ। ਤੁਹਾਨੂੰ ਵੀ ਟਾਈਮ ਮਿਲੇਗਾ । ਕੱਲ੍ਹ ਵੀ ਜੇਜੀ ਸਾਹਿਬ ਬੋਲੇ ਸਨ ।

**ਰਾਜ ਮੰਤਰੀ:** ਡਿਪਟੀ ਸਪੀਕਰ ਸਾਹਿਬ, ਕਿਵੇਂ ਸਮਝਾਈਏ ਬੇਸਮਝ ਬੰਦਿਆਂ ਨੂੰ। ਇਥੇ ਰੋਜ਼ ਉਨ੍ਹਾਂ ਦੀ ਕੰਡੈਮਨੇਸ਼ਨ ਹੁੰਦੀ ਹੈ ਹਾਊਸ ਦੇ ਵਿਚ ਵੀ ਅਤੇ ਹਾਊਸ ਦੇ ਬਾਹਰ ਵੀ । ਹਾਊਸ ਦਾ ਮੈਂਬਰ ਵੀ ਸ਼ਿਕਾਰ ਹੋਇਆ ਸੀ । ਸਾਡੇ ਪਟਿਆਲਾ ਦਾ ਸ਼ੰਭੂ ਪ੍ਰਸ਼ਾਦ ਉਸ ਟੇਰਾਰਿਜ਼ਮ ਦਾ ਸ਼ਿਕਾਰ ਹੋਇਆ। ਅਸੀਂ ਵੀ ਕੰਡੈਮ ਕਰਦੇ ਹਾਂ । ਇਹ ਵੀ ਅਗਲੇ ਦਿਨ ਆ ਕੇ ਕਹਿਣ ਲਗੇ ਕਿ ਅਸੀਂ ਇਸ ਨੂੰ ਕੰਡੈਮ ਕਰਦੇ ਹਾਂ ਕਲ ਘਰ ਕੰਮ ਹੋ ਗਿਆ ਸੀ ਅਸੀਂ ਅੱਜ ਦੋਬਾਰਾ ਕਰ ਸਕਦੇ ਹਾਂ।

**ਸਰਦਾਰ ਕਿਰਪਾਲ ਸਿੰਘ ਲਿਬੜਾ:** ** ** **

**ਸ਼੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਮੇਰੀ ਐਕਸਪਲਾਨੇਸ਼ਨ ਕਰਨ ਵਾਸਤੇ ਹਨ, ਮੈਂ ਗਿਆ ਜਾਂ ਨਹੀਂ ਗਿਆ, ਉਹ ਮੇਰਾ ਰਿਸ਼ਤੇਦਾਰ ਸੀ, ਇਨ੍ਹਾਂ ਨੂੰ ਕੀ ਪਤਾ ਹੈ ? ਐਛਾ ਮੈਂ ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਿਣਾ ਚਾਹੁੰਦਾ ਹਾਂ। (ਵਿਘਨ) ਮੈਂ ਦਾ ਸਾਰਿਆਂ ਦੇ ਘਰ ਜਾਂਦਾ ਹਾਂ। ਐਸੀ ਗੱਲ ਨਹੀਂ ਹੋਣੀ ਚਾਹੀਦੀ। ਮੈਂ ਤਾਂ ਤੁਹਾਡੇ ਘਰ ਵੀ ਜਾਵਾਂਗਾ। ਕੋਈ ਇਹੋ ਜਿਹੀ ਗੱਲ ਹੋ ਗਈ ਤਾਂ ਮੈਂ ਪਹੁੰਚਾਂਗਾ। ਮੈਂ ਕਹਿੰਦਾ ਹਾਂ ਕਿ ਬਿਲਕੁਲ ਨਹੀਂ ਹੋਣੀ ਚਾਹੀਦੀ। (ਵਿਘਨ)

**ਸ੍ਰੀ ਡਿਪਟੀ ਸਪੀਕਰ :** ਗੁਪਤਾ ਜੀ ਚੇਅਰ ਨੂੰ ਐਡਰੈਸ ਕਰੋ।

**ਰਾਜ ਮੰਤਰੀ :** ਮੈਂ ਤਾਂ ਪਹਿਲਾਂ ਕਿਹਾ ਸੀ ਕਿ ਜੇਕਰ ਮੇਰੇ ਤੋਂ ਕੋਈ ਗੱਲ ਹੋ ਗਈ ਸਮਝੀ ਜਾਂਦੀ ਹੈ ਤਾਂ ਮੈਂ ਮੁਆਫੀ ਮੰਗ ਲਈ ਸੀ। ਡਿਪਟੀ ਸਪੀਕਰ ਸਾਹਿਬ, ਜਦੋਂ ਇਥੇ ਆਲ ਪਾਰਟੀ ਜਲਸਾ ਹੋਵੇ, ਕੋਈ ਇਸ ਤਰ੍ਹਾਂ ਦਾ ਇਕੱਠ ਹੋਵੇ, ਇਥੇ ਹੋਈਏ, ਬੜੀ ਨਿਖੇਧੀ ਕਰਦੇ ਹਾਂ, ਇਨ੍ਹਾਂ ਵਿਚੋਂ (ਅਕਾਲੀ ਪਾਰਟੀ (ਬ) ਵੱਲ ਇਸ਼ਾਰਾ) ਵੀ ਇਕ ਅੱਧਾ ਬੰਦਾ ਖੜ੍ਹਾ ਹੋ ਜਾਂਦਾ ਹੈ ਕਿ ਅਸੀਂ ਵੀ ਅਫ਼ਸੋਸ ਕਰਦੇ ਹਾਂ। ਇਹ ਕਹਿੰਦੇ ਹਨ ਕਿ ਅਸੀਂ ਵੀ ਨਿਖੇਧੀ ਕਰਦੇ ਹਾਂ, ਫਿਰ ਨਾਲ ਹੀ ਕਹਿੰਦੇ ਹਨ ਕਿ ਅਕਾਲ ਪੁਰਖ ਨੇ ਉਸ ਨੂੰ ਬੁਲਾ ਲਿਆ ਸੀ ਤੇ ਉਹ ਚਲਾ ਗਿਆ ਹੈ। ਰਾਜਾ ਸਾਹਿਬ ਕਹਿੰਦੇ ਹਨ ਕਿ ਮੇਰੇ ਮੂੰਹ ਵਿਚ ਲਫਜ਼ ਨਾ ਪਾਓ, ਦੱਸੋ ਫਿਰ ਕੀ ਸਮਝਣਗੇ ਲੋਕ। ਉਨ੍ਹਾਂ ਦੀ ਗੱਲ ਤਾਂ ਇਹ ਹੈ—

"ਸਾਹਿਲ ਕੇ ਤਮਾਸ਼ਾਈ ਹਰ ਡੂਬਨੇ ਵਾਲੇ ਪਰ ਅਫਸੋਸ ਤੋਂ ਕਰਤੇ ਹੈਂ ਮੱਦਦ ਨਹੀਂ ਕਰਤੇ"।

ਫਿਰ ਲੋਕਾਂ ਵਿਚ ਦੱਸਿਆ ਜਾਵੇ ਕਿ ਅਸੀਂ ਇਕ ਹਾਂ। ਕਿਸ ਤਰ੍ਹਾਂ ਕਹਾਂਗੇ ਕਿ ਅਸੀਂ ਭਾਈ ਭਾਈ ਸਮਝਦੇ ਹਾਂ। ਕਿਵੇਂ ਲੋਕ ਇਤਬਾਰ ਕਰਨਗੇ। ਮੇਰਾ ਤਾਂ ਪਹਿਲਾਂ ਹੀ ਪਤੀਲਾ ਮਾਂਜਿਆ ਗਿਆ। ਜਦੋਂ ਮੈਨੂੰ ਇਹ ਗੱਲਾਂ ਕਹਿਣ ਲਗੇ ਤਾਂ ਮੈਂ ਕਿਹਾ ਕਿ ਮੈਂ ਤੁਹਾਨੂੰ ਵਜ਼ੀਰ ਬਣਿਆ ਬੁਰਾ ਲਗਦਾ ਹਾਂ।

**ਰਾਜਮੰਤਰੀ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ :** ਡਿਪਟੀ ਸਪੀਕਰ ਸਾਹਿਬ, ਮੈਂ ਕਲ੍ਹ ਨਾਉਂ ਲਿਆ ਸੀ। ਇਸ ਤਰ੍ਹਾਂ ਹੀ ਗੁਪਤਾ ਸਾਹਿਬ ਕਹਿਣ ਕਿ ਕਿਨ੍ਹਾਂ ਦਾ ਅਸਤੀਫਾ ਲੈਣ ਬਾਰੇ ਇਹ ਕਹਿੰਦੇ ਹਨ, ਗੋਲ ਗੱਲ ਕਿਉਂ ਕਰਦੇ ਹਨ ?

**ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ :** ਡਿਪਟੀ ਸਪੀਕਰ ਸਾਹਿਬ, ਕਲ੍ਹ ਇਥੇ ਅਕਾਲੀ ਭਾਈ ਨੇ ਕਿਹਾ ਕਿ ਕੋਈ ਮਹਾਰਾਜਾ ਨਹੀਂ, ਰਾਜਾ ਨਹੀਂ ਪਰ ਹੁਣ ਜਦੋਂ ਗੁਪਤਾ ਜੀ ਕਹਿੰਦੇ ਹਨ ਤਾਂ ਮਹਾਰਾਜਾ ਜੀ ਕਹਿੰਦੇ ਹਨ। ਇਹ ਦੱਸਣ ਕਿ ਕੀ ਉਹ ਮਹਾਰਾਜਾ ਹਨ ਜਾਂ ਨਹੀਂ ਹਨ। (ਹਾਸਾ)

**ਸ੍ਰੀ ਡਿਪਟੀ ਸਪੀਕਰ :** ਗੁਪਤਾ ਜੀ, ਤੁਸੀਂ ਕਨਟੀਨਿਊ ਕਰੋ।

**ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ :** ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿ ਰਿਹਾ ਸੀ ਕਿ ਇਨ੍ਹਾਂ ਦੇ ਆਖੇ ਕਿਉਂ ਨਹੀਂ ਲਗਦੇ। ਕਦੇ ਮੈਸਿਜ ਭੇਜ ਦੇਣਗੇ, ਕਦੇ ਟੈਲੀਫੂਨ ਕਰ ਦੇਣਗੇ। ਮਹਾਰਾਜਾ ਤਾਂ ਅਸੀਂ ਇਜ਼ਤ ਨਾਲ ਕਹਿੰਦੇ ਹਾਂ। ਮੈਂ ਹਾਂ, ਸੰਧੂ ਸਾਹਿਬ ਹਨ ਅਸੀਂ ਪੱਕੇ ਝੋਲੀ ਚੁੱਕ ਹਾਂ। ਮੈਂ ਕਹਿੰਦਾ ਹਾਂ, ਮੈਂ ਤੁਹਾਨੂੰ ਤਾਂ ਨਹੀਂ ਕਹਿੰਦਾ ਪਰ ਜਦੋਂ ਇਹੋ ਜਿਹਾ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ]

ਸਵਾਲ ਡੈਲੀਕੇਟ ਹੋਵੇ, ਜਿੱਥੇ ਕਹੀ ਜਾਣ ਕਿ ਅਸੀਂ ਕੰਡੈਮ ਕਰਦੇ ਹਾਂ, ਪਰ ਜੇਕਰ ਟੇਰਾਰਿਜ਼ਮ ਦੀ ਗੱਲ ਆਈ ਤਾਂ ਆਇਰਲੈਂਡ ਦੀ ਗੱਲ ਕਰਨ ਲਗ ਪੈਂਦੇ ਹਨ, ਇਹ ਠੀਕ ਨਹੀਂ ਹੈ। ਇਕ ਗੱਲ ਹੈ, ਡਿਪਟੀ ਸਪੀਕਰ ਸਾਹਿਬ, ਜੇਕਰ ਇਹ ਗੱਲ ਚਲਦੀ ਰਹੀ ਤਾਂ ਇਹ ਹਾਲਾਤ ਕਿਸ ਤਰ੍ਹਾਂ ਸੁਧਰਨਗੇ। ਸੰਨ 1984 ਦੇ ਵਿਚ ਕੈਪਟਨ ਅਮਰਿੰਦਰ ਸਿੰਘ ਮਹਾਰਾਜਾ, ਪਟਿਆਲਾ ਨੇ ਕਾਂਗਰਸ ਛੱਡ ਦਿੱਤੀ। ਕਿਉਂ ਛੱਡੀ; ਇਸ ਲਈ ਕਿ ਤੁਅੱਲਕਾਤ ਕਾਇਮ ਰਹੇ। ਮੈਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਸਿਆਸਤ ਵਿਚ ਫਰਕ ਪੈ ਜਾਵੇ ਜੇਕਰ ਸਿਆਸੀ ਤੁਅਲਕਾਤ ਕਾਇਮ ਨਾ ਰਹਿਣ ਤਾਂ ਉਸ ਦੇ ਨਾਲ ਮੇਰਾ ਸਿਆਸੀ ਡਿਫਰੈਂਸ ਪੈਦਾ ਹੋ ਗਿਆ। ਇਸ ਤਰ੍ਹਾਂ ਮੇਰੇ ਨਾਲ ਸਿਆਸਤ ਦੇ ਤੌਰ ਤੇ ਕਾਇਮ ਨਾ ਰਹਿ ਸਕੇ ਤੇ ਰਾਜੀਵ ਗਾਂਧੀ ਨਾਲ ਕਿਸ ਤਰ੍ਹਾਂ ਰਹਿਣਗੇ। ਮੈਂ ਉਦੋਂ ਵੀ ਗੱਲ ਕਹੀ ਸੀ, 1984 ਦੇ ਬਲਿਊਸਟਾਰ ਉਪ੍ਰੇਸ਼ਨ ਵੇਲੇ ਮੈਂ ਕਾਂਗਰਸੀਆਂ ਵਿਚੋਂ ਪਹਿਲਾ ਬੰਦਾ ਸੀ ਜਿਹੜਾ ਕਹਿੰਦਾ ਸੀ ਕਿ ਬਲਿਊਸਟਾਰ ਉਪਰੇਸ਼ਨ ਨਹੀਂ ਸੀ ਹੋਣਾ ਚਾਹੀਦਾ, ਕੋਈ ਹੋਰ ਰਸਤਾ ਅਡਾਪਟ ਕਰ ਲੈਣਾ ਚਾਹੀਦਾ ਸੀ। ਮਸਲੇ ਦਾ ਹੋਰ ਹਲ ਕੱਢ ਲੈਂਦੇ। ਇਕ ਪੁਲੀਟੀਕਲ ਪਾਰਟੀ ਐਜੀਟੇਸ਼ਨ ਕਰ ਰਹੀ ਸੀ, ਚਾਹੇ ਗੁਰਦਵਾਰੇ ਵਿਚੋਂ ਕਰ ਰਹੀ ਸੀ, ਚਾਹੇ ਬਾਹਰੋਂ ਕਰ ਰਹੀ ਸੀ, ਉਦੋਂ ਮੌਕੇ ਦੀ ਸਰਕਾਰ ਨੂੰ ਉਥੇ ਫੌਜ ਭੇਜਣ ਦਾ ਕੋਈ ਅਧਿਕਾਰ ਨਹੀਂ ਸੀ। ਲੇਕਿਨ ਅੱਜ ਉਹ ਹਾਲਤ ਜੋ ਸੀ ਉਹ ਬਦਲ ਚੁੱਕੀ ਸੀ। ਹੁਣ ਉਥੇ ਖਾਲਿਸਤਾਨ ਡਿਕਲੇਅਰ ਹੋ ਗਿਆ ਸੀ। ਵਿਦੇਸ਼ੀ ਤਾਕਤਾਂ ਉਥੇ ਆਪਣਾ ਅੱਡਾ ਬਣਾ ਰਹੀਆਂ ਸਨ। ਮੈਂ ਇਹ ਗੱਲ ਮਹਾਰਾਜਾ ਸਾਹਿਬ ਨੂੰ ਵੀ ਐਕਸਪਲੇਨ ਕੀਤੀ ਸੀ ਪਰ ਉਹ ਕਹਿੰਦੇ ਸਨ ਕਿ ਹੁਣ ਅਸੀਂ ਇਹ ਕਹਿ ਬੈਠੇ ਹਾਂ ਔਰ ਜੋ ਮਹਾਰਾਜਾ ਇਕ ਵਾਰ ਕਹਿ ਦਿੰਦੇ ਹਨ ਉਹ ਲਫਜ਼ ਵਾਪਸ ਨਹੀਂ ਲੈਂਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬਜਟ ਤੇ ਹੀ ਬੋਲ ਰਿਹਾ ਹਾਂ। ਜੇ ਇਥੇ ਲਾਅ ਐਂਡ ਆਰਡਰ ਦੀ ਹਾਲਤ ਵਿਗੜੀ ਰਹੇਗੀ ਤਾਂ ਬਜਟ ਨੂੰ ਕੀ ਕਰਾਂਗੇ। ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹੋਰ ਬੇਨਤੀ ਕਰਾਂਗਾ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਨੂੰ ਠੀਕ ਕਰਨ ਵਾਸਤੇ ਜਿਥੇ ਸਾਰੇ ਲੋਕਾਂ ਦੀ ਕੋਆਪਰੇਸ਼ਨ ਦੀ ਲੋੜ ਹੈ ਉਥੇ ਇਸ ਵਾਸਤੇ ਖਰਚਾ ਵੀ ਬਹੁਤ ਹੁੰਦਾ ਹੈ। ਅੱਜ ਇਹ ਗੱਲ ਸਾਰੇ ਕਹਿ ਰਹੇ ਹਨ ਕਿ ਦੇਸ਼ ਦੀ ਏਕਤਾ ਦੀ ਲੜਾਈ ਪੰਜਾਬ ਵਿਚ ਲੜੀ ਜਾ ਰਹੀ ਹੈ। ਹਿੰਦੁਸਤਾਨ ਦੇ ਖਿਲਾਫ ਜਿਹੜੀਆਂ ਸਾਜਸ਼ਾਂ ਹੋ ਰਹੀਆਂ ਹਨ ਉਹ ਪੰਜਾਬ ਵਿਚ ਹੀ ਘੜੀਆਂ ਜਾ ਰਹੀਆਂ ਹਨ। ਇਸ ਲਈ ਪੰਜਾਬ ਸਰਕਾਰ ਇਸ ਲੜਾਈ ਦਾ ਮੁਕਾਬਲਾ ਤਦ ਹੀ ਕਰ ਸਕਦੀ ਹੈ ਜੇ ਇਸ ਵਾਸਤੇ ਕੇਂਦਰ ਸਰਕਾਰ ਵੱਧ ਤੋਂ ਵੱਧ ਏਡ ਦੇਵੇ। ਔਰ ਇਕ ਗੱਲ ਮੈਂ ਇਹ ਕਹਾਂਗਾ ਕਿ ਦੇਸ਼ ਦੀ ਏਕਤਾ ਵਾਸਤੇ ਸਿਰਫ਼ ਪੰਜਾਬ ਨੂੰ ਹੀ ਬੈਟਲ ਫੀਲਡ ਨਾ ਬਣਾਇਆ ਜਾਵੇ ਦੇਸ਼ ਦੀ ਏਕਤਾ ਵਾਸਤੇ ਲੜਾਈ ਸਾਰੇ ਦੇਸ਼ ਵਿਚ ਲੜੀ ਜਾਣੀ ਚਾਹੀਦੀ ਹੈ। ਲੇਕਿਨ ਇਥੇ ਸਾਰੀਆਂ ਮੁਸੀਬਤਾਂ ਸਾਡੇ ਹੀ ਗਲੇ ਪਾਈਆਂ ਜਾ ਰਹੀਆਂ ਹਨ। ਇਸ ਤੋਂ ਬਾਅਦ ਇਕ ਗੱਲ ਮੈਂ ਇੰਡਸਟਰੀ ਦੇ ਬਾਰੇ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ......

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਡਿਪਟੀ ਸਪੀਕਰ ਸਾਹਿਬ, ਗੁਪਤਾ ਜੀ ਨੇ ਇਹ ਤਾਂ ਗੱਲ ਦੱਸੀ ਹੈ ਪਰ ਜਿਹੜੇ ਹੁਣ ਵੀ ਕਤਲ ਹੋ ਰਹੇ ਹਨ ਕੀ ਸਰਕਾਰ ਉਨ੍ਹਾਂ ਨੂੰ ਬੰਦ ਕਰਨ ਵਾਸਤੇ ਕੋਈ ਤਰੀਕਾ ਕੱਢ ਰਹੀ ਹੈ? ਦੂਜਾ ਇਨ੍ਹਾਂ ਦਾ ਟਾਈਮ ਹੋ ਗਿਆ ਹੈ।

**ਰਾਜ ਮੰਤਰੀ** : ਮੈਂ ਤੁਹਾਡਾ ਟਾਈਮ ਵੀ ਵਰਤ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਫਿਰ ਇਹ ਕਹਾਂਗਾ ਕਿ ਇਹ ਜਿਹੜਾ ਬਜਟ ਇਥੇ ਰਖਿਆ ਹੈ ਇਹ ਸਰਵਪੱਖੀ ਬਜਟ ਹੈ।

Original with;
Punjab Vidhan Sabha
Digitized by;
Panjab Digital Library

ਇਤਨੇ ਮਾੜੇ ਹਾਲਾਤ ਹੋਣ ਦੇ ਬਾਵਜੂਦ ਬਰਨਾਲਾ ਸਾਹਿਬ ਦੀ ਸਰਕਾਰ ਨੇ ਹਰ ਖੇਤਰ ਵਿਚ ਡਿਵੈਲਪਮੈਂਟ ਕੀਤੀ ਹੈ। ਇੰਡਸਟਰੀ ਦੇ ਖੇਤਰ ਵਿਚ ਵੀ ਡਿਵੈਲਪਮੈਂਟ ਕੀਤੀ ਹੈ ਔਰ ਜੋ ਪ੍ਰਾਪਤੀਆਂ ਹੋਈਆਂ ਹਨ ਪਿਛਲੇ ਸਾਲ ਵਿਚ ਉਸ ਦਾ ਵਰਣਨ ਇਸ ਵਿਚ ਅੰਕਿਤ ਕੀਤਾ ਹੈ। ਪੰਜਾਬ ਦੀ ਇਕ ਸੋਹਣੀ ਤਸਵੀਰ ਬਣਾਉਣ ਵਾਸਤੇ ਕੋਸ਼ਿਸ਼ ਕੀਤੀ ਗਈ ਹੈ। ਅੱਜ ਵੀ ਸਾਡੇ ਸੂਬੇ ਵਿਚ ਪਰ ਕੈਪਟਾ ਇੰਨਕਮ ਹਿੰਦੁਸਤਾਨ ਦੇ ਕਈ ਸੂਬਿਆਂ ਨਾਲੋਂ ਜ਼ਿਆਦਾ ਹੈ। ਇਸ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਵੀ ਰਿਆਇਤਾਂ ਦਿੱਤੀਆਂ ਗਈਆਂ ਹਨ। ਇਥੇ ਪੰਡਿਤ ਜੀ ਨੇ ਪ੍ਰਾਈਵੇਟ ਸਕੂਲਾਂ ਬਾਰੇ ਰੈਫਰੈਂਸ ਕੀਤਾ ਸੀ। ਉਨ੍ਹਾਂ ਦੀਆਂ ਮੰਗਾਂ ਵੀ ਸਰਕਾਰ ਨੇ ਮੰਨ ਲਈਆਂ ਹਨ ਔਰ ਸਾਢੇ ਤਿੰਨ ਕਰੋੜ ਰੁਪਏ ਦਾ ਜਿਹੜਾ ਖਸਾਰਾ ਸੀ ਉਸ ਦੀ ਗ੍ਰਾਂਟ ਦਿੱਤੀ ਹੈ (ਘੰਟੀ) ਇਸ ਵਿਚ ਹੋਰ ਵੀ ਕਈ ਗਲਾਂ ਚੰਗੀਆਂ ਕੀਤੀਆਂ ਹਨ। ਜੋ ਮਿਨਿਮੱਮ ਵੇਜਿਜ਼ ਪੰਜਾਬ ਵਿਚ ਹਨ ਉਸ ਬਾਰੇ ਬਜਟ ਵਿਚ ਵੀ ਅਤੇ ਗਵਰਨਰ ਐਡਰੈਸ ਵਿਚ ਵੀ ਕਿਹਾ ਗਿਆ ਹੈ ਕਿ ਇਹ ਅਸੀਂ ਵਧਾ ਰਹੇ ਹਾਂ। (ਵਿਘਨ) ਮੈਂ ਆਪਣੇ ਮਹਿਕਮੇ ਦੇ ਬਾਰੇ ਹੀ ਗਲ ਕਰ ਰਿਹਾ ਹਾਂ। ਇਥੇ ਜਿਹੜੀ ਲੇਬਰ ਹੈ ਚਾਹੇ ਉਹ ਐਗਰੀਕਲਚਰ ਵਿਚ ਹੈ ਜਾਂ ਇੰਡਸਟਰੀ ਵਿਚ ਹੈ ਇਹ ਜ਼ਿਆਦਾ ਮਾਈਗਰੇਟਿਡ ਲੇਬਰ ਹੈ। ਦੂਜਿਆਂ ਸੂਬਿਆਂ ਵਿਚੋਂ ਇਥੇ ਆਏ ਹੋਏ ਹਨ। ਅਸੀਂ ਉਨ੍ਹਾਂ ਦੇ ਵਾਸਤੇ ਵੀ ਧਿਆਨ ਰਖਦੇ ਹਾਂ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਇੰਡਸਟਰੀਜ਼ ਦੇ ਜਿਹੜੇ ਮਾਲਕ ਹਨ ਔਰ ਜਿਹੜੇ ਮਜ਼ਦੂਰ ਹਨ ਉਨ੍ਹਾਂ ਦੇ ਰਿਲੇਸ਼ਨਜ਼ ਹਾਰਮੋਨੀਅਸ ਰਹਿਣ। ਮੈਂ ਇਕ ਹੋਰ ਗੱਲ ਤੁਹਾਡੀ ਸੇਵਾ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਲੇਬਰ ਦੇ ਵਾਸਤੇ ਰੀਕਰੀਏਸ਼ਨ ਦੇ ਵਾਸਤੇ ਹਰ ਜ਼ਿਲ੍ਹੇ ਵਿਚ ਲੇਬਰ ਵੈਲਫੇਅਰ ਸੈਂਟਰ ਜਿਸ ਨੂੰ ਕਿਰਤੀ ਭਵਨ ਕਿਹਾ ਜਾਂਦਾ ਹੈ ਬਣਾਏ ਜਾਣਗੇ ਜਿਸ ਉਤੇ 25 ਲੱਖ ਰੁਪਿਆ ਲਾਗਤ ਆਵੇਗੀ ਅਤੇ 5 ਤਾਰੀਖ ਨੂੰ ਜਿਸ ਦਾ ਨੀਂਹ ਪੱਥਰ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ, ਰਾਜਪੁਰਾ ਵਿਖੇ ਰੱਖ ਰਹੇ ਹਨ (ਥੰਪਿੰਗ) ਮੈਨੂੰ ਇਸ ਗੱਲ ਦਾ ਫ਼ਖਰ ਹੈ ਕਿ ਚਾਹੇ ਸਾਡੇ ਲੇਬਰ ਵੈਲਫੇਅਰ ਬੋਰਡ ਦੇ ਕੋਲ ਬਜਟ ਘੱਟ ਹੈ ਪਰ ਸਾਡੀ ਸਰਕਾਰ ਸਾਨੂੰ ਲਿਬਰਲੀ ਗ੍ਰਾਂਟ ਦੇਵੇਗੀ ਔਰ ਜਿਸ ਤਰ੍ਹਾਂ ਮਹਾਰਾਸ਼ਟਰਾ ਵਿਚ ਸਵਾ ਦੋ ਕਰੋੜ ਰੁਪਏ ਦਾ ਬਜਟ ਹੈ ਪਰ ਇਹ ਕਿਰਤੀ ਭਵਨ ਮਹਾਰਾਸ਼ਟਰ ਅਤੇ ਤਾਮਿਲ ਨਾਡੂ ਵਿਚ ਵੀ ਨਹੀਂ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਕੀ ਕਾਰਣ ਹੈ ਜਦ ਦਾ ਮੈਂ ਖੜ੍ਹਾ ਹਾਂ ਉਦੋਂ ਤੋਂ ਤੁਸੀਂ ਘੰਟੀ ਵਜਾਈ ਜਾਂਦੇ ਹੋ, ਤੁਸੀਂ ਘੰਟੀ ਤੋਂ ਹੱਥ ਚੁੱਕ ਲਵੋ

ਐਸ. ਵਾਈ.ਐਲ. ਦੇ ਬਾਰੇ ਬੜੀ ਕੰਟਰੋਵਰਸੀ ਸੀ ਜਿਸ ਇਲਾਕੇ ਵਿਚੋਂ ਇਹ ਨਹਿਰ ਨਿਕਲ ਕੇ ਜਾਣੀ ਸੀ ਉਨ੍ਹਾਂ ਲੋਕਾਂ ਨੂੰ ਯਕੀਨ ਨਹੀਂ ਸੀ ਕਿ ਉਨ੍ਹਾਂ ਨੂੰ ਇਸ ਪਾਣੀ ਦਾ ਫਾਇਦਾ ਹੋਵੇਗਾ ਪਰ ਪੰਜਾਬ ਸਰਕਾਰ ਦੇ ਫੈਸਲੇ ਅਨੁਸਾਰ ਜਿਸ ਇਲਾਕੇ ਵਿਚੋਂ ਇਹ ਨਹਿਰ ਨਿਕਲ ਕੇ ਜਾਵੇਗੀ ਉਸ ਇਲਾਕੇ ਦੇ ਲੋਕਾਂ ਨੂੰ ਇਸ ਨਹਿਰ ਦਾ ਪਾਣੀ ਮਿਲੇਗਾ, ਪਰ ਹੁਣ ਉਥੇ ਮੋਘੇ ਬਨਾਉਣੇ ਸ਼ੁਰੂ ਹੋ ਗਏ ਹਨ ਅਤੇ ਲੋਕਾਂ ਨੂੰ ਇਤਬਾਰ ਹੋਣਾ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਲੋਕਾਂ ਨੂੰ ਹੁਣ ਯਕੀਨ ਹੋ ਗਿਆ ਹੈ ਕਿ ਇਸ ਨਹਿਰ ਨੂੰ ਜੋ ਉਨ੍ਹਾਂ ਦੀ ਛਾਤੀ ਤੋਂ ਕੱਢਿਆ ਜਾ ਰਿਹਾ ਹੈ ਤਾਂ ਪਾਣੀ ਵੀ ਉਨ੍ਹਾਂ ਨੂੰ ਹੀ ਮਿਲੇਗਾ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀ ਗਰੋਥ ਵਧਾਉਣ ਦੇ ਵਾਸਤੇ ਰਾਜਪੁਰਾ, ਖਰੜ, ਭਵਾਨੀਗੜ੍ਹ ਅਤੇ ਰਾਮਪੁਰਾਫੂਲ ਵਿਚ ਪੰਜਾਬ ਸਰਕਾਰ ਵਲੋਂ ਇਨ੍ਹਾਂ ਇਲਾਕਿਆਂ ਨੂੰ ਸਬਸਿਡੀ ਦਿੱਤੀ ਜਾ ਰਹੀ ਹੈ ਤਾਕਿ ਇਹ ਤਰੱਕੀ ਕਰ ਸਕਣ। ਜੇਕਰ ਕਿਸੇ ਨੇ ਕੋਈ ਮੇਰੇ ਬਾਰੇ ਗੱਲ ਕੀਤੀ ਤਾਂ ਮੈਨੂੰ ਪਰਸਨਲ ਐਕਸਪਲੇਨੇਸ਼ਨ ਕਰਦੇ ਹੋਏ ਪੂਰਾ ਟਾਈਮ ਦੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ]

ਦੇਣਾ। ਮੈਂ ਇਥੇ ਇਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਥੇ ਮਹਾਰਾਜਾ ਰਣਜੀਤ ਸਿੰਘ ਦਾ ਜ਼ਿਕਰ ਆਇਆ ਸੀ ਕਿ ਉਨ੍ਹਾਂ ਨੇ ਰੋਪੜ ਦੇ ਨੇੜੇ ਲਾਰਡ ਵਿਲੀਅਮ ਬੈਨਟਿਕ ਦੇ ਨਾਲ ਕੋਈ ਸਮਝੌਤਾ ਕੀਤਾ ਸੀ। ਇਹ ਸਮਝੌਤਾ ਕਿਉਂ ਕੀਤਾ ? ਇਹ ਗੱਲ ਬਾਰ ਬਾਰ ਇਥੇ ਆਉਂਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਫੂਲਕੀਆ ਸਟੇਟ ਦਾ ਰਾਜਾ ਸਿੱਖ ਨਹੀਂ ਸੀ। ਇਹ ਸਟੇਟ ਅੰਗਰੇਜ਼ਾਂ ਦੀ ਪ੍ਰੋਟੈਕਟਿਡ ਸਟੇਟ ਸੀ ਇਹ ਰਾਜਾ ਸਿੱਖਾਂ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਨਹੀਂ ਮਿਲਿਆ ਬਲਕਿ ਅੰਗਰੇਜ਼ਾਂ ਦੀ ਛੱਤਰ ਛਾਇਆ ਵਿਚ ਚਲਾ ਗਿਆ ਕਿ ਅਗਰ ਹਿੰਦੁਸਤਾਨ ਗੁਲਾਮ ਰਿਹਾ ਤਾਂ ਸਿੱਖ ਸਟੇਟ ਕਾਇਮ ਰਹੇਗੀ। ਅਤੇ ਸਿੱਖਾਂ ਦੇ ਨਾਲ ਮੇਲ ਅਵਾਇਡ ਕੀਤਾ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਖੂਨ ਖਰਾਬਾ ਅਵਾਇਡ ਕਰਨ ਲਈ ਲਾਰਡ ਵਿਲੀਅਮ ਬੈਨਟਿੰਕ ਦੇ ਨਾਲ ਸਮਝੌਤਾ ਕੀਤਾ ਸੀ ਰੋਪੜ ਦੇ ਕੋਲ। ਉਦੋਂ ਐਂਗਲੋ-ਸਿੱਖ ਵਾਰ ਹੋ ਰਹੀ ਸੀ।

**ਪ੍ਰੋਫੈਸਰ ਦਰਬਾਰੀ ਲਾਲ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਇਤਿਹਾਸ ਦਾ ਰੈਫਰੈਂਸ ਇਥੇ ਦੇ ਰਹੇ ਹਨ। ਜੇਕਰ ਇਨ੍ਹਾਂ ਨੂੰ ਇਤਿਹਾਸ ਦਾ ਪਤਾ ਨਹੀਂ ਹੈ ਤਾਂ ਇਨ੍ਹਾਂ ਨੂੰ ਕੋਟ ਨਹੀਂ ਕਰਨਾ ਚਾਹੀਦਾ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਮਝੌਤਾ 1809 ਵਿਚ ਹੋਇਆ ਸੀ ਅਤੇ ਲਾਰਡ ਵਿਲੀਅਮ ਬੈਨਟਿਕ ਇਥੇ 1828 ਵਿਚ ਆਇਆ ਸੀ।

**ਰਾਜ ਮੰਤਰੀ :** ਚਲੋ, ਕੋਈ ਹੋਇਆ। ਸਪੀਕਰ ਸਾਹਿਬ, ਕੋਈ ਵੀ ਹੋਇਆ, ਮੈਂ ਇਸ ਵਿਚ ਡਿਸਪਿਊਟ ਨਹੀਂ ਕਰਦਾ। ਦਿੱਲੀ ਵਿਚ ਜਿਸਦਾ ਰਾਜ ਹੁੰਦਾ ਸੀ, ਉਸੇ ਦਾ ਹੀ ਹਿੰਦੁਸਤਾਨ ਵਿਚ ਰਾਜ ਹੁੰਦਾ ਸੀ। ਅੱਜ ਨਾਅਰੇ ਲਗ ਰਹੇ ਹਨ ਕਿ "ਰਾਜ ਕਰੇਗਾ ਖਾਲਸਾ" ਸਿੱਖ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਸਾਡਾ ਦਿੱਲੀ ਵਿਚ ਰਾਜ ਹੋ ਜਾਵੇ। ਫਿਰ ਸਾਰੇ ਹਿੰਦੁਸਤਾਨ ਵਿਚ ਰਾਜ ਸਾਡਾ ਹੋਵੇਗਾ। ਪਰ ਇਹ ਇਸ ਦੀ ਭਾਵਨਾ ਨਹੀਂ ਸਮਝਦੇ। ਇਕ ਕਹਾਵਤ ਹੈ ਕਿ ਯਾਰ ਫਰੰਗੀਆਂ ਦਾ (ਵਿਘਨ) ਸਪੀਕਰ ਸਾਹਿਬ, ਜੇਕਰ ਮੈਨੂੰ ਅਗਲੀ ਲਾਈਨ ਨਹੀਂ ਆਉਂਦੀ ਤਾਂ ਮੈਂ ਤੁਹਾਡੇ ਕੋਲੋਂ ਸਿੱਖ ਲਵਾਂਗਾ। "ਨਿੰਦੂਆਂ ਵਾਂਗ ਸਿੰਘ ਨਚੋੜ ਸੁਟੇ।" ਇਹ ਉਨ੍ਹਾਂ ਦੀ ਪਾਲਿਸੀ ਨਹੀਂ ਸੀ। ਪੁਰਾਣੀ ਸਾਂਝ ਇਨ੍ਹਾਂ ਦੀ ਚਲੀ ਆ ਰਹੀ ਹੈ। ਇਸ ਬਾਰੇ ਸਾਰਾ ਇਤਿਹਾਸ ਦਸਦਾ ਹੈ। 1857 ਦਾ ਇਤਿਹਾਸ ਹੈ, ਹੋਰ ਸਾਰੇ ਇਤਿਹਾਸ ਹਨ। ਪਹਿਲੇ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਰਿਹਾ। ਫਿਰ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਪਰ ਕਿਸੇ ਨੇ ਸਾਥ ਨਹੀਂ ਦਿੱਤਾ। ਡਿਪਟੀ ਸਪੀਕਰ ਸਾਹਿਬ, ਇਹ ਹਿਸਟੋਰੀਕਲ ਫੈਕਟਸ ਹਨ। (ਘੰਟੀ) ਇਸ ਕਰਕੇ ਹੀ ਮੈਂ ਸਾਰੀਆਂ ਗਲਾਂ ਦਾ ਜ਼ਿਕਰ ਕੀਤਾ ਹੈ। ਸਰਦਾਰ ਬਲਵੰਤ ਸਿੰਘ ਜੀ ਨੇ ਜੋ ਬਜਟ ਪੇਸ਼ ਕੀਤਾ ਹੈ, ਮੈਂ ਉਸ ਬਜਟ ਦੀ ਸਰਾਹਨਾ ਕਰਦਾ ਹੋਇਆ ਬੈਠਦਾ ਹਾਂ। (ਥੰਪਿੰਗ)

**ਸ੍ਰੀ ਅਸ਼ਵਨੀ ਸੇਖੜੀ .** ਡਿਪਟੀ ਸਪੀਕਰ ਸਾਹਿਬ, ਮੇਰਾ ਬੋਲਣ ਦਾ ਟਾਈਮ ਹੈ ਔਰ ਮੈਨੂੰ ਬੋਲਣ ਲਈ ਟਾਈਮ ਦਿਤਾ ਜਾਵੇ। (ਵਿਘਨ) ਮੇਰਾ ਟਾਈਮ ਪਹਿਲਾ ਲਿਖਿਆ ਹੋਇਆ ਹੈ।

**ਸ੍ਰੀ ਡਿਪਟੀ ਸਪੀਕਰ .** ਤੁਹਾਡੀ ਪਾਰਟੀ ਦਾ ਟਾਈਮ ਹੈ। ਤੁਸੀਂ ਆਪਸ ਵਿਚ ਬੈਠ ਕੇ ਫੈਸਲਾ ਕਰ ਲਓ। (ਵਿਘਨ) ਸ੍ਰੀ ਰਾਮ ਪ੍ਰਕਾਸ਼ ਬਾਲੀ ਜੀ, ਤੁਸੀਂ ਬੋਲੋ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਾਮ ਪ੍ਰਕਾਸ਼ ਬਾਲੀ** (ਨੰਗਲ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਸਰਦਾਰ ਬਲਵੰਤ ਸਿੰਘ ਜੀ ਨੇ ਜੋ ਬਜਟ ਪੇਸ਼ ਕੀਤਾ ਹੈ। ਇਹ 4100 ਕਰੋੜ ਰੁਪਏ ਦੇ ਲਗਭਗ ਹੈ। ਜਿਸ ਬਜਟ ਵਿਚ 225 ਕਰੋੜ ਰੁਪਏ ਦਾ ਖਸਾਰਾ ਦਸਿਆ ਗਿਆ ਹੈ। 40 ਕਰੋੜ ਰੁਪਏ ਦੇ ਨਵੇਂ ਟੈਕਸ ਲਗਾਏ ਗਏ ਹਨ ਔਰ 185 ਕਰੋੜ ਰੁਪਏ ਦਾ ਅਣਪੂਰਿਆ ਘਾਟਾ ਛੱਡ ਦਿੱਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪੰਡਿਤ ਮੋਹਨ ਲਾਲ ਜੀ ਹੋਰਾਂ ਨੇ ਬੜੇ ਹੀ ਅੱਛੇ ਸ਼ਬਦਾਂ ਦੇ ਨਾਲ ਬਜਟ ਬਾਰੇ ਕਿਹਾ ਸੀ ਕਿ ਇਹ ਬਜਟ ਕਿਸੇ ਕੰਮ ਦਾ ਨਹੀਂ ਹੈ। ਇਹ ਬਜਟ ਕਿਸੇ ਕਿਸਮ ਦੇ ਸੋਸ਼ਲਿਜ਼ਮ ਵਾਲਾ ਬਜਟ ਨਹੀਂ ਹੈ। ਗਰੀਬਾਂ ਦੀ ਤਰੱਕੀ ਦੀ ਝਲਕ ਇਸ ਵਿਚ ਕੋਈ ਨਜ਼ਰ ਨਹੀਂ ਆਉਂਦੀ। ਸਰਕਾਰੀ ਬੈਂਚਾਂ ਵਾਲੇ ਹਮੇਸ਼ਾਂ ਹੀ ਆਪਣੇ ਬਜਟ ਦੀ ਤਾਰੀਫ ਕਰਦੇ ਹਨ ਭਾਵੇਂ ਉਹ ਦਿਲੋਂ ਇਸ ਚੀਜ਼ ਨੂੰ ਮਹਿਸੂਸ ਹੀ ਕਰਦੇ ਹਨ ਕਿ ਇਸ ਬਜਟ ਵਿਚ ਬਹੁਤ ਘਾਟੇ ਹਨ। ਮੈਂ ਆਪੋਜ਼ੀਸ਼ਨ ਦਾ ਮੈਂਬਰ ਹੋਣ ਦੇ ਨਾਤੇ ਰਸਮੀ ਤੌਰ ਤੇ ਬਿਲਕੁਲ ਇਹ ਨਹੀਂ ਕਹਿ ਰਿਹਾ ਬਲਕਿ ਇਹ ਹਕੀਕਤ ਹੈ ਕਿ ਇਸ ਬਜਟ ਵਿਚ ਨਾਂ ਹੀ ਕੁਝ ਹਰੀਜਨਾਂ ਲਈ ਔਰ ਨਾਂ ਹੀ ਕੁਝ ਲੇਬਰ ਲਈ ਔਰ ਨਾਂ ਹੀ ਕੁਝ ਸਰਕਾਰੀ ਕਰਮਚਾਰੀਆਂ ਲਈ ਔਰ ਨ ਹੀ ਕਿਸਾਨਾਂ ਲਈ ਅਤੇ ਨਾ ਹੀ ਵੀਕਰ ਸੈਕਸ਼ਨਜ਼ ਲਈ ਕੀਤਾ ਗਿਆ ਹੈ। ਉਨ੍ਹਾਂ ਦੀ ਸੈਂਟਰ ਪੇ-ਕਮਿਸ਼ਨ ਦੀ ਮੰਗ ਨਹੀਂ ਮੰਨੀ ਗਈ। ਸੈਂਟਰ ਪੇ-ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ ਹਰਿਆਣੇ ਦੇ ਕਰਮਚਾਰੀਆਂ ਨੂੰ ਗਰੇਡ ਦੇ ਦਿਤੇ ਗਏ ਹਨ ਪਰ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਲਈ ਇਹ ਯਤਨ ਨਹੀਂ ਕੀਤੇ ਗਏ। ਨਾ ਹੀ ਇਸ ਦੇ ਵਿੱਚ ਕੋਈ ਕਿਸਾਨਾਂ ਨੂੰ ਖਾਦ ਦੀ ਸਬਸਿਡੀ ਜਾਂ ਦੂਸਰੀ ਕੋਈ ਰਿਲੀਫ ਦਿੱਤੀ ਗਈ ਹੈ। ਹਿਮਾਚਲ ਦਾ ਸੂਬਾ ਜੋ ਸਾਡੇ ਕੋਲੋਂ ਵੀ ਪਛੜਿਆ ਹੋਇਆ ਸੂਬਾ ਹੈ, ਉਥੇ ਵੀ ਕਿਸਾਨਾਂ ਨੂੰ 40% ਸਬਸਿਡੀ ਦਿੱਤੀ ਜਾਂਦੀ ਹੈ ਲੇਕਿਨ ਪੰਜਾਬ ਦੇ ਕਿਸਾਨਾਂ ਨੂੰ ਜੋ ਆਪਣੀ ਮਿਹਨਤ ਨਾਲ ਸਾਰੇ ਹਿੰਦੁਸਤਾਨ ਦੇ ਭੰਡਾਰ ਭਰਦੇ ਹਨ, ਉਨ੍ਹਾਂ ਵਲ ਬਿਲਕੁਲ ਤਵੱਜੋ ਨਹੀਂ ਦਿੱਤੀ ਗਈ। ਹਾਲਾਂਕਿ ਸਰਕਾਰ ਕਹਿੰਦੀ ਹੈ ਕਿ ਸਾਡੀ ਪੇਂਡੂ ਸਰਕਾਰ ਹੈ, ਕਿਸਾਨਾਂ ਦੀ ਸਰਕਾਰ ਹੈ ਪਰ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਬਜਟ ਸਰਮਾਏਦਾਰੀ ਨਾਲ ਹੀ ਤਾਅਲੁੱਕ ਰਖਦਾ ਹੈ। ਜਿਸ ਤਰ੍ਹਾਂ ਕਿ ਸਰਦਾਰ ਬਲਵੰਤ ਸਿੰਘ ਜੀ ਦੇ ਮੁਤੱਲਕ ਇਹ ਕਹਿੰਦੇ ਹਨ ਕਿ ਇਹ ਬੜੇ ਮਾਹਿਰ ਇਕਨੌਮਿਸਟ ਹਨ, ਇਨ੍ਹਾਂ ਦਾ ਬੜਾ ਤਜਰਬਾ ਹੈ। ਮੈਨੂੰ ਖੁਸ਼ੀ ਹੈ ਕਿ ਇਹ ਕਾਬਲ ਹਨ, ਪਰ ਇਨ੍ਹਾਂ ਦੀ ਜ਼ਿਆਦਾ ਤਵੱਜੋ ਵੱਡੀ ਇੰਡਸਟਰੀ ਵੱਲ ਹੈ। ਜੋ ਕੁਝ ਵੀ ਇੰਡਸਟਰੀ ਦੇ ਮੁਤੱਲਕ ਇਸ ਬਜਟ ਵਿੱਚ ਝਲਕ ਦੱਸੀ ਹੈ, ਉਸ ਵਿੱਚ ਛੋਟੀਆਂ ਇੰਡਸਟਰੀਆਂ ਦਾ ਕੋਈ ਵਾਧਾ ਨਹੀਂ ਕੀਤਾ ਗਿਆ। ਛੋਟੀ ਇੰਡਸ-ਟਰੀ ਵਾਲਿਆਂ ਨੂੰ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਦਿੱਤੀ ਗਈ। ਮੇਰੇ ਹਲਕੇ ਵਿੱਚ ਸਰਕਾਰ ਦੀ ਇੰਡਸਟਰੀ ਹੈ ਪੰਜਾਬ ਨੈਸ਼ਨਲ ਫਰਟੇਲਾਈਜ਼ਰ। ਸੋਢਾ ਐਸ਼ ਦੀ ਫੈਕਟਰੀ ਹੈ। ਇਸ ਫੈਕਟਰੀ ਵਿੱਚ ਇਤਨਾ ਜ਼ਿਆਦਾ ਸਰਮਾਇਆ ਪਹਿਲਾਂ ਲਗ ਚੁਕਾ ਹੈ, ਪਰ ਹੁਣ ਵਰਕਿੰਗ ਕੈਪੀਟਲ ਨਾ ਰੱਖਣ ਨਾਲ ਮੌਡੀਫਿਕੇਸ਼ਨਜ਼ ਕਰਨ ਵਾਸਤੇ ਕੋਈ ਸਰਮਾਇਆ ਨਾ ਦੇਣ ਨਾਲ, ਅੱਜ ਉਹ ਫੇਲ੍ਹ ਹੋ ਰਹੀ ਹੈ ਅਤੇ ਕਰੋੜਾਂ ਰੁਪਏ ਦਾ ਸਰਕਾਰ ਦਾ ਨੁਕਸਾਨ ਹੋਵੇਗਾ ਅਤੇ ਕਿਸੇ ਦਿਨ ਪ੍ਰਾਈਵੇਟ ਸਰਮਾਏਦਾਰਾਂ ਨੂੰ ਇਹ ਸਰਕਾਰ ਫੈਕਟਰੀ ਦੇ ਦੇਵੇਗੀ ਅਤੇ ਉਨ੍ਹਾਂ ਨੂੰ ਲਾਭ ਪਹੁੰਚੇਗਾ। ਉਥੇ ਜਿਹੜੀ ਲੇਬਰ ਕੰਮ ਕਰ ਰਹੀ ਹੈ, ਉਸ ਨਾਲ ਵੀ ਧੱਕਾ ਹੋ ਰਿਹਾ ਹੈ। ਕਾਂਗਰਸ ਸਰਕਾਰ ਨੇ ਇਹ ਪਬਲਿਕ ਸੈਕਟਰ ਵਿੱਚ ਫੈਕਟਰੀ ਬਣਾਈ ਸੀ ਤਾਕਿ ਲੋਕਾਂ ਦਾ ਭਲਾ ਵੀ ਹੋ ਸਕੇ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਐਫ.ਐਮ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਇਸ ਵੱਲ ਗੌਰ ਕਰਨ। ਪੰਜਾਬ ਅਲਕਲੀ ਅਤੇ ਪੰਜਾਬ ਨੈਸ਼ਨਲ ਫਰਟੇਲਾਈਜ਼ਰ ਇਹ 2 ਫੈਕਟ-ਰੀਆਂ ਪਬਲਿਕ ਅੰਡਰਟੇਕਿੰਗਜ਼ ਦੇ ਅਧੀਨ ਲਗੀਆਂ ਸਨ। ਇਨ੍ਹਾਂ ਨੂੰ ਵਰਕਿੰਗ ਕੈਪੀਟਲ ਦੇ ਕੇ ਚਾਲੂ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਕਿਸਾਨਾਂ ਦੀ ਵੀ ਸੇਵਾ ਕਰ ਸਕਣਗੇ ਕਿਉਂਕਿ ਉਥੇ ਬੜੀ ਅਛੀ ਖਾਦ ਬਣਦੀ ਹੈ ਅਤੇ ਉਥੇ ਜਿਹੜੀ ਲੇਬਰ ਹੈ, ਜਿਸਦੇ ਮੁਤੱਲਕ ਮੈਂ ਆਪਣੇ ਕੁਐਸਚਨ ਵਿੱਚ ਵੀ ਕਿਹਾ ਸੀ ਕਿ ਨਾਲ ਦੇ ਸੂਬਿਆਂ ਵਿਚ ਸਰਕਾਰਾਂ ਨੇ ਕਰਮਚਾਰੀਆਂ ਨੂੰ ਪੇ-ਸਕੇਲ ਸੈਂਟਰਲ ਪੈਟਰਨ ਤੇ ਦੇ ਦਿੱਤੇ ਹਨ। ਇਸ ਤਰ੍ਹਾਂ ਨਾਲ ਉਹ ਐਨਜੁਆਏ ਵੀ ਕਰਨ ਅਤੇ ਪੰਜਾਬ ਦੇ ਕਰਮਚਾਰੀ ਜੋ ਜਾਨ ਹਥੇਲੀ ਤੇ ਰਖ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ, ਬਜ਼ਾਰਾਂ ਵਿੱਚ ਵੀ ਕਤਲ ਹੋ ਜਾਂਦੇ ਹਨ, ਡਿਊਟੀ ਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਵੀ ਆਪਣੇ ਕਤਲ ਹੋ ਰਹੇ ਹਨ। ਉਨ੍ਹਾਂ ਵਾਸਤੇ ਇਹ ਬਹੁਤ ਵੱਡਾ ਅਨਿਆਇ ਹੈ ਧੱਕਾ ਹੈ। ਉਨ੍ਹਾਂ ਲਈ ਬਜਟ ਵਿੱਚ ਕੋਈ ਚੀਜ਼ ਨਹੀਂ ਰਖੀ ਗਈ ਹੈ। ਮੈਂ ਨਿਮਰਤਾ ਨਾਲ ਕਹਾਂਗਾ ਕਿ ਇਸ ਵੱਲ ਇਹ ਗੌਰ ਕਰਨ ਅਤੇ ਨਜ਼ਰਸਾਨੀ ਕਰਨ ਅਤੇ ਪੇ-ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਇਸੇ ਬਜਟ ਵਿੱਚ ਕੋਈ ਯਤਨ ਕਰਨ! ਜਿਥੇ ਮੈਂ ਕਿਸਾਨਾਂ ਦੀ ਗੱਲ ਕੀਤੀ ਹੈ, ਉਨ੍ਹਾਂ ਨੂੰ ਕਰਜ਼ੇ ਮੁਆਫ ਕੀਤੇ ਹਨ। ਕੁਝ ਸੈਕਸ਼ਨਜ਼ ਨੂੰ ਰਿਆਇਤ ਦਿੱਤੀ ਹੈ ਲੇਕਿਨ ਦੁਖ ਦੀ ਗੱਲ ਹੈ ਕਿ ਉਹ ਹਰੀਜਨ ਲੋਕ ਜਿਨ੍ਹਾਂ ਕੋਲ ਪੈਸੇ ਸੂਦ ਦੇਣ ਵਾਸਤੇ ਵੀ ਨਹੀਂ ਹਨ, ਜਿਨ੍ਹਾਂ ਨੂੰ ਮਹਿਕਮੇ ਵਾਲੇ ਪਕੜ ਪਕੜ ਕੇ ਅੰਦਰ ਦੇ ਰਹੇ ਹਨ, ਉਹ ਗਰੀਬ ਲੋਕ ਜਿਨ੍ਹਾਂ ਦੀਆਂ ਫਸਲਾਂ ਐਨੂ ਅਤੇ ਔਲਿਆਂ ਨਾਲ, ਕੰਡੀ ਅਤੇ ਹਿਲੀ ਏਰੀਆਂ ਵਿੱਚ ਸੋਕਿਆਂ ਨਾਲ ਤਬਾਹ ਹੋ ਗਈਆਂ ਹਨ, ਕਰਜ਼ੇ ਮੁਆਫ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ ਇਸ ਤਰ੍ਹਾਂ ਦਾ ਉਨ੍ਹਾਂ ਨਾਲ ਵਿਤਕਰਾ ਕਰਨਾ ਉਨ੍ਹਾਂ ਨਾਲ ਬੜੀ ਜ਼ਿਆਦਤੀ ਅਤੇ ਬੇਇਨਸਾਫੀ ਦੀ ਗਲ ਹੋਵੇਗੀ। ਮੈਂ ਸਤਿਕਾਰਯੋਗ ਮੁੱਖ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਵੀ ਨਜ਼ਰਸਾਨੀ ਕਰਨ, ਬਜਟ ਵਿੱਚ ਕੋਈ ਅਮੈਂਡਮੈਂਟ ਲਿਆ ਕੇ ਇਸ ਦੇ ਵਾਸਤੇ ਵੀ ਕੋਈ ਯਤਨ ਕਰਨ। ਜਿਥੋਂ ਤਕ ਕੰਡੀ ਏਰੀਏ ਅਤੇ ਹਿੱਲੀ ਏਰੀਆ ਦਾ ਸਵਾਲ ਹੈ, ਉਨ੍ਹਾਂ ਦੇ ਕਾਬਲੇ-ਏ-ਤਰਸ ਹਾਲਾਤ ਹਨ। ਅਸੀਂ ਕੁਐਸ-ਚਨ ਵਿੱਚ ਵੀ ਕਿਹਾ ਸੀ ਅਤੇ ਸਾਰੇ ਕੰਡੀ ਏਰੀਆ ਦੇ ਮੈਂਬਰਾਂ ਨੇ ਵੀ ਕਿਹਾ ਸੀ ਕਿ ਇਸ ਵਾਸਤੇ ਕੋਈ ਕਮੇਟੀ ਬਣਾਓ। ਜਿਹੜੀ ਕਮੇਟੀ ਬੇਟ ਏਰੀਆ ਅਤੇ ਕੰਡੀ ਏਰੀਆ ਦੀ ਬਣੀ ਵੀ ਹੈ, ਉਸ ਦੀ ਇਕ ਵੀ ਮੀਟਿੰਗ ਨਹੀਂ ਹੋਈ। ਜਦੋਂ ਇਨ੍ਹਾਂ ਦੀ ਸਰਕਾਰ ਵਲੋਂ ਕੋਈ ਮੀਟਿੰਗ ਹੀ ਨਹੀਂ ਕੀਤੀ ਗਈ ਤਾਂ ਯਤਨ ਕੀ ਹੋ ਸਕਦਾ ਹੈ। ਮੈਂ ਇਸ ਲਈ ਬੇਨਤੀ ਕਰਾਂਗਾ ਕਿ ਖਾਸ ਕਰਕੇ ਕੰਡੀ ਏਰੀਆ ਵਾਸਤੇ ਇਨ੍ਹਾਂ ਚੀਜ਼ਾਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ, ਉਥੇ ਦੇ ਲੋਕਾਂ ਦੀ ਤਰੱਕੀ ਦੇ ਸਾਧਨ ਇਨ੍ਹਾਂ ਤਿੰਨ ਸਕੀਮਾਂ ਨਾਲ ਤਾਅਲੁੱਕ ਰਖਦੇ ਹਨ। ਪਹਿਲੀ ਗੱਲ ਪੀਣ ਵਾਲੇ ਪਾਣੀ ਦੀ ਹੈ। ਆਜ਼ਾਦੀ ਤੋਂ ਬਾਅਦ ਵੀ ਸਾਡੀ ਸਰਕਾਰ ਉਨ੍ਹਾਂ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਨਹੀਂ ਕਰ ਸਕੀ ਤਾਂ ਉਨ੍ਹਾਂ ਵਾਸਤੇ ਬੜੇ ਦੁੱਖ ਦੀ ਗੱਲ ਹੋਵੇਗੀ।

ਦੂਸਰੀ ਗਲ ਇਹ ਮੇਰੇ ਵੀਰ ਇਧਰ ਬੈਠੇ ਹਨ। ਰੋਜ਼ ਪਾਣੀ ਦਾ ਰੌਲਾ ਪੈਂਦਾ ਹੈ, ਹਰਿਆਣਾ ਵਾਲਿਆਂ ਨਾਲ ਝਗੜਾ ਪੈਂਦਾ ਹੈ ਮੈਂ ਇਨ੍ਹਾਂ ਦੇ ਨਾਲ ਹਾਂ ਬੇਸ਼ਕ ਪਾਣੀ ਨਾ ਦਿਓ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਪਣੇ ਪੰਜਾਬ ਦੇ ਗਰੀਬ ਲੋਕਾਂ ਨਾਲ ਕੀ ਇਨਸਾਫ ਹੋ ਰਿਹਾ ਹੈ। ਕੰਡੀ ਏਰੀਆ ਨੂੰ ਪਾਣੀ ਕਿਉਂ ਨਹੀਂ ਦਿੱਤਾ ਜਾਂਦਾ। ਮੇਰੇ ਹਲਕੇ ਤੋਂ ਨਹਿਰ ਨਿਕਲਦੀ ਹੈ, ਦਰਿਆ ਨਿਕਲਦਾ ਹੈ, ਮੇਰੇ ਹਲਕੇ ਦੀ ਛਾਤੀ ਤੋਂ ਲਹਿਰਾਂ ਮਾਰਦਾ ਪਾਣੀ ਜਾ ਰਿਹਾ ਹੈ ਪਰ ਮੇਰੇ ਹਲਕੇ ਨੂੰ ਹੀ ਪਾਣੀ ਦੀ ਘਾਟ ਹੈ। ਇਸੇ ਤਰ੍ਹਾਂ ਹੀ ਉਥੋਂ ਬਿਜਲੀ ਨਿਕਲਦੀ ਹੈ। ਪਰ ਸਾਨੂੰ ਬਿਜਲੀ ਦੀ ਘਾਟ ਹੈ, ਸਾਨੂੰ ਪਾਣੀ

Original with;
Punjab Vidhan Sabha
Digitized by;
Panjab Digital Library

ਦੀ ਘਾਟ ਹੈ। ਸਾਡੀ ਰਿਪੇਰੀਅਨ ਸਟੇਟ ਹੈ ਪਰ ਉਸ ਨੂੰ ਹੀ ਇਨ੍ਹਾਂ ਚੀਜ਼ਾਂ ਦੀ ਘਾਟ ਹੈ। ਮੈਂ ਬੜੀ ਨਿਮਰਤਾ ਨਾਲ ਸਰਦਾਰ ਬਲਵੰਤ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ (ਇਸ ਵੇਲੇ ਮਾਸਟਰ ਮੋਹਨ ਲਾਲ ਸਰਦਾਰ ਬਲਵੰਤ, ਸਿੰਘ ਨਾਲ ਬੈਠੇ ਕੁਝ ਗਲਾਂ ਕਰ ਰਹੇ ਸੀ। ) ਮਾਸਟਰ ਮੋਹਨ ਲਾਲ ਜੀ ਤੁਹਾਡਾ ਵੀ ਸਬੰਧ ਇਨ੍ਹਾ ਗਲਾਂ ਨਾਲ ਹੈ ਤੁਸੀਂ ਸਰਦਾਰ ਬਲਵੰਤ ਸਿੰਘ ਜੀ ਨਾਲ ਫਿਰ ਗਲਾਂ ਕਰ ਲਈਓ। ਇਨ੍ਹਾਂ ਦਾ ਧਿਆਨ ਮੇਰੇ ਵਲ ਹੋਣ ਦਿਓ। ਮੈਂ, ਡਿਪਟੀ ਸਪੀਕਰ ਸਾਹਿਬ, ਕਹਿ ਰਿਹਾ ਸੀ ਕਿ ਕਾਂਡੀ ਏਰੀਆ ਵਿਚ ਔਰ ਖਾਸ ਕਰਕੇ ਮੇਰੇ ਹਲਕੇ ਵਿਚ ਜੋ ਕਿ ਰਿਪੇਰੀਅਨ ਸਟੇਟ ਹੈ 1987-88 ਵਿਚ 38 ਲੱਖ ਰੁਪਏ ਦੀ ਸਕੀਮ ਦਿੱਤੀ ਹੈ। ਮੈਨੂੰ ਆਸ ਹੈ ਕਿ ਇਸ ਸਕੀਮ ਨੂੰ ਜਲਦੀ ਲਾਗੂ ਕਰਨਗੇ। ਨੂਰਪੁਰ ਬੇਦੀ ਦਾ ਇਲਾਕਾ ਹੈ, ਗੜ੍ਹ ਸ਼ੰਕਰ, ਬਲਾਚੌਰ ਪਠਾਨਕੋਟ ਕੰਡੀ ਏਰੀਆ ਹੈ ਇਥੇ ਪੀਣ ਦਾ ਪਾਣੀ ਕਿਉਂ ਨਹੀਂ ਪੂਰਾ ਹੁੰਦਾ। ਖੇਤਾਂ ਨੂੰ ਪਾਣੀ ਦੇਣ ਵਾਸਤੇ ਤਕਲੀਫ ਹੈ। ਮੇਰੇ ਹਲਕੇ ਵਿਚ 125/- ਰੁਪਏ ਕੁਇੰਟਲ ਤੂੜੀ ਵਿਕਦੀ ਪਈ ਹੈ ਜਦ ਕਿ ਪੰਜਾਬ ਦਾ ਜ਼ਿਮੀਦਾਰ ਕੰਬਾਈਨਾਂ ਨਾਲ ਕੱਢਕੇ ਜ਼ਾਇਆ ਕਰ ਰਿਹਾ ਹੈ। ਉਥੇ ਪਾਣੀ ਦੀ ਬਹੁਤਾਤ ਹੈ ਜਦ ਕਿ ਮੇਰੇ ਇਲਾਕੇ ਵਿਚ ਇੱਕ ਬੂੰਦ ਪਾਣੀ ਨਹੀਂ ਮਿਲਦਾ ਹੈ। ਦੋ ਨਹਿਰਾਂ ਸਾਡੀ ਸਰਕਾਰ ਨੇ ਕੱਢੀਆ ਹਨ ਜਿਨ੍ਹਾਂ ਖੇਤਾਂ ਨੂੰ ਥੋੜਾ ਬਹੁਤ ਪਾਣੀ ਸਾਡੀ ਸਰਕਾਰ ਨੇ ਦਿੱਤਾ ਸੀ ਉਥੇ ਹੁਣ ਵਾਟਰਲੋਗਿੰਗ ਹੋ ਰਹੀ ਹੈ। ਉਸਦੇ ਨਾਲ ਜ਼ਿਮੀਦਾਰਾਂ ਦੇ ਮਕਾਨਾਂ ਅਤੇ ਫਸਲਾਂ ਦਾ ਬਹੁਤ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ ਹੈ। ਕੀ ਕਾਰਨ ਹੈ ਕਿ ਕਾਂਡੀ ਏਰੀਆ ਵਾਸਤੇ ਸਬਮਾਊਂਟੇਨੀਅਸ ਏਰੀਆ ਦੇ ਲੋਕਾਂ ਵਾਸਤੇ, ਪਛੜੇ ਹੋਏ ਇਲਾਕੇ ਦੇ ਲੋਕਾਂ ਵਾਸਤੇ ਖਾਸ ਰਿਆਇਤਾਂ ਨਹੀਂ ਰਖੀਆ ਗਈਆਂ ? ਸਰਕਾਰ ਨੂੰ ਇਸ ਵੱਲ ਤਵੱਜੋ ਦੇਣੀ ਚਾਹੀਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਜੀ ਨੇ ਜਦੋਂ ਜਵਾਬ ਦੇਣਾ ਹੈ ਤਾਂ ਇੱਕ ਵਿਕਰਾ ਕਹਿਕੇ ਗਲ ਖਤਮ ਕਰ ਦੇਣੀ ਹੈ। ਮੈਨੂੰ ਇਨ੍ਹਾਂ ਤੇ ਮਾਨ ਹੈ ਕਿ ਜੋ ਕੁਝ ਇਹ ਕਰਨਾ ਚਾਹੁੰਣ ਇਹ ਕਰ ਸਕਦੇ ਹਨ। ਸਰਦਾਰ ਬਲਵੰਤ ਸਿੰਘ ਜੀ ਸਾਡੇ ਵਿਚੋਂ ਹੀ ਗਏ ਹਨ। ਇਹ ਕਾਬਲ ਹਨ, ਅਛੇ ਸਿਆਸਤਦਾਨ ਹਨ, ਵਿਚੋਲਗੀਰੀ ਅਛੀ ਕਰ ਸਕਦੇ ਹਨ ਗਲ ਨੂੰ ਸੁਲਝਾ ਸਕਦੇ ਹਨ, ਦੇ ਵੀ ਸਕਦੇ ਹਨ ਔਰ ਸੈਂਟਰ ਤੋਂ ਲਿਆ ਵੀ ਸਕਦੇ ਹਨ। ਅਸੀਂ ਇਨ੍ਹਾਂ ਨਾਲ ਜਾਣ ਨੂੰ ਤਿਆਰ ਹਾਂ। ਪਰ ਦੁੱਖ ਹੈ ਕਿ ਇਨ੍ਹਾਂ ਦੇ ਹੁੰਦਿਆਂ ਹੋਇਆ, ਕਾਬਲ ਇਕਾਨੋਮਿਸਟ ਦੇ ਹੁੰਦਿਆਂ ਹੋਇਆਂ, ਤਜਰਬੇਕਾਰ, ਸ਼ਾਂਤੀ ਵਾਲਾ ਜੋ ਮਰਜ਼ੀ ਕਹੀ ਜਾਓ ਇਹ ਬਰਦਾਸ਼ਤ ਕਰਨ ਦਾ ਮਾਅਦਾ ਰਖਦੇ ਹਨ, ਪਰ ਇਹ ਗਰੀਬਾਂ ਲਈ ਕਿਉਂ ਭੁਲ ਗਏ, ਇਨ੍ਹਾਂ ਨੂੰ ਜ਼ਰੂਰ ਇਸ ਲਈ ਨਜ਼ਰਸਾਨੀ ਕਰਨੀ ਚਾਹੀਦੀ ਹੈ।

ਹੁਣ ਮੈਂ ਸੜਕਾਂ ਬਾਰੇ ਕਹਿਣਾ ਚਾਹੁੰਦਾ ਹਾਂ। ਜਿਥੇ ਕੰਡੀ ਏਰੀਆ ਵਿਚ ਪੀਣ ਦਾ ਪਾਣੀ ਨਹੀਂ ਮਿਲਦਾ ਉਥੇ ਸੜਕਾਂ ਦੀ ਵੀ ਬੁਰੀ ਹਾਲਤ ਹੈ। ਜੇਕਰ ਉਥੇ ਸੜਕਾਂ ਬਣਦੀਆਂ ਹਨ ਤਾਂ ਉਹ ਦੋ ਸਾਲ ਬਾਅਦ ਹੀ ਟੁੱਟ ਜਾਂਦੀਆਂ ਹਨ। ਬਰਸਾਤ ਦਾ ਪਾਣੀ ਪ੍ਰੈਸ਼ਰ ਨਾਲ ਜਦੋ ਪਹਾੜਾਂ ਤੋਂ ਆਉਂਦਾ ਹੈ, ਨਾਲੇ ਨਾ ਹੋਣ ਕਰਕੇ, ਬਾਰਸਾਤੀ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਹਰ ਕਿਸਮ ਦੀ ਕਮਿਊਨੀਕੇਸ਼ਨ ਚਲਣੀ ਔਖੀ ਹੈ। ਸਪੈਸ਼ਲ ਕਨਸਿਡਰੇਸ਼ਨ ਇਸ ਪਾਸੇ ਦੇਣ ਦੀ ਲੋੜ ਹੈ। ਮੈਂ ਸੜਕਾਂ ਲਈ ਸੁਝਾਓ ਦਿਆਗਾਂ ਕਿ ਐਗਰੀਕਲਚਰਲ ਮਨਿਸਟਰੀ ਨਾਲ ਮੰਡੀ ਬੋਰਡ ਦਾ ਸਬੰਧ ਹੈ ਜਦੋਂ ਕਿ ਸੜਕਾਂ ਬਣਾਉਣ ਦਾ ਕੰਮ ਪੀ. ਡਬਲੀਉ, ਡੀ ਨਾਲ ਸਬੰਧ ਰਖਦਾ ਹੈ। ਦੋਨੋ ਮਹਿਕਮਿਆਂ ਦੀ ਕੋਆਰਡੀਨੇਸ਼ਨ ਹੋਣੀ ਬਹੁਤ ਲਾਜ਼ਮੀ ਹੈ। ਦੋਵੇਂ ਮਨਿਸਟਰੀਆਂ ਅਲਹਿਦਾ ਹੋਣ ਕਰਕੇ ਟਾਈਮ ਕਾਫੀ ਜ਼ਿਆਦਾ ਕਾਰਸਪੋਂਡਸ ਵਿਚ ਹੀ ਜ਼ਾਇਆ ਹੋ ਜਾਂਦਾ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਇਹ ਦੋਵੇਂ ਮਹਿਕਮੇ ਮੰਡੀਕਰਨ ਬੋਰਡ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਔਰ ਸੜਕਾਂ ਦਾ ਮਹਿਕਮਾ ਇੱਕੋ ਮਨਿਸਟਰ ਕੋਲ ਹੋਣੇ ਚਾਹੀਦੇ ਹਨ ਤਾਂਕਿ ਇੱਕੋ ਟੇਬਲ ਤੇ ਬੈਠ ਕੇ ਫੈਸਲੇ ਹੋ ਸਕਣ ਔਰ ਕੰਮ ਵਿਚ ਤੇਜ਼ੀ ਆ ਸਕਦੀ ਹੈ। ਸਾਰੇ ਪੰਜਾਬ ਦੀਆਂ ਸੜਕਾਂ ਬਨਣ ਲਈ ਪੀ. ਡਬਲਿਊ. ਡੀ ਨੂੰ ਪੈਸੇ ਵੱਧ ਦੇਣੇ ਚਾਹੀਦੇ ਹਨ ਔਰ ਖਾਸ ਕਰਕੇ ਸਬ-ਮਾਉਂਟੇਨੀਅਸ ਏਰੀਆ ਲਈ ਸਪੈਸ਼ਲ ਬਜਟ ਅਲਹਿਦਾ ਰਖਣਾ ਚਾਹੀਦਾ ਹੈ ਔਰ ਉਹ ਪੈਸੇ ਉਸ ਏਰੀਆ ਤੇ ਹੀ ਖਰਚ ਹੋਣੇ ਚਾਹੀਦੇ ਹਨ। ਸਾਰੀ ਸਟੇਟ ਦਾ ਬਜਟ ਇਸ ਏਰੀਆ ਦੇ ਬਜਟ ਤੋਂ ਅਲਹਿਦਾ ਹੋਣਾ ਚਾਹੀਦਾ ਹੈ।

*12.15 P.M. (ਇਸ ਸਮੇਂ* ਸ੍ਰੀ ਰਾਮ ਕਿਸ਼ਨ ਕਟਾਰੀਆ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਔਰ ਇਨ੍ਹਾਂ ਦੇ ਨਾਲ ਨਾਲ ਨਦੀਆਂ ਨਾਲੇ ਹਨ। ਚੇਅਰਮੈਨ ਸਾਹਿਬ, ਮੈਨੂੰ ਖੁਸ਼ੀ ਹੈ ਕਿ ਤੁਸੀਂ ਕੰਡੀ ਏਰੀਆ ਨੂੰ ਬੀਲੌਂਗ ਕਰਦੇ ਹੋ। ਮੈਂ ਆਪਣੇ ਖਿਆਲਾਤ, ਆਪਣੀਆਂ ਤਕਲੀਫਾਂ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ। ਉਮੀਦ ਹੈ ਕਿ ਤੁਸੀਂ ਮੈਨੂੰ ਪੂਰਾ ਟਾਈਮ ਦਿਉਗੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਹਾਡੀ ਸਾਡੇ ਨਾਲ ਕਿਨੀ ਬੇਇਨਸਾਫੀ ਹੈ। ਜਦ ਕੋਈ ਸਕੀਮ ਘਾਟੇ ਦੀ ਹੋਵੇ ਅਤੇ ਗੌਰਮਿੰਟ ਦਾ ਮਨ ਹੋਵੇ ਉਸ ਨੂੰ ਲਾਗੂ ਕਰਨ ਦਾ ਉਹ ਲਾਗੂ ਕਰ ਦੇਣਗੇ ਲੇਕਿਨ ਜਿਹੜੀ ਸਕੀਮ ਫਾਇਦੇ ਦੀ ਹੋਵੇ, ਗੌਰਮਿੰਟ ਨੂੰ ਲਾਭ ਹੋਵੇ, ਗਰੀਬਾਂ ਨੂੰ ਲਾਭ ਹੋਵੇ, ਉਥੋਂ ਦੇ ਜ਼ਿਮੀਦਾਰਾਂ ਨੂੰ ਲਾਭ ਹੋਵੇ ਤਾਂ ਫਿਰ ਗੌਰਮਿੰਟ ਕਹਿ ਦਿੰਦੀ ਹੈ ਕਿ ਫੰਡ ਨਹੀਂ ਹਨ। ਕਦੇ ਕਹਿੰਦੇ ਹਨ ਕਿ ਅੰਡਰ ਕੰਸਿਡਰੇਸ਼ਨ ਹੈ, ਕਦੇ ਕਹਿੰਦੇ ਹਨ ਕਿ ਅਸੀਂ ਇਨਵੈਸਟੀਗੇਸ਼ਨ ਕਰਾ ਰਹੇ ਹਾਂ। ਮੈਂ ਇਨ੍ਹਾਂ ਨੂੰ ਜ਼ਿਕਰ ਕੀਤਾ ਸੀ ਕਿ ਸਾਡਾ ਗਵਾਂਢੀ ਸੂਬਾ ਹਿਮਾਚਲ ਪ੍ਰਦੇਸ਼ ਹੈ ਇਹ ਜਿਹੜਾ ਸਾਡਾ ਪੰਜਾਬ ਦਾ ਏਡਾ ਵੱਡਾ ਏਰੀਆ ਸੀ ਉਸ ਨੂੰ ਇਨ੍ਹਾਂ ਨੇ ਤਸ਼ਤਰੀ ਵਿਚ ਪਾ ਕੇ ਹਿਮਾਚਲ ਪ੍ਰਦੇਸ਼ ਨੂੰ ਦੇ ਦਿਤਾ ਪਰ ਅਜ ਇਹ ਇਕ ਇਕ ਪਿੰਡ ਲਈ ਲੜਦੇ ਹਨ। ਹਿਮਾਚਲ ਪ੍ਰਦੇਸ਼ ਨੇ ਉਥੇ ਦੋ ਪੁੱਲ ਬਣਾ ਕੇ ਸਾਰਾ ਕੰਮ ਚੈਨੇਲਾਈਜ਼ ਕਰ ਦਿਤਾ। ਉਥੇ ਸ਼ੂਗਰ ਮਿਲ ਲਗਣ ਵਾਲੀ ਹੈ ਜਦ ਕਿ ਉਥੇ ਗੰਨਾ ਨਹੀਂ ਸੀ ਹੁੰਦਾ। ਮੈਂ ਕਿਹਾ ਸੀ ਕਿ ਸਹਿਜੇਵਾਲ ਅਤੇ ਸੂਏਵਾਲ ਚੋਅ ਤੋਂ ਭਲਾਣਾ ਐਲਗਰਾ ਤਕ ਚੈਨੇਲਾਈਜ਼ ਕੀਤਾ ਜਾਵੇ। ਉਨ੍ਹਾਂ ਨੂੰ ਦੋਨਾਂ ਪਾਸਿਆਂ ਤੋਂ ਚੈਨੇਲਾਈਜ਼ ਕਰ ਦਿਓ ਇਸ ਤਰ੍ਹਾਂ ਹਜਾਰਾਂ ਏਕੜ ਜ਼ਮੀਨ ਸੈਰਾਬ ਹੋਵੇਗੀ ਹਜ਼ਾਰਾਂ ਏਕੜ ਜ਼ਮੀਨ ਕਾਬਲੇ ਕਾਸ਼ਤ ਬਣ ਜਾਵੇਗੀ॥ ਹਜਾਰਾਂ ਆਦਮੀ ਅਤੇ ਮਵੇਸ਼ੀ ਜਿਹੜੇ ਮਰਦੇ ਸਨ ਉਹ ਬਚ ਸਕਦੇ ਹਨ ਅਤੇ ਲੋਕ ਖੁਸ਼ਹਾਲ ਹੋ ਸਕਦੇ ਹਨ ਅਗਰ ਉਸ ਨੂੰ ਚੈਨੇਲਾਈਜ਼ ਕੀਤਾ ਜਾਵੇ। ਉਥੇ ਡੀਪ ਟਿਊਬਵੈਲ ਲਗਾਕੇ ਇਰੀਗੇਸ਼ਨ ਦਿਤੀ ਜਾਵੇ। ਇਸ ਤਰ੍ਹਾਂ ਪਾਣੀ ਚੈਨੇਲਾਈਜ਼ ਹੋ ਕੇ ਇਕੱਠਾ ਹੋਵੇਗਾ ਅਤੇ ਉਸ ਦੇ ਨਾਲ ਜ਼ਮੀਨ ਸਰਾਬ ਹੋਵੇਗੀ। ਪਹਿਲਾਂ ਜਿਹੜਾ ਪਾਣੀ 4-4, 6-6 ਇੰਚ ਆਉਂਦਾ ਸੀ ਉਹ ਇਕੱਠਾ ਹ ਜਾਵੇਗਾ। ਇਸ ਤਰ੍ਹਾਂ ਪਾਣੀ ਬੰਨ੍ਹਕੇ ਇਕੱਠਾ ਆਵੇਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਥੇ ਚੈਨੇਲਾਈਜ਼ੇਸ਼ਨ ਦਾ ਕੰਮ ਕਰੋ। ਕੰਡੀ ਏਰੀਆ ਵਿਚ ਚੈਕ ਡੈਮ ਛੋਟੇ ਛੋਟੇ ਬਣ ਸਕਦੇ ਹਨ। ਪਰ ਇਸ ਪਾਸੇ ਤਵੱਜੋ ਨਹੀਂ ਦਿਤੀ ਗਈ। ਮੈਂ ਸਮਝਦਾ ਹਾਂ ਕਿ ਅਗਰ ਇਸ ਪਾਸੇ ਨਜ਼ਰਸਾਨੀ ਕੀਤੀ ਜਾਵੇ ਤਾਂ ਉਥੋਂ ਦੇ ਗਰੀਬ ਲੋਕ ਖੁਸ਼ਹਾਲ ਹੋਣਗੇ।

ਬੱਸਾਂ ਦਾ ਜ਼ਿਕਰ ਕੀਤਾ ਗਿਆ। ਟ੍ਰਾਂਸਪੋਰਟ ਦੇ ਬਾਰੇ ਬਹੁਤ ਘੱਟ ਰੁਪਿਆ ਰਖਿਆ ਗਿਆ ਹੈ। ਪਤਾ ਨਹੀਂ ਟ੍ਰਾਂਸਪੋਰਟ ਦੇ ਬਾਰੇ ਮੰਤਰੀ ਜੀ ਦੀ ਗੱਲ ਨਹੀਂ ਮੰਨੀ ਗਈ। ਬਹੁਤ ਘੱਟ ਰੁਪਿਆ ਰਖਿਆ ਗਿਆ ਹੈ। ਜਿਥੇ ਨਵੇਂ ਡਿਪੋ ਮਨਜ਼ੂਰ ਹੋਏ ਹਨ, ਜਿਨ੍ਹਾਂ ਨਾਲ ਲੋਕਾਂ ਨੂੰ ਲਾਭ ਹੋਣਾ ਹੈ, ਉਹ ਚਾਲੂ ਨਹੀਂ ਹੋਏ। ਫਿਰ ਨਵੀਆਂ ਬੱਸਾ ਨਹੀਂ ਲਿਆਈਆਂ ਜਾ ਰਹੀਆਂ। ਮੈਂ ਮਹਿਸੂਸ

Original with;
Punjab Vidhan Sabha
Digitized by;
Panjab Digital Library

ਕਰਦਾ ਹਾਂ, ਚੇਅਰਮੈਨ ਸਾਹਿਬ, ਐਸਾ ਨਜ਼ਰ ਆ ਰਿਹਾ ਹੈ ਕਿ ਸਾਰੀ ਟ੍ਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਡੀ ਕਾਂਗਰਸ ਸਰਕਾਰ ਨੇ ਨੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਲਿਆਂਦੀ ਤਾਂਕਿ ਗਰੀਬ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ, ਲੋਕੀਂ ਇਸ ਵਿਚ ਸ਼ਾਮਿਲ ਹੋ ਸਕਣ ਪਰ ਇਹ ਇਸ ਨੂੰ ਖਤਮ ਕਰ ਰਹੇ ਹਨ। ਬੱਸਾਂ ਨੂੰ ਕੰਡੈਮ ਕਰਕੇ ਪ੍ਰਾਈਵੇਟ ਟ੍ਰਾਂਸਪੋਰਟਰਜ਼ ਨੂੰ ਇਹ ਰੂਟ ਦੇਣ ਦੇ ਯਤਨ ਕਰ ਰਹੇ ਹਨ। ਫਿਰ ਸਰਮਾਏਦਾਰੀ ਦਾ ਬੋਲ ਬਾਲਾ ਹੋਵੇਗਾ। ਸਾਰੇ ਰੂਟ ਪਰਮਿਟ ਉਨ੍ਹਾਂ ਪ੍ਰਾਈਵੇਟ ਓਪਰੇਟਰਜ਼ ਕੋਲ ਚਲੇ ਜਾਣਗੇ। ਇਸ ਲਈ ਮੈਂ ਬੇਨਤੀ ਕਰਾਂਗਾਂ ਕਿ ਇਸ ਪਾਸੇ ਜ਼ਰੂਰ ਗੌਰ ਕੀਤਾ ਜਾਵੇ। ਕਮ-ਅਜ਼-ਕਮ ਅੱਜ ਤੋਂ 3 ਸਾਲ ਪਹਿਲੇ ਜਿੰਨੀਆਂ ਬੱਸਾਂ ਚਲਦੀਆਂ ਸਨ ਉਹ ਚਲਣੀਆਂ ਚਾਹੀਦੀਆਂ ਹਨ। ਬੱਸਾਂ ਦੇ ਕਿਰਾਏ ਦੋ ਵਾਰ ਵੱਧ ਚੁਕੇ ਹਨ ਲੇਕਿਨ ਲੋਕਾਂ ਨੂੰ ਸਹੂਲਤ ਕੋਈ ਨਹੀਂ ਦਿਤੀ ਜਾ ਰਹੀ। ਉਸੇ ਤਰ੍ਹਾਂ ਲੋਕਾਂ ਦੇ ਕਪੜੇ ਫਟਦੇ ਹਨ। ਲੋਕੀਂ ਬੱਸਾਂ ਦੀਆਂ ਛੱਤਾਂ ਤੇ ਬੈਠਦੇ ਹਨ। ਇਸ ਲਈ ਇਸ ਪਾਸੇ ਧਿਆਨ ਦੇਣਾ ਜ਼ਰੂਰੀ ਹੈ।

ਇਸੇ ਤਰ੍ਹਾਂ ਹੀ ਸਕੂਲਾਂ ਦੀ ਹਾਲਤ ਬਾਰੇ ਪੰਡਿਤ ਜੀ ਨੇ ਜ਼ਿਕਰ ਕੀਤਾ ਸੀ। ਇਨ੍ਹਾਂ ਨੇ 10 ਪਲਸ 2 ਦੇ ਸਕੂਲ ਘੱਟ ਖੋਲ੍ਹੇ ਹਨ। ਹਰ ਆਦਮੀ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦਾ ਬੱਚਾ ਚੰਗੀ ਪੜ੍ਹਾਈ ਕਰੇ, ਇਨ੍ਹਾਂ ਸਕੂਲਾਂ ਵਿਚ ਪੜ੍ਹੇ ਪਰ ਇਨ੍ਹਾਂ ਨੇ ਇਹ ਸਕੂਲ ਘੱਟ ਖੋਲ੍ਹੇ ਹਨ। 10-15 ਮੀਲ ਤੋਂ ਨੇੜੇ ਕੋਈ ਸਕੂਲ ਨਹੀਂ ਹੈ। ਇਹ ਸਕੂਲ ਨੇੜੇ ਹੋਣੇ ਚਾਹੀਦੇ ਹਨ। ਤਾਕਿ ਬੱਚੇ ਉਥੇ ਜਾ ਕੇ ਪੜ੍ਹ ਸਕਣ। 10 ਪਲਸ 2 ਦੇ ਸਕੂਲ ਦੂਰ ਦੂਰ ਹੋਣ ਕਰਕੇ ਲੋਕਾਂ ਦਾ ਵਿਦਿਆ ਦਾ ਘਾਟਾ ਪੂਰਾ ਨਹੀਂ ਹੋ ਸਕਦਾ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਇਸ਼ ਪਾਸੇ ਸੋਚਣਗੇ ਅਤੇ ਲੋਕਾਂ ਨੂੰ ਵਿਦਿਆ ਦੀ ਪੂਰੀ ਸਹੂਲਤ ਦੇਣਗੇ।

ਜਿਥੋਂ ਤਕ ਸਵਾਲ ਹੈ ਲਾਅ ਐਂਡ ਆਰਡਰ ਦਾ, ਮੈਂ ਕੁਝ ਕਹਿਣ ਤੋਂ ਡਰਦਾ ਵੀ ਹਾਂ ਅਤੇ ਕਹਿਣ ਨੂੰ ਦਿਲ ਵੀ ਕਰਦਾ ਹੈ। ਮੈਂ ਝੂਠ ਨਹੀਂ ਬੋਲਦਾ। ਚੇਅਰਮੈਨ ਸਾਹਿਬ, ਪੰਜਾਬ ਦੇ ਹਾਲਾਤ ਬੜੇ ਮਾੜੇ ਹਨ ਲੇਕਿਨ ਮੈਂ ਇਹ ਦੇਖਿਆ ਹੈ ਕਿ ਜਿਨ੍ਹਾਂ ਮੁੰਡਿਆਂ ਦੇ ਖਿਲਾਫ ਧੂੰਆਂ ਧਾਰ ਸਪੀਚਾਂ ਸਰਕਾਰੀ ਬੈਂਚਿਜ਼ ਵਲੋਂ ਹੋਈਆਂ ਹਨ, ਸਾਡੇ ਵਲੋਂ ਵੀ ਹੋਈਆਂ ਹਨ, ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦਾ ਐਨਾ ਦੋਸ਼ ਨਹੀਂ ਜਿੰਨਾ ਉਨ੍ਹਾਂ ਦੇ ਪਾਲਣ ਵਾਲਿਆਂ ਦਾ ਦੋਸ਼ ਹੈ। ਇਸ ਹਾਊਸ ਵਿੱਚ ਕਈ ਮੈਂਬਰਜ਼ ਗਲ ਕਰਦੇ ਹਨ ਲੇਕਿਨ, ਚੇਅਰਮੈਨ ਸਾਹਿਬ, ਰੋਣਾ ਆਉਂਦਾ ਹੈ ਔਰ ਮੈਂ ਮਹਿਸੂਸ ਕਰਦਾ ਹਾਂ ਕਿ ਇਤਨੀ ਪੁਲਿਸ ਹੋ ਕੇ, ਇਤਨੇ ਆਈ. ਜੀ. ਹੋ ਕੇ, ਇਤਨੇ ਡੀ. ਆਈ. ਜੀ. ਹੋ ਕੇ ਅਤੇ ਇਤਨਾ ਭਾਰੀ ਪੁਲਿਸ ਤੇ ਖਰਚਾ ਕਰਕੇ ਵੀ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੋ ਰਹੀ ਹੈ। ਮੈਂ ਮਸ਼ਕੂਰ ਹਾਂ ਅਤੇ ਗੱਲ ਕਹਿਣ ਤੋਂ ਬਿਲਕੁਲ ਨਹੀਂ ਝਿਜਕਦਾ ਚਾਹੇ ਮੇਰੀ ਪਾਰਟੀ ਨਾਰਾਜ਼ ਹੋ ਜਾਵੇ, ਜੋ ਸਾਡੇ ਮੁੱਖ ਮੰਤਰੀ ਸਾਹਿਬ ਹਨ ਉਹ ਆਪਣੀ ਪੂਰੀ ਇਮਾਨਦਾਰੀ ਨਾਲ ਕੰਮ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਸਾਥ ਪੂਰੀ ਤਰ੍ਹਾਂ ਨਹੀਂ ਮਿਲਦਾ, ਸਰਕਾਰੀ ਬੈਂਚਾਂ ਵੱਲੋਂ ਵੀ ਉਨ੍ਹਾਂ ਨੂੰ ਪੂਰਾ ਸਾਥ ਨਹੀਂ ਮਿਲਦਾ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੁਝ ਕਰੋ ਪੰਜਾਬ ਦੀਆਂ ਬੇਟੀਆਂ ਤੇ ਬੇਟਿਆਂ ਤੇ ਤਰਸ ਕਰੋ। ਚੇਅਰਮੈਨ ਸਾਹਿਬ, ਰੋਣਾ ਆਉਂਦਾ ਹੈ ਜਦੋਂ ਸਵੇਰੇ ਉਠ ਕੇ ਅਖਬਾਰ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਅੱਜ ਫਲਾਣੀ ਥਾਂ ਕਤਲ ਹੋ ਗਿਆ, ਅੱਜ ਫਲਾਣੀ ਥਾਂ ਹੋ ਗਿਆ, ਇਹ ਹੈ ਪੰਜਾਬ ਦੀ ਹਾਲਤ। ਜੇ ਪਹਿਲਾਂ ਇਕ ਇਕ ਡਬਾ ਇਕ ਇਕ ਸੂਬੇ ਦਾ ਲਗਦਾ ਸੀ ਤਾਂ ਇਕ ਇਕ ਸੂਬੇ ਦਾ ਇਕ ਇਕ ਡਬਾ ਲਗ ਕੇ ਰੇਲ ਬਣਦੀ ਸੀ ਤਾਂ ਉਸ ਰੇਲ ਦਾ ਇੰਜਣ ਪੰਜਾਬ ਦਾ ਸੂਬਾ ਹੁੰਦਾ ਸੀ। ਪੰਜਾਬ ਦਾ ਸੂਬਾ ਉਸ ਰੇਲ ਦੇ ਇੰਜਣ ਦੀ ਬਜਾਏ ਬਰੇਕ ਬਣ ਗਈ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਹਿੰਦਰ ਸਿੰਘ ਬਰਾੜ :** ** ** **

**Mr. Chairman** : This is no point of order.

**ਸ੍ਰੀ ਰਾਮ ਪ੍ਰਕਾਸ਼ ਬਾਲੀ** . ਚੇਅਰਮੈਨ ਸਾਹਿਬ, ਇਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਦੇ ਵੇਲੇ ਦੀ ਗੱਲ ਕੀਤੀ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਵੇਲੇ ਦਾ ਰਿਕਾਰਡ ਕਢਵਾ ਕੇ ਦੇਖ ਲਓ ਕਿ ਕਿਧਰੇ 15-20 ਦਿਨੀ ਜਾਂ ਕਿਧਰੇ ਮਹੀਨੇ ਬਾਦ ਕੋਈ ਕਤਲ ਹੋ ਜਾਂਦਾ ਸੀ ਤਾਂ ਸਾਰੀ ਸਰਕਾਰ ਹਿਲ ਜਾਂਦੀ ਸੀ ਅਤੇ ਉਹ ਆਪ ਜਾ ਕੇ ਉਥੇ ਬੈਠ ਜਾਂਦੇ ਸਨ । ਜਦੋਂ ਇਕ ਵਾਰੀ 6 ਬੰਦੇ ਇਕੱਠੇ ਮਾਰੇ ਗਏ ਤਾਂ ਉਸ ਵੇਲੇ ਉਨ੍ਹਾਂ ਨੇ ਅਸਤੀਫਾ ਦੇ ਦਿਤਾ। ਹੁਣ ਦੇਖ ਲਓ ਕਿ ਕਿੰਨੇ ਕਿੰਨੇ ਮਾਰੇ ਜਾ ਰਹੇ ਹਨ ?

**ਸਰਦਾਰ ਬਲਵੰਤ ਸਿੰਘ ਸਰਹਾਲ** . ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਸਤਿਕਾਰਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ 15-20 ਦਿਨ ਬਾਅਦ ਕਤਲ ਹੁੰਦਾ ਸੀ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕਤਲ ਜਾਇਜ਼ ਹੁੰਦਾ ਸੀ, ਇਨਸਾਫ ਤੇ ਅਧਾਰਤ ਹੁੰਦਾ ਸੀ ?

**ਸ੍ਰੀ ਰਾਮ ਪ੍ਰਕਾਸ਼ ਬਾਲੀ** : ਚੇਅਰਮੈਨ ਸਾਹਿਬ, ਕਤਲ ਕਿਸੇ ਸਰਕਾਰ ਵੇਲੇ ਵੀ ਹੋਵੇ ਕੋਈ ਜਾਇਜ਼ ਨਹੀਂ ਹੁੰਦਾ। ਮੈਂ ਇਕ ਗਲ ਦੱਸਣਾ ਚਾਹੁੰਦਾ ਹਾਂ ਕਿ ਇਕ ਮੀਆਂ ਬੀਵੀ ਰਾਤ ਨੂੰ ਖਾਣਾ ਖਾਣ ਲਗੇ ਜਦੋਂ ਇਕੱਠੇ ਹੋਏ ਤਾਂ ਬੀਵੀ ਕਹਿਣ ਲਗੀ ਕਿ ਸਵੇਰੇ ਨੂੰ ਸਾਡੇ ਵਿਚੋਂ ਇਕ ਨਹੀਂ ਹੋਵੇਗਾ। ਰਾਤ ਨੂੰ ਜਦੋਂ ਸੌਂ ਗਏ ਤਾਂ ਤੜਕੇ ਸਵੇਰੇ 3.00 ਵਜੇ ਉਹ ਦੌੜ ਗਈ। ਮੀਆਂ ਕਹਿਣ ਲੱਗਾ ਕਿ ਪੁੱਛ ਤਾਂ ਬੜੀ ਤਕੜੀ ਲਾਂਦੀ ਸੀ। ਰਾਤ ਨੂੰ ਹੀ ਕਿਹਾ ਹੈ ਕਿ ਸਵੇਰੇ ਸਾਡੇ ਵਿਚੋਂ ਇਕ ਨਹੀਂ ਹੋਵੇਗਾ ਅਤੇ ਹੁਣ ਵਾਕਈ ਸਾਡੇ ਵਿਚੋਂ ਇਕ ਹੈ ਨਹੀਂ। (ਵਿਘਨ) ਅਸੀਂ ਇਨ੍ਹਾਂ ਨੂੰ ਐਨਕਰੇਜ ਨਹੀਂ ਕਰਦੇ । ਜਦੋਂ ਕਤਲ ਕਰਨ ਵਾਲਿਆਂ ਦਾ ਅਸੀਂ ਅਫਸੋਸ ਪ੍ਰਗਟ ਨਹੀਂ ਕਰਦੇ, ਜਦੋਂ ਕਿਸੇ ਨੂੰ ਸ਼ਰਧਾਂਜਲੀ ਦੇਣ ਤੋਂ ਸਾਡੀਆਂ ਲੱਤਾਂ ਕੰਬਦੀਆਂ ਹਨ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾਓ। ਇਹ ਕਹਿੰਦੇ ਹਨ ਕਿ ਕਾਂਗਰਸ ਦੇ ਇਕ ਬਹੁਤ ਵੱਡੇ ਲੀਡਰ ਨੇ, ਇਨ੍ਹਾਂ ਨੇ ਤਾਂ ਨਾਮ ਵੀ ਲਿਆ ਸੀ, ਮੈਂ ਨਾਮ ਕਿਸੇ ਦਾ ਨਹੀਂ ਲੈਣਾ ਚਾਹੁੰਦਾ, ਭਿੰਡਰਾਂਵਾਲਾ ਉਨ੍ਹਾਂ ਦੀ ਕਰੀਏਸ਼ਨ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮੁੰਡੇ ਕਿਸ ਦੀ ਕਰੀਏਸ਼ਨ ਹਨ, ਕਿਸ ਨੇ ਇਨੀਸ਼ੀਏ-ਟਿਵ ਲਿਆ ? ਅਜ ਇਹ ਮਹਿਸੂਸ ਕਰਦੇ ਹਨ ਕਿ ਕਾਂਗਰਸੀ ਮਰ ਰਹੇ ਹਨ, ਅੱਜ ਬਰਨਾਲਾ ਸਾਹਿਬ ਦੀ ਸਰਕਾਰ ਦੇ ਐਮ. ਐਲ. ਏ. ਮਰ ਰਹੇ ਹਨ, ਅੱਜ ਕਾਂਗਰਸੀ ਐਮ. ਐਲ. ਏ. ਮਰ ਰਹੇ ਹਨ ਔਰ ਅਸੀਂ ਅਸੁਰੱਖਿਅਤ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ—

'ਗਰ ਡੂਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ,
ਨਾ ਤੁਮ ਹੀ ਰਹੋਗੇ ਨਾ ਸਾਥੀ ਤੁਮਾਰੇ।'

ਕਿਸੇ ਦੀ ਬਹੂ ਬੇਟੀ ਦੀ ਇਜ਼ਤ ਕਰਨੀ ਚਾਹੀਦੀ ਹੈ। ਸਾਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ ।

**ਸਰਦਾਰ ਮਹਿੰਦਰ ਸਿੰਘ ਬਰਾੜ :** ** ** **

**Mr. Chairman** : This is no Point of order.

---

**Expunged as ordered by the Chair,

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਾਮ ਪ੍ਰਕਾਸ਼ ਬਾਲੀ** . ਚੇਅਰਮੈਨ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਬੜੀ ਜ਼ਿੰਮੇਵਾਰੀ ਨਾਲ ਰਹਿਣਾ ਚਾਹੀਦਾ ਹੈ। ਮੈਂ ਆਪਣੇ ਸਾਹਮਣੇ ਬੈਠੇ ਹਕੂਮਤ ਦੇ ਲੀਡਰਾਂ ਨੂੰ ਕਹਾਂਗਾ ਕਿ ਕਈ ਵਾਰੀ ਹੱਥ ਦੀਆਂ ਪਾਈਆਂ ਗੰਢਾਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ। ਇਸ ਲਈ ਇਥੇ ਕੋਈ ਫੜ੍ਹ ਨਾ ਮਾਰੇ। ਇਥੇ ਕਹਿੰਦੇ ਹਨ ਕਿ ਸੈਂਟਰ ਦੇ ਅਖਤਿਆਰਾਤ ਘਟ ਕਰ ਦਿਓ ਸੂਬਿਆਂ ਨੂੰ ਅਖਤਿਆਰਾਤ ਵੱਧ ਦੇ ਦਿਓ। ਮੈਂ ਪੁਛਣਾ ਚਾਹੁੰਦਾ ਹਾਂ ਕਿ [illegible] ਸੀ, ਕਿਉਂ ਨਹੀਂ ਅਖਤਿਆਰਾਤ ਲਏ ਉਸ ਵੇਲੇ ਜਦ ਕਿ ਬਾਦਲ ਸਾਹਿਬ ਦੀ ਆਪਣੀ ਸਰਕਾਰ ਸੀ ਜਿਹੜੀ ਗੱਲ ਨਾਲ ਮੁਲਕ ਤਬਾਹ ਹੋਵੇ ਸ਼ਾਂਤ ਨਾ ਰਹੇ ਉਹ ਗਲ ਮੂੰਹੋਂ ਨਹੀਂ ਕਢਣੀ ਚਾਹੀਦੀ। ਅੱਜ ਸੈਂਟਰ ਦੀ ਸਰਕਾਰ ਪੰਜਾਬ ਦੀ ਸਰਕਾਰ ਦੇ ਨਾਲ ਖੜ੍ਹੀ ਹੈ ਲੋਕਾਂ ਦੀ ਹੌਂਸਲਾ ਅਫਜ਼ਾਈ ਕੀਤੀ ਹੈ, ਕੰਪਨਸੇਸ਼ਨ ਦਿਤਾ ਹੈ ਹਰ ਤਰ੍ਹਾਂ ਦੀ ਸਹਾਇਤਾ ਕਰ ਰਹੀ ਹੈ। ਜੇਕਰ ਸੂਬਾ ਅਲਗ ਹੋ ਜਾਵੇ ਤਾਂ ਫਿਰ ਪਿਛੇ ਕਿਸੇ ਨੇ ਪੁਛਣਾ ਹੈ ? ਮੈਂ ਮਹਿਸੂਸ ਕਰਦਾ ਹਾਂ ਕਿ ਜੇ ਕਿਤੇ ਤੁਸੀਂ ਸੈਂਟਰ ਵਿਚ ਆ ਗਏ ਤਾਂ ਤੁਸੀਂ ਬਾਕੀ ਦੇ ਅਖਤਿਆਰਾਤ ਵੀ ਲੈ ਲੈਣੇ ਹਨ। ਸੈਂਟਰ ਔਰ ਸੂਬਿਆਂ ਦੇ ਰਿਲੇਸ਼ਨਜ਼ ਵਿਚ ਕੋਈ ਤਾਲ ਮੇਲ ਹੋਣਾ ਚਾਹੀਦਾ ਹੈ। ਜੇਕਰ ਅਸੀਂ ਸਭ ਕੁਝ ਆਪ ਕਰਨਾ ਹੈ ਤਾਂ ਸੈਂਟਰ ਕੋਲ ਮੰਗਣ ਕਿਉਂ ਜਾਂਦੇ ਹਾਂ। ਜੇਕਰ ਅਸੀਂ ਸੈਂਟਰ ਨੂੰ ਆਪਣਾ ਨਹੀਂ ਮੰਨਾਂਗੇ ਤਾਂ ਕਿਸ ਤਰ੍ਹਾਂ ਕੁਝ ਐਕਸਪੈਕਟ ਕਰ ਸਕਾਂਗੇ। ਮੈਂ ਸਰਦਾਰ ਬਲਵੰਤ ਸਿੰਘ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਕਿਹਾ ਸੀ ਕਿ ਕਾਂਗਰਸ ਨੇ 1% ਲੈਵੀ ਲਾਈ ਸੀ ਅਤੇ ਅਸੀਂ ਖਤਮ ਕਰ ਦਿਤੀ ਹੈ। ਠੀਕ ਹੈ ਅਸੀਂ ਲਾਈ ਸੀ ਇਹ ਸੋਚ ਕੇ ਕਿ ਲਾਅ ਐਂਡ ਆਰਡਰ ਤੇ ਖਰਚ ਪੈਸਾ ਨਹੀਂ ਹੁੰਦਾ ਸੀ। ਚਲੋ ਕਿਸਾਨਾਂ ਤੋਂ ਅਗਰ ਇਸ ਤਰ੍ਹਾਂ ਕਰਕੇ ਪੈਸਾ ਆ ਗਿਆ ਤਾਂ ਸੜਕਾਂ ਬਣ ਜਾਣਗੀਆਂ। ਹੁਣ ਉਹੀ ਲੈਵੀ ਸਰਦਾਰ ਬਲਵੰਤ ਸਿੰਘ ਨੇ ਇਸ ਬਜਟ ਵਿਚ ਲਾ ਦਿਤੀ ਹੈ। ਕੰਨ ਨੂੰ ਹੱਥ ਸਿੱਧਾ ਲਾਉਣ ਦੀ ਬਜਾਏ ਘੁਮਾ ਕੇ ਲਗਾਇਆ। ਅੱਜ ਜੇ ਉਹ ਲੈਵੀ ਰਹਿੰਦੀ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਟੈਕਸਾਂ ਬਿਨਾਂ ਸਰਕਾਰ ਨਹੀਂ ਚਲਦੀ, ਨੁਕਤਾਚੀਨੀ ਕਰਨੀ ਕੋਈ ਹੋਰ ਗਲ ਹੈ ਕਿਸੇ ਵਜ਼ੀਰ ਨੇ ਆਪਣੀ ਜਾਇਦਾਦ ਵੇਚ ਕੇ ਸੜਕਾਂ ਨਹੀਂ ਬਣਾਉਣੀਆਂ, ਟੈਕਸ ਲਗਦੇ ਰਹਿੰਦੇ ਹਨ ਪਰ ਕਿਨ੍ਹਾਂ ਤੇ ਬੋਝ ਪਾਉਣਾ ਚਾਹੀਦਾ ਹੈ ਕਿਸ ਤਰ੍ਹਾਂ ਖਰਚੇ ਕਰਨੇ ਚਾਹੀਦੇ ਹਨ ਇਹ ਸਾਰਾ ਕੁਝ ਦੇਖਣਾ ਹੁੰਦਾ ਹੈ। ਜੇਕਰ ਟੈਕਸ ਲਗਾਉਣਾ ਹੈ ਤਾਂ ਅਮੀਰਾਂ ਤੇ ਲਗਾਓ। ਰੋਜ਼ ਸੇਲ ਟੈਕਸ ਵਧਾ ਦਿੰਦੇ ਹੋ। ਜੇਕਰ ਸੇਲਜ਼ ਟੈਕਸ ਵਧਾਉਂਦੇ ਹੋ ਤਾਂ ਆਖਰ ਉਹ ਗਰੀਬਾਂ ਤੇ ਪੈਂਦਾ ਹੈ ਜਿਨ੍ਹਾਂ ਨੇ ਪਰਚੇਜ਼ਿਜ਼ ਕਰਨੀਆਂ ਹਨ। ਵਪਾਰੀ ਤਾਂ ਐਵੇਂ ਚੀਕਦੇ ਹਨ ਇਹ ਤਾਂ ਗਰੀਬਾਂ ਤੇ ਪੈਂਦਾ ਹੈ। ਸਟੇਟ ਦੀ ਅਕਾਨੋਮੀ ਕਿਸ ਤਰ੍ਹਾਂ ਠੀਕ ਹੋਵੇਗੀ ? ਅਗਰ ਉਹ ਲੈਵੀ ਨਾ ਹਟਾਈ ਹੁੰਦੀ ਤਾਂ ਅੱਜ ਜਿਹੜਾ ਅਸੀਂ ਸਾਰੇ ਕਹਿ ਰਹੇ ਹਾਂ ਸੜਕਾਂ ਬਾਰੇ ਕਿ ਇਹ ਨਹੀਂ ਬਣੀ ਉਹ ਨਹੀਂ ਬਣੀ ਇਹ ਨਾ ਕਹਿੰਦੇ। ਜਿਹੜਾ ਇਨ੍ਹਾਂ ਨੇ ਇਹ ਟੈਕਸ ਪਰਪੋਜ਼ ਕੀਤਾ ਹੈ ਇਸ ਦੇ ਨਾਲ ਪੰਜਾਬ ਦਾ ਨੁਕਸਾਨ ਹੋਵੇਗਾ। ਬਾਹਰਲੇ ਸੂਬੇ ਦੋ ਪਰਸੈਂਟ ਲਗਾ ਦੇਣਗੇ। ਕੋਲਾ ਉਧਰੋਂ ਆਉਂਦਾ ਹੈ, ਲੋਹਾ ਉਧਰੋਂ ਆਉਂਦਾ ਹੈ ਹਜ਼ਾਰਾਂ ਚੀਜ਼ਾਂ ਇੰਡਸਟਰੀ ਵਾਲਿਆਂ ਨੂੰ ਬਾਹਰ ਦੇ ਸੂਬਿਆਂ ਤੋਂ ਲਿਆਉਣੀਆਂ ਪੈਂਦੀਆਂ ਹਨ। ਮੈਂ ਕਹਿੰਦਾ ਹਾਂ ਕਿ ਅਗਰ ਇਕ ਪਰਸੈਂਟ ਉਹ ਹੁੰਦਾ ਅਤੇ ਇਕ ਪਰਸੈਂਟ ਇਹ ਹੁੰਦਾ ਤਾਂ ਜਿਹੜੀਆਂ ਸ਼ਿਕਾਇਤਾਂ ਅੱਜ ਐਮ. ਐਲ. ਏ. ਸਾਹਿਬਾਨ ਕਰ ਰਹੇ ਹਨ ਇਹ ਨਾ ਕਰਦੇ। ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ, ਦਿਲ ਤਾਂ ਬਹੁਤ ਕਰਦਾ ਹੈ ਪਰ ਮੈਂ ਨਹੀਂ ਚਾਹੁੰਦਾ ਕਿ ਮੇਰੇ ਵੀਰਾਂ ਨੂੰ ਗੁਪਤਾ ਜੀ ਵਾਂਗ ਮੇਰੀਆਂ ਵੀ ਬਾਂਹਾਂ ਫੜ ਕੇ ਬਿਠਾਉਣਾ ਪਵੇ। ਹੁਣ ਸੀ. ਐਮ. ਸਾਹਿਬ, ਆ ਗਏ ਹਨ। ਮੈਂ ਨਿਮਰਤਾ ਸਹਿਤ ਅਤੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਸਰਦਾਰ ਬਲਵੰਤ ਸਿੰਘ ਵੀ ਬੜੀ ਕਾਬਲ ਸ਼ਖਸ਼ੀਅਤ ਹਨ ਮੈਂ ਮਹਿਸੂਸ ਕਰਦਾ ਹਾਂ ਅਤੇ ਭਰੋਸਾ ਕਰਾਂਗਾ ਕਿ ਬਜਟ ਤੇ ਨਜ਼ਰਸਾਨੀ ਕਰਕੇ ਹਿਲੀ ਏਰੀਏ, ਸਬਮਾਉਂਟੇਨੀਅਸ ਏਰੀਆ ਦੇ ਜਿਹੜੇ ਕਰਜ਼ੇ ਹਨ ਉਹ ਮੁਆਫ ਕਰਨੇ ਚਾਹੁੰਦੇ ਹਨ। ਕਿਸਾਨਾਂ ਨੂੰ ਖਾਦ ਦੇ ਵਿਚ ਸਬਸਿਡੀ ਦਿਉ, ਸਰਕਾਰ ਕਾਰਖਾਨਿਆਂ ਤੇ ਆਪਣਾ ਹੱਥ ਰਖੇ ਅਤੇ ਵਰਕਰਾਂ ਨੂੰ ਸਹੂਲਤ ਦੇਵੇ, ਇੰਡਸਟਰੀ ਲਗਾਈ ਜਾਏ ਅਤੇ ਏਡ ਦੇਣ ਦੇ ਯਤਨ ਕੀਤੇ ਜਾਣ। ਜਿਥੇ ਸਾਡਾ ਇਤਰਾਜ ਦੂਰ ਹੋਵੇਗਾ ਉਥੇ ਪੰਜਾਬ ਦੇ ਗਰੀਬ ਲੋਕਾਂ ਨੂੰ ਰਾਹਤ ਮਿਲੇਗੀ। ਜਿਥੋਂ ਤਕ ਲਾਅ ਐਂਡ ਆਰਡਰ ਦਾ ਸੁਆਲ ਹੈ ਅਸੀਂ ਤੁਹਾਡੇ ਨਾਲ ਹਾਂ। ਸਾਡੀ ਸੈਂਟਰ ਦੀ ਸਰਕਾਰ ਤੁਹਾਡੇ ਨਾਲ ਹੈ। ਪੰਜਾਬ ਵਿਚ ਹੋ ਰਹੇ ਸਾਂਝੇ ਜਲਸਿਆਂ ਨੇ ਦਸ ਦਿਤਾ ਹੈ ਕਿ ਪੰਜਾਬ ਦਾ ਅਵਾਮ ਅਮਨ ਚਾਹੁੰਦਾ ਹੈ। ਮੈਂ ਇਕ ਗਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਰਕਾਰੀ ਬੈਂਚਾਂ ਵਾਲੇ ਹਨ ਚਾਹੇ ਦੂਜੇ ਹਨ ਉਹ ਇਸ ਹਾਊਸ ਵਿਚ ਇਹੋ ਜਿਹੀਆਂ ਗਲਾਂ ਨਾ ਕਰਿਆ ਕਰਨ ਜਿਹੜੀਆਂ ਵਾਪਸ ਲੈਣੀਆਂ ਪੈਣ ਔਰ ਉਹ ਦੁਖਦਾਈ ਹੋ ਸਕਦੀਆਂ ਹਨ। ਲੋਕਾਂ ਵਿਚ ਉਨੀਂ ਫੜ੍ਹ ਮਾਰੋ ਜਿਹੜੀ ਜਾਇਜ਼ ਹੋਵੇ। ਜਿਸ ਨਾਲ ਦੇਸ਼ ਦਾ ਭਲਾ ਹੋਵੇ। ਅਗਰ ਦੇਸ਼ ਹੈ ਤਾਂ ਸੂਬੇ ਹਨ, ਅਗਰ ਸੂਬੇ ਹਨ ਤਾਂ ਜ਼ਿਲ੍ਹੇ ਹਨ, ਪੰਚਾਇਤਾਂ ਹਨ। ਅਸੀਂ ਪ੍ਰਤਿਗਿਆ ਕਰੀਏ, ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਨ ਵਾਸਤੇ। ਸਾਰੇ ਇਖਤਲਾਫਾਤ ਛੱਡ ਕੇ ਇਕ ਹੋ ਜਾਈਏ। ਉਨ੍ਹਾਂ ਬੱਚਿਆਂ ਨੂੰ ਇਕ ਰਸਤੇ ਤੇ ਲਿਆ ਸਕੀਏ। ਸਰਦਾਰ ਬਲਵੰਤ ਸਿੰਘ ਨੇ ਰਾਹਤ ਦਿਤੀ ਹੈ ਦੰਗਾਂ ਪੀੜਤਾਂ ਨੂੰ। ਮੈਂ ਉਨ੍ਹਾਂ ਦੇ ਨਾਲ ਸਹਿਮਤ ਹਾਂ ਕਿ ਉਨ੍ਹਾਂ ਦੀ ਮਦਦ ਹੋਣੀ ਚਾਹੀਦੀ ਸੀ। ਪਰ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਜੋ ਵੀ ਬੋਲਦਾ ਹੈ ਉਹ ਇਹ ਨਹੀਂ ਕਹਿੰਦਾ ਕਿ ਪੰਜਾਬ ਦੇ ਲੋਕਾਂ ਦਾ ਨੁਕਸਾਨ ਹੋਇਆ ਹੈ ਪੰਜਾਬ ਦਾ ਹਿੰਦੂ ਉਜੜ ਗਿਆ ਹੈ। ਮਾਈਨਾਰਟੀ ਜੋ ਉਜੜ ਗਈ ਹੈ ਇਸ ਲਈ ਇਨ੍ਹਾਂ ਦੀ ਮਦਦ ਕਰਨ ਲਈ ਜਲਦੀ ਤੋਂ ਜਲਦੀ ਕਰਨ ਤਾਂਕਿ ਲੋਕਾਂ ਨੂੰ ਜੋ ਇਧਰੋਂ ਬੇੜਾ ਕੂਚ ਕਰਕੇ ਜਾਣ ਦੀ ਕੋਸ਼ਿਸ਼ ਕਰਦੇ ਹਨ ਉਹ ਬੰਦ ਹੋ ਸਕਣ। ਮੈਂ ਸਾਰਿਆਂ ਦਾ, ਸਪੀਕਰ ਸਾਹਿਬ ਦਾ ਡਿਪਟੀ ਸਪੀਕਰ ਸਾਹਿਬ ਦਾ ਔਰ ਆਪ ਦਾ ਧੰਨਵਾਦ ਕਰਦਾ ਹਾਂ (ਥੰਪਿੰਗ)

**ਸ੍ਰੀ ਰਮੇਸ਼ ਚੰਦਰ ਡੋਗਰਾ** (ਦਸੂਆ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅਜ ਹਾਊਸ ਵਿਚ ਬੋਲਣ ਦਾ ਸਮਾਂ ਦਿਤਾ ਹੈ। (ਵਿਘਨ) ਸਵਾਲ ਕੰਡੀ ਏਰੀਆ ਦਾ ਹੈ, ਠੀਕ ਹੈ। ਚੇਅਰਮੈਨ ਸਾਹਿਬ, ਜਿਥੋਂ ਤਕ ਬਜਟ ਦਾ ਪ੍ਰਸ਼ਨ ਹੈ, ਸਰਦਾਰ ਬਲਵੰਤ ਸਿੰਘ ਹੋਰਾਂ ਨੇ ਬਹੁਤ ਹੀ ਸ਼ਾਨਦਾਰ ਬਜਟ ਬਣਾਇਆ ਹੈ, ਜੋ ਸਰਵਪੱਖੀ ਹੈ, ਲੋਕਾਂ ਦੇ ਹਿਤਾਂ ਵਾਸਤੇ ਹੈ। ਇਕ ਸੱਭ ਤੋਂ ਵੱਡੀ ਗੱਲ ਬਜਟ ਵਿਚ ਵੇਖੀ ਹੈ, ਇਕ ਪਾਸਿੰਗ ਰੈਫਰੈਂਸ ਕੰਡੀ ਏਰੀਆ ਬਾਰੇ ਦਿੱਤਾ ਹੈ ਸਰਦਾਰ ਸਾਹਿਬ, ਨੇ। ਮੈਂ ਕੋਟ ਕਰਾਂਗਾ––

"For the development of the backward Kandi area, a number of projects such as Extension and Improvement of the Shah Nehar Canal System and the World Bank assisted Kandi Water Shed and Area Development Project which includes Dholbaha Dam and low Dams in the Kandi area have been undertaken. Maili Dam and Dholbaha Dam have already been completed. Janauri Dam will be completed about 1/2 years ahead of its scheduled completion."

ਜਿਸ ਤਰ੍ਹਾਂ ਪਾਸਿੰਗ ਰੈਫਰੈਂਸ ਜਿਹੜਾ ਕਿ ਸਾਡੇ ਕੰਡੀ ਏਰੀਆ ਵਾਸਤੇ ਸਰਦਾਰ ਸਾਹਿਬ ਨੇ ਦਿਤਾ ਹੈ, ਸਾਨੂੰ ਇਸ ਚੀਜ਼ ਉਤੇ ਬੜਾ ਦੁੱਖ ਹੈ। ਅਸੀਂ ਇਨ੍ਹਾਂ ਨੂੰ ਬਿਲਕੁਲ ਇਸ ਗੱਲ ਵਿਚ ਵਿਸ਼ਵਾਸ ਦਿਵਾਉਂਦੇ ਰਹੇ ਹਾਂ, ਇਨ੍ਹਾਂ ਦੀ ਸਰਾਹਣਾ ਵੀ ਕਰਦੇ ਰਹੇ ਹਾਂ ਪਰ ਜਿਥੋਂ ਤਕ ਬਜਟ ਦਾ ਪ੍ਰਸ਼ਨ ਹੈ, ਉਸ ਵਿਚ ਕੰਡੀ ਏਰੀਆ ਵਲ ਪੂਰਾ ਧਿਆਨ ਨਹੀਂ ਦਿਤਾ ਗਿਆ

Original with;
Punjab Vidhan Sabha
Digitized by;
Panjab Digital Library

ਕਈ ਵਾਰੀ ਗੱਲ ਹੁੰਦੀ ਹੈ, ਕਿ ਫਾਇਨਾਂਸ ਮਨਿਸਟਰ ਸਾਹਿਬ ਜਗਲਰ ਦਾ ਕੰਮ ਵੀ ਕਰਦੇ ਹਨ। ਜਦੋਂ ਵੀ ਪੈਸੇ ਦੀ ਸਾਨੂੰ ਲੋੜ ਪੈਂਦੀ ਹੈ ਸਰਦਾਰ ਸਾਹਿਬ ਪਤਾ ਨਹੀਂ ਕਿਥੋਂ ਕੱਢ ਕੇ ਲੈ ਆਉਂਦੇ ਹਨ ਪਰ ਇਸ ਬਜਟ ਵਿਚ ਕੰਡੀ ਏਰੀਆ ਦੇ ਵਾਸਤੇ ਸਿਰਫ ਪਾਸਿੰਗ ਰੈਫਰੈਂਸ ਹੀ ਦਿਤਾ ਹੈ। ਕੰਡੀ ਏਰੀਆ ਦੀਆਂ ਸੜਕਾਂ ਦੀ ਗਲ ਚਲੀ ਸੀ, ਵਾਟਰ ਸਪਲਾਈ ਦੀ ਸੀ, ਕਈ ਤਰ੍ਹਾਂ ਦੀਆਂ ਪ੍ਰਾਬਲਮਜ਼ ਸਨ। ਸੜਕਾਂ ਦੀ ਗਲ ਚਲੀ ਸੀ। ਸਾਡੇ ਮਨ ਵਿਚ ਸੀ ਕਿ ਸ਼ਾਇਦ ਕੋਈ ਸਪੈਸ਼ਲ ਫੰਡ ਐਲੋਕੇਟ ਕਰਨਗੇ, ਇਸ ਕੰਮ ਵਾਸਤੇ। ਜਿਥੋਂ ਤਕ ਮਾਰਕਿਟਿੰਗ ਬੋਰਡ ਦਾ ਪ੍ਰਸ਼ਨ ਹੈ, ਮਾਰਕਿਟਿੰਗ ਬੋਰਡ ਵਾਲੇ ਮਾਰਕਿਟ ਕਮੇਟੀ ਤੇ ਗੱਲ ਸੁਟ ਦਿੰਦੇ ਹਨ ਔਰ ਉਹ ਕਹਿੰਦੇ ਹਨ ਕਿ ਸਾਡੇ ਪਾਸ ਆਮਦਨ ਨਹੀਂ ਹੈ, ਸੜਕਾਂ ਕਿਸ ਤਰ੍ਹਾਂ ਬਣਨਗੀਆਂ, ਕਿਸ ਤਰ੍ਹਾਂ ਰਿਪੇਅਰ ਹੋਣਗੀਆਂ ? ਸਾਡੇ ਮਨ ਵਿਚ ਚਾਹ ਸੀ ਕਿ ਕੰਡੀ ਏਰੀਆ ਵਾਸਤੇ ਬਜਟ ਵਿਚ ਕਾਫੀ ਕੁਝ ਰਖਿਆ ਜਾਵੇਗਾ, ਉਨ੍ਹਾਂ ਸੜਕਾਂ ਨੂੰ ਪੂਰਾ ਕਰਨ ਵਾਸਤੇ, ਬਣਾਉਣ ਵਾਸਤੇ ਲੇਕਿਨ ਇਸ ਦੇ ਵਾਸਤੇ ਕੀ ਦਿਤਾ ਗਿਆ ਹੈ ਬਜਟ ਦੇ ਵਿਚ, ਉਹ ਮੈਂ ਦੱਸਦਾ ਹਾਂ :—

"As regards rural roads the main thrust of the programme now is to provide interlinks with the funds made available by the Market Committees and the Marketing Board."

ਚੇਅਰਮੈਨ ਸਾਹਿਬ, ਇਥੇ ਇੰਟਰ-ਲਿੰਕਸ ਦੀ ਗੱਲ ਚਲ ਰਹੀ ਹੈ, ਮੈਂ ਪਿਛੇ ਵੀ ਸਪਲੀਮੈਂਟਰੀ ਕੁਐਸਚਨ ਵਿਚ ਕਿਹਾ ਸੀ। ਜਿਸ ਵੇਲੇ ਇੰਟਰ ਲਿੰਕਸ ਦੀ ਗਲ ਚਲਦੀ ਹੈ ਮੈਂ ਕਹਿੰਦਾ ਹਾਂ ਕਿ ਸਾਡੇ ਪਾਸ ਤਾਂ ਫਸਟ ਲਿੰਕ ਰੋਡ ਵੀ ਨਹੀਂ ਹੈ, ਇੰਟਰ ਲਿੰਕ ਦੀ ਤੁਸੀਂ ਕੀ ਗੱਲ ਕਰਦੇ ਹੋ। ਫਸਟ ਲਿੰਕ ਕਈ ਥਾਵਾਂ ਤੇ ਨਹੀਂ ਹੈ। ਸਪਲੀਮੈਂਟਰੀ ਕੁਐਸਚਨ ਰਾਹੀਂ ਵੀ ਸਰਕਾਰ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਤੇ ਕਿਹਾ ਹੈ ਕਿ ਤੁਸੀਂ ਇੰਟਰ ਲਿੰਕ ਦੀ ਗਲ ਕਰਦੇ ਹੋ ਅਸੀਂ ਫਸਟ ਲਿੰਕ ਦੇ ਵਾਸਤੇ ਰੋ ਰਹੇ ਹਾਂ। ਹਿੱਲੀ ਏਰੀਆ ਹੋਣ ਕਰਕੇ, ਪਹਾੜੀ ਏਰੀਆਂ ਹੋਣ ਕਰਕੇ ਸਾਡੇ ਨਾਲ ਇਹ ਬੇਇਨਸਾਫੀ ਹੈ। ਇਸ ਮਾਮਲੇ ਵਿਚ ਮੈਂ ਮੁੱਖ ਮੰਤਰੀ ਜੀ ਨੂੰ ਤੇ ਸਰਦਾਰ ਬਲਵੰਤ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਕੋਈ ਬਜਟ ਵਿਚ ਪ੍ਰੋਵੀਜ਼ਨ ਲਿਆਂਦਾ ਜਾਵੇ ਤਾਂਕਿ ਡਿਵੈਲਪਮੈਂਟ ਜਿਹੜੀ ਹੈ, ਸੜਕਾਂ ਦੀ ਕੰਸਟ੍ਰਕਸ਼ਨ ਹੈ, ਉਹ ਕੀਤੀ ਜਾਵੇ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਅਸੀਂ ਹੈਲਥ ਵੱਲ ਤਵੱਜੋ ਦਿੰਦੇ ਹਾਂ। ਇਸ ਬਾਰੇ ਇਨ੍ਹਾਂ ਨੇ ਬਜਟ ਵਿਚ ਲਿਖਿਆ ਹੈ:

"In the sphere of health, our objective is to remove the existing imbalance between medical and health care services in the rural and the urban areas. It is proposed to provide one Sub Centre for every 5,000 rural population, one Primary Health Centre for every 30,000 population and one Community Health Centre for every four Primary Health Centres covering around one lakh persons."

ਇਸ ਦੇ ਵਿਚ ਸਾਨੂੰ ਇਕ ਮੁਸ਼ਕਿਲ ਹੈ। ਸਾਡਾ ਕੰਡੀ ਏਰੀਆ ਹੈ ਕੰਡੀ ਏਰੀਆ ਔਰ ਪਹਾੜੀ ਏਰੀਆ ਵਿਚ ਇਕ ਪਿੰਡ ਤੋਂ ਦੂਜੇ ਪਿੰਡ ਵਿਚ ਜਾਣ ਵਾਸਤੇ 5 ਤੋਂ 10 ਕਿਲੋਮੀਟਰ ਤਕ ਚਲਣਾ ਪੈਂਦਾ ਹੈ। ਕਿਉਂਕਿ ਰਸਤੇ ਬੜੇ ਲੰਬੇ ਹਨ। ਇਸ ਕਰਕੇ ਇਹ ਜਿਹੜੀ ਹੈਲਥ ਸੈਂਟਰ ਖੋਲ੍ਹਣ ਵਾਸਤੇ 5 ਹਜ਼ਾਰ ਪਾਪੂਲੇਸ਼ਨ ਵਾਲੀ ਸ਼ਰਤ ਹੈ ਇਹ ਹਿਲੀ ਏਰੀਆ ਵਾਸਤੇ ਜ਼ਰੂਰ ਵੇਵ ਕਰ ਦੇਣੀ ਚਾਹੀਦੀ ਹੈ। ਉਥੇ ਜਾਂ ਤਾਂ ਇਹ ਢਾਈ ਹਜਾਰ ਕਰ ਦੇਣੀ ਚਾਹੀਦੀ ਹੈ ਜਾਂ ਫਿਰ ਇਹ ਪਾਪੂਲੇਸ਼ਨ ਵਾਲੀ ਕੰਡੀਸ਼ਨ ਰਖਣੀ ਹੀ ਨਹੀਂ ਚਾਹੀਦੀ। ਹਿਲੀ ਏਰੀਆ ਵਿਚ ਰਸਤੇ ਲੰਬੇ ਹੋਣ ਕਰਕੇ ਬਹੁਤ ਮੁਸ਼ਕਿਲਾਂ ਆਉਂਦੀਆਂ ਹਨ। ਜਿਵੇਂ ਕਿ ਮੈਂ ਦਸਿਆ ਸੀ ਕਿ ਮੇਰੇ ਹਲਕੇ ਵਿਚ ਬੋਡਿੰਗ ਪਿੰਡ ਅਜਿਹਾ ਹੈ ਉਥੇ ਜੇ ਕੋਈ ਬਿਮਾਰ ਹੋ ਜਾਵੇ ਤਾਂ ਉਸ ਨੂੰ ਕੱਚੀ ਸੜਕ ਤਕ ਲਿਆਉਣ ਵਾਸਤੇ ਵੀ 4-5 ਬੰਦੇ ਚੁਕ ਕੇ ਲੈ ਆਉਂਦੇ ਹਨ ਉਥੇ ਵੀ ਕੋਈ ਟੈਂਪੋ ਵਗੈਰਾ ਤਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਮੇਸ਼ ਚੰਦਰ ਡੋਗਰਾ]

ਮਿਲਦਾ ਨਹੀਂ ਕੋਈ ਰੇਹੜਾ ਵਗੈਰਾ ਕਰਕੇ ਤਲਵਾੜੇ ਤਕ ਉਸ ਨੂੰ ਪਹੁੰਚਾਇਆ ਜਾਂਦਾ ਹੈ। ਇਸ ਲਈ ਜਦੋਂ ਤਕ ਉਹ ਤਲਵਾੜਾ ਪਹੁੰਚਦਾ ਹੈ ਰਸਤੇ ਵਿਚ ਆਪਣਾ ਦਮ ਤੋੜ ਬੈਠਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਹਿੱਲੀ ਏਰੀਆ ਵਿਚ ਹੈਲਥ ਸੈਂਟਰ ਖੋਲ੍ਹਣ ਵਾਸਤੇ ਪਾਪੂਲੇਸ਼ਨ ਬੇਸ ਦੀ ਬਜਾਏ ਲੈਂਗਥ ਬੇਸ ਤੇ ਇਹ ਸੈਂਟਰ ਖੋਲ੍ਹਣੇ ਚਾਹੀਦੇ ਹਨ ਤਾਂ ਹੀ ਇਨ੍ਹਾਂ ਲੋਕਾਂ ਦਾ ਕੁਝ ਭਲਾ ਹੋ ਸਕਦਾ ਹੈ।

ਇਸ ਤੋਂ ਅਗਲੀ ਗਲ ਮੈਂ ਇਰੀਗੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਜਿਥੋਂ ਤਕ ਇਰੀ-ਗੇਸ਼ਨ ਦਾ ਸਬੰਧ ਹੈ। ਇਸ ਵਿਚ ਦਸੂਆ ਕਾਂਸਟੀਚੁਐਂਸੀ ਆਨਫਾਰਚੂਨੇਟ ਹੈ ਕਿਉਂਕਿ ਉਥੇ ਅਜ ਤਕ ਇਕ ਵੀ ਡੀਪ ਬੋਰ ਟਿਊਬਵੈੱਲ ਨਹੀਂ ਲਗਿਆ। ਅਸੀਂ ਇਸ ਵਾਸਤੇ ਮਨਿਸਟਰ ਸਾਹਿਬ ਨੂੰ ਵੀ ਮਿਲੇ ਸੀ ਉਹ ਬੜੇ ਸਿੰਪੈਥੈਟਿਕ ਸਨ ਉਨ੍ਹਾਂ ਨੇ ਇਹ ਵਾਇਦਾ ਵੀ ਕੀਤਾ ਸੀ ਕਿ ਅਗਲੇ ਸਾਲ ਉਥੇ ਕੁਝ ਕੰਮ ਕਰਾਂਗੇ ਲੇਕਿਨ ਇਸ ਸਾਲ ਵੀ ਇਸ ਬਜਟ ਵਿਚ ਇਸ ਵਾਸਤੇ ਕੋਈ ਪਰੋ-ਵੀਜ਼ਨ ਨਹੀਂ ਰੱਖੀ ਗਈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਵਾਸਤੇ ਵੀ ਬਜਟ ਵਿਚ ਕੋਈ ਪਰੋਵੀਜ਼ਨ ਰਖਣੀ ਚਾਹੀਦੀ ਹੈ।

*12.40 P.M.

(ਇਸ ਸਮੇਂ* ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਇਕ ਗੱਲ ਮੈਂ ਕੰਡੀ ਕੈਨਾਲ ਦੇ ਬਾਰੇ ਵੀ ਜ਼ਰੂਰ ਕਹਿਣੀ ਚਾਹੁੰਦਾ ਹਾਂ। ਇਹ ਕੰਡੀ ਕੈਨਾਲ 1978 ਵਿਚ ਬਣਨੀ ਸ਼ੁਰੂ ਹੋਈ ਸੀ। ਇਸ ਕੰਡੀ ਕੈਨਾਲ ਦੀ ਲੈਂਗਥ ਸਾਢੇ 22 ਕਿਲੋ ਮੀਟਰ ਦੀ ਹੈ। ਇਹ ਬਲਾਚੌਰ ਤਕ ਬਣਨੀ ਹੈ। ਪਰ ਹਾਲੇ ਤਕ ਇਹ ਕੰਪਲੀਟ ਨਹੀਂ ਹੋ ਸਕੀ। ਜੇ ਇਹ ਕੰਡੀ ਕੈਨਾਲ ਕੰਪਲੀਟ ਹੋ ਜਾਵੇ ਤਾਂ ਇਸ ਵਿਚੋਂ ਕਈ ਡਿਸਟਰੀਬਿਊਟਰੀਜ਼ ਨਿਕਲ ਸਕਦੀਆਂ ਹਨ ਔਰ ਉਨ੍ਹਾਂ ਨਾਲ ਹੀ ਫਸਲਾਂ ਨੂੰ ਪਾਣੀ ਮਿਲ ਸਕਦਾ ਹੈ। ਪਰ ਇਸ ਬਾਰੇ ਪਲੈਨਰਜ਼ ਨੇ ਪਹਿਲੇ ਇਹ ਸੋਚਿਆ ਸੀ ਕਿ ਇਸ ਨੂੰ ਪੈਚ ਵਰਕ ਵਿਚ ਕੰਪਲੀਟ ਕੀਤਾ ਜਾਵੇ। ਪੈਚ ਵਰਕ ਦੇ ਨਾਲ ਕਦੇ ਦੋ ਕਿਲੋਮੀਟਰ ਬਣ ਗਈ ਅਤੇ ਕਦੇ 10 ਕਿਲੋਮੀਟਰ ਪਰ ਹੁਣ ਤਕ ਇਹ ਹੁਸ਼ਿਆਰਪੁਰ ਤਕ ਮੁਸ਼ਕਿਲ ਨਾਲ ਬਣੀ ਹੈ ਔਰ ਜਿਹੜਾ ਇਹ ਪੈਚ ਵਰਕ ਨਾਲ ਕੰਮ ਕੀਤਾ ਹੈ ਇਹ ਬੜਾ ਗਲਤ ਕੀਤਾ ਹੈ। ਇਸ ਨਾਲ ਲੈਵਲ ਇਕੋ ਜਿਹਾ ਨਹੀਂ ਰਹਿੰਦਾ ਜਿਸ ਨਾਲ ਬਾਅਦ ਵਿਚ ਪਾਣੀ ਨਿਕਲਣ ਵਿਚ ਬੜੀ ਮੁਸ਼ਕਿਲ ਆਉਂਦੀ ਹੈ। ਇਸ ਕੰਡੀ ਕੈਨਾਲ ਵਾਸਤੇ, ਸਪੀਕਰ ਸਾਹਿਬ, ਕੋਈ 62 ਕਰੋੜ ਰੁਪਏ ਦੀ ਲੋੜ ਹੈ ਲੇਕਿਨ ਜੋ ਬਜਟ ਵਿਚ ਪਰੋਵੀਜ਼ਨ ਕੀਤੀ ਹੈ ਉਹ ਸਿਰਫ 3 ਕਰੋੜ ਰੁਪਏ ਦੀ ਕੀਤੀ ਹੈ। ਜਦ ਕਿ 10% ਕਾਸਟ ਹਰ ਸਾਲ ਐਕਸਕੇਵੇਸ਼ਨ ਦੀ ਵੱਧ ਜਾਂਦੀ ਹੈ। ਇਸ ਤਰ੍ਹਾਂ ਨਾਲ ਜੇ ਇਹ 62 ਕਰੋੜ ਰੁਪਏ ਵਿਚੋਂ 3 ਕਰੋੜ ਰੁਪਏ ਕੱਢ ਦੇਈਏ ਤਾਂ 59 ਕਰੋੜ ਰੁਪਏ ਬਾਕੀ ਰਹਿ ਜਾਂਦੇ ਹਨ ਔਰ ਜੇ ਉਸ ਤੇ ਕਾਸਟ ਆਫ ਐਕਸਕੇਵੇਸ਼ਨ ਜੋ ਹਰ ਸਾਲ ਵੱਧਣੀ ਹੈ ਉਹ ਲਾਈ ਜਾਏ ਤਾਂ ਹਰ ਸਾਲ ਇਹ 6 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਇਸ ਦਾ ਮਤਲਬ ਇਹ ਹੈ ਕਿ ਇਹ ਕੰਡੀ ਕੈਨਾਲ ਕਦੇ ਵੀ ਨਹੀਂ ਬਣ ਸਕੇਗੀ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਵਾਸਤੇ ਸਪੈਸ਼ਲ ਫੰਡਜ਼ ਰੱਖਣ ਤਾਂ ਕਿ ਜਿਹੜਾ ਇਸ ਦਾ ਕੰਮ ਹੈ ਉਹ ਕਿਸੇ ਸਿਰੇ ਲਗ ਸਕੇ ਇਸ ਦੇ ਬਣਨ ਨਾਲ ਲੋਕਾਂ ਨੂੰ ਇਰੀਗੇਸ਼ਨ ਵਿਚ ਬਹੁਤ ਫਾਇਦਾ ਹੋ ਸਕਦਾ ਹੈ। ਔਰ

Original with;
Punjab Vidhan Sabha
Digitized by;
Panjab Digital Library

ਉਸ ਤੋਂ ਬਾਅਦ ਡਿਸਟਰੀਬਿਊਟਰੀ ਰਖਦੇ ਹਾਂ। ਇਸ ਵਿਚ ਓਬਜੈਕਟਿਵ ਰਖਣਾ ਚਾਹੀਦਾ ਹੈ ਕਿ ਕਿਤਨੇ ਕਿਲੋਮੀਟਰ ਤੱਕ ਹੋਵੇਗਾ ਅਤੇ ਐਸਕੇਲੇਸ਼ਨ ਵੀ ਦਿਤੀ ਜਾਵੇ। ਇਸ ਤੋਂ ਬਾਅਦ ਲਿਫਟ ਇਰੀਗੇਸ਼ਨ ਸਕੀਮ ਸਾਡੇ ਹਿਮਾਚਲ ਵਿਚ ਹੈ। ਸਾਡਾ ਏਰੀਆ ਹਿਮਾਚਲ ਪ੍ਰਦੇਸ਼ ਦੇ ਨਾਲ ਲਗਦਾ ਹੈ। ਉਨ੍ਹਾਂ ਦੇ ਪਿੰਡ ਸਾਡੇ ਪਿੰਡਾਂ ਦੇ ਨਾਲ ਲਗਦੇ ਹਨ। ਸਾਡੇ ਇਲਾਕੇ ਵਿਚ ਵੀ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਜਾਂ ਫੇਰ ਡੀਪ ਟਿਊਬਵੈਲਜ਼ ਲਗਾ ਕੇ ਪਾਣੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਲਿਫਟ ਇਰੀਗੇਸ਼ਨ ਸਕੀਮ ਦੀ ਪੂਰੀ ਤਰ੍ਹਾਂ ਇਨਵੈਸਟੀਗੇਸ਼ਨ ਕਰਕੇ ਪ੍ਰਬੰਧ ਕੀਤਾ ਜਾਵੇ (ਘੰਟੀ)

ਵਾਟਰ ਸਪਲਾਈ ਦੇ ਬਾਰੇ ਇਥੇ ਗੱਲ ਕੀਤੀ ਗਈ ਔਰ 300 ਕਰੋੜ ਰੁਪਏ ਦੀ ਰਾਹਤ ਦਿੱਤੀ ਗਈ। ਚੀਫ ਮਨਿਸਟਰ ਸਾਹਿਬ ਨੇ ਇਹ ਰਾਹਤ ਲਾਈਨਿੰਗ ਆਫ ਵਾਟਰ ਕੋਰਸਿਜ਼ ਵਿਚ ਦਿੱਤੀ ਹੈ। ਪਰ ਸਾਡੇ ਵਾਸਤੇ ਇਕ ਟੂਟੀ ਦੇਣ ਵਾਸਤੇ ਵੀ ਇਨਕਾਰ ਕਰ ਦਿੱਤਾ ਹੈ ਜਦ ਪਿਛੇ 5 ਦਿਨ ਹੋਏ ਪੰਡਿਤ ਸਰਵਣ ਰਾਮ ਜੀ ਨੇ ਇਕ ਟੂਟੀ ਆਪਣੇ ਇਲਾਕੇ ਦੇ ਵਾਸਤੇ ਮੰਗੀ ਸੀ ਪਰ ਉਹ ਵੀ ਨਹੀਂ ਦਿੱਤੀ ਗਈ। ਸਾਡੇ ਇਲਾਕੇ ਵਿੱਚ ਬਹੁਤ ਸਾਰੀਆਂ ਲੋਕੈਲਟੀਆਂ ਹਨ ਜਿੱਥੇ ਨਾ ਕੋਈ ਟੂਟੀ ਹੈ ਅਤੇ ਨਾ ਕੋਈ ਨਾਲੀ ਹੈ ਅਤੇ ਸਾਨੂੰ ਉਥੋਂ ਇਕ ਡੇਢ ਕਿਲੋਮੀਟਰ ਦੂਰ ਤੋਂ ਪਾਣੀ ਸਿਰ ਉਤੇ ਚੁਕ ਕੇ ਲਿਆਉਣਾ ਪੈਂਦਾ ਹੈ। ਇਨ੍ਹਾਂ ਆਬਾਦੀਆਂ ਨੂੰ ਪਾਣੀ ਮੇਨ ਵਿਲਿਜ ਤੋਂ ਮਿਲਦਾ ਹੈ ਇਨ੍ਹਾਂ ਦੇ ਵਾਸਤੇ ਪਿਛੇ ਅਪੈਕਸ ਬਾਡੀ ਬਣੀ ਸੀ ਜਿਸ ਨੇ ਪਾਣੀ ਦੇਣਾ ਸੀ। ਜਿਨ੍ਹਾਂ ਪਿੰਡਾਂ ਵਿਚ ਇਕ ਟੂਟੀ ਲਗੀ ਹੋਈ ਹੈ ਉਥੇ ਉਸ ਨੂੰ ਹੋਰ ਐਕਸਟੈਂਡ ਨਹੀਂ ਕੀਤਾ ਜਾਵੇਗਾ ਜਿਸ ਪਿੰਡ ਕੋਲ ਪਾਣੀ ਨਹੀਂ ਹੈ ਉਥੇ ਇਕ ਟੂਟੀ ਹੀ ਲਗਾ ਦਿਓ। ਉਨ੍ਹਾਂ ਨੂੰ ਪਾਣੀ ਕਿਉਂ ਨਹੀਂ ਦਿੱਤਾ ਜਾ ਰਿਹਾ ਅਤੇ ਇਹ ਵਿਤਕਰਾ ਕਿਉਂ ਉਨ੍ਹਾਂ ਦੇ ਨਾਲ ਕੀਤਾ ਜਾ ਰਿਹਾ ਹੈ। ਇਕ ਪਾਸੇ ਤੁਸੀਂ ਲਾਈਨਿੰਗ ਆਫ ਵਾਟਰ ਕੋਰਸਿਜ਼ ਵਾਸਤੇ 300 ਕਰੋੜ ਰੁਪਏ ਦੀ ਰਾਹਤ ਦਿਤੀ ਹੈ ਔਰ ਦੂਜੇ ਪਾਸੇ ਤੁਸੀਂ ਪਾਣੀ ਨਹੀਂ ਦੇ ਰਹੇ। ਇਹ ਕੰਡੀ ਅਤੇ ਸਬ-ਮਾਉਂਟੇਨੀਅਸ ਏਰੀਆ ਨਾਲ ਵਿਤਕਰਾ ਹੈ। ਇਸ ਨੂੰ ਰਿਵਿਊ ਕਰਨ ਦੀ ਲੋੜ ਹੈ ਔਰ ਜਿਥੇ ਪਾਣੀ ਦੀ ਕਮੀ ਹੈ ਉਸ ਨੂੰ ਦੂਰ ਕਰੋ। ਪਾਣੀ ਦਾ ਮਸਲਾ ਦੂਰ ਕੀਤਾ ਜਾਵੇ। ਇਥੇ ਪਾਂਧੀ ਸਾਹਿਬ ਨੇ ਕਿਹਾ ਸੀ ਤੁਸੀਂ ਬਲਾਚੌਰ ਤੋਂ ਬਾਹਰ ਹੀ ਨਹੀਂ ਨਿਕਲ ਸਕੇ ਔਰ ਅਸੀਂ ਦਸੂਹਾ ਵਿਚੋਂ ਬਾਹਰ ਨਹੀਂ ਨਿਕਲ ਸਕੇ। ਸਾਨੂੰ ਪਾਣੀ ਵਾਸਤੇ ਦੂਰ ਦੂਰ ਤੋਂ ਸਿਰ ਉਤੇ ਪਾਣੀ ਚੁਕ ਕੇ ਲਿਆਉਣਾ ਪੈਂਦਾ ਹੈ। ਸਾਡਾ ਏਰੀਆ ਬੜਾ ਅੰਡਰ ਡਿਵੈਲਪਡ ਹੈ। ਕਿਤਨੇ ਦੁੱਖ ਦੀ ਗੱਲ ਹੈ ਕਿ ਹਿੰਦੁਸਤਾਨ ਨੂੰ ਅਜ਼ਾਦ ਹੋਏ 37-38 ਸਾਲ ਹੋ ਗਏ ਹਨ। ਪਰ ਹਾਲੇ ਤਕ ਸਰਕਾਰ ਸਾਨੂੰ ਪਾਣੀ ਦਾ ਪ੍ਰਬੰਧ ਕਰਕੇ ਨਹੀਂ ਦੇ ਸਕੀ ਹਾਊਸ ਵਿਚ ਵੀ ਕੰਡੀ ਏਰੀਆ ਦੀ ਡਿਵੈਲਪਮੈਂਟ ਵਾਸਤੇ ਕਾਫੀ ਰੌਲਾ ਪੈਂਦਾ ਰਿਹਾ ਹੈ ਔਰ ਮੇਰੀ ਅਰਜ਼ ਹੈ ਕਿ ਇਥੇ ਕੰਡੀ ਡਿਵੈਲਪਮੈਂਟ ਬੋਰਡ ਬਣਾਇਆ ਜਾਵੇ। ਇਥੇ ਸਾਡੇ ਇਕ ਨੇਤਾ ਮਨਿਸਟਰ ਸਰਦਾਰ ਉਪਕਾਰ ਸਿੰਘ ਰੰਧਾਵਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਨ (ਹਾਸਾ) ਕਮ-ਸੇ-ਕਮ ਸਾਡੀ ਪ੍ਰਾਬਲਮਜ਼ ਜਿਹੜੀਆਂ ਹਨ ਉਨ੍ਹਾਂ ਨੂੰ ਸਰਕਾਰ ਦੂਰ ਕਰੇ। ਇਥੇ ਇਹ ਕੰਡੀ ਡਿਵੈਲਪਮੈਂਟ ਬੋਰਡ ਚੀਫ ਮਨਿਸਟਰ ਸਾਹਿਬ ਦੀ ਚੇਅਰਮੈਨਸ਼ਿਪ ਵਿਚ ਬਣਾਇਆ ਜਾਵੇ (ਘੰਟੀ) ਔਰ ਇਸ ਬੋਰਡ ਰਾਹੀਂ ਹੀ ਸਾਡੇ ਮਸਲੇ ਹੱਲ ਹੋ ਸਕਦੇ ਹਨ ਔਰ ਇਸ ਬਾਰੇ ਇਥੇ ਮੈਂ ਬਾਰ ਬਾਰ ਬੇਨਤੀ ਕਰਦਾ ਆਇਆ ਹਾਂ। ਇਸ ਵੱਲ ਸਰਕਾਰ ਧਿਆਨ ਦੇਵੇ ਅਤੇ ਬਜਟ ਵਿਚ ਕੰਡੀ ਡਿਵੈਲਪਮੈਂਟ ਬੋਰਡ ਦਾ ਵੇਰਵਾ ਜ਼ਰੂਰ ਦੇਵੇ ਔਰ ਇਸ ਦੇ ਨਾਲ ਹੀ ਸਾਡੀ ਡਿਵੈਲਪਮੈਂਟ ਹੋ ਸਕਦੀ ਹੈ। ਜੈ ਹਿੰਦ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਾਮ ਲਾਲ** (ਨਰੋਟ ਮਹਿਰਾ): ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਬਜਟ ਉਤੇ ਬੋਲਣ ਲਈ ਵਕਤ ਦਿਤਾ ਹੈ। ਇਸ ਬਜਟ ਵਿਚ ਗਰੀਬ ਕਿਸਾਨਾਂ ਅਤੇ ਹੋਰ ਪਿਛੜੇ ਵਰਗਾਂ ਦੇ ਵਾਸਤੇ ਕਾਫੀ ਰਾਹਤ ਦਿੱਤੀ ਗਈ ਹੈ ਇਸ ਦੇ ਲਈ ਸਰਕਾਰ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਹਾਊਸ ਦਾ ਕੋਈ ਵੀ ਮੈਂਬਰ ਜਦੋਂ ਇਲੈਕਸ਼ਨਾਂ ਦਾ ਬਿਗਲ ਵੱਜਦਾ ਹੈ ਤਾਂ ਉਹ ਛੋਟੇ ਤੋਂ ਛੋਟੇ ਗਰੀਬ ਦੇ ਘਰ ਵੋਟਾਂ ਲੈਣ ਖਾਤਰ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੁਣਦਾ ਹੈ ਅਤੇ ਉਨ੍ਹਾਂ ਦੇ ਟੁੱਟੇ ਹੋਏ ਘਰ ਅਤੇ ਛੱਤਾਂ ਨੂੰ ਵੇਖਦਾ ਹੈ ਅਤੇ ਪ੍ਰਾਬਲਮਜ਼ ਨੂੰ ਬੜੇ ਧਿਆਨ ਨਾਲ ਸੁਣਦਾ ਹੈ ਲੇਕਿਨ ਇਹ ਸਿਰਫ ਜਦੋਂ ਦੀ ਹਿੰਦੁਸਤਾਨ ਨੂੰ ਆਜ਼ਾਦੀ ਮਿਲੀ ਹੈ । ਜਦੋਂ ਤੋਂ ਇਥੇ ਹਾਊਸ ਵਿਚ ਮੈਂਬਰ ਬਣ ਕੇ ਆਉਣ ਲੱਗੇ ਹਨ ਉਦੋਂ ਤੋਂ ਬਜਟ ਪੇਸ਼ ਹੁੰਦੇ ਆਏ ਹਨ । ਬਜਟ ਵਿਚ ਗਰੀਬਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ ਰਿਆਇਤਾਂ ਰਖੀਆਂ ਜਾਂਦੀਆ ਹਨ। ਬਜਟ ਦੇ ਸਫਾ 48-49 ਤੇ ਗਰੀਬ ਲੋਕਾਂ ਦੀ ਖਾਤਰ ਸਰਕਾਰ ਵਲੋਂ ਦੁੱਖ ਸੁਖ ਸਾਂਝੇ ਕੀਤੇ ਗਏ ਹਨ। ਪੱਛੜੇ ਵਰਗ ਵਾਸਤੇ ਧਰਮਸ਼ਾਲਾਵਾਂ ਬਣਾਈਆ ਗਈਆਂ ਹਨ । ਕਾਂਗਰਸ ਪਾਰਟੀ ਵੇਲੇ ਵੀ ਧਰਮਸ਼ਾਲਾਵਾਂ ਬਣਦੀਆਂ ਰਹੀਆਂ ਹਨ। ਧਰਮਸ਼ਾਲਾ ਦੀ ਉਸਾਰੀ ਲਈ ਖਰਚੇ ਦੀ ਰਕਮ 10,000 ਰੁਪਏ ਤੋਂ ਵਧਾ ਕੇ 15,000/- ਰੁਪਏ ਕਰ ਦਿਤੀ ਗਈ ਹੈ। (ਥੰਪਿੰਗ) ਇਹ ਇਕ ਬਹੁਤ ਅੱਛੀ ਗੱਲ ਹੈ। ਧਰਮਸ਼ਾਲਾਵਾਂ ਵੀ ਬਣਦੀਆਂ ਹਨ ਔਰ ਉਨ੍ਹਾਂ ਦੀ ਮੁਰੰਮਤ ਵਾਸਤੇ ਵੀ ਪੈਸਾ ਦਿਤਾ ਜਾਂਦਾ ਹੈ। ਸਪੀਕਰ ਸਾਹਿਬ, ਪਰ ਇਸਤੇਮਾਲ ਕਰਨ ਵਾਸਤੇ ਅਸਲ ਵਿਚ ਪੱਛੜੇ ਵਰਗ ਦੇ ਲੋਕਾਂ ਨੂੰ ਕੋਈ ਸਹੂਲਤ ਨਹੀਂ ਮਿਲ ਰਹੀ। ਗਰੀਬਾਂ ਦੇ ਘਰ ਜਦੋਂ ਸ਼ਾਦੀ ਅਤੇ ਹੋਰ ਦੁਖ ਸੁੱਖ ਹੁੰਦਾ ਹੈ ਤਾਂ ਉਸ ਧਰਮਸ਼ਾਲਾ ਦੀ ਚਾਬੀ ਕਿਸੇ ਸਕੂਲ ਟੀਚਰ ਕੋਲ ਹੁੰਦੀ ਹੈ। ਗਰੀਬ ਲੋਕ ਬੜੇ ਖੁਸ਼ ਹੁੰਦੇ ਹਨ ਜਦੋਂ ਕਿ ਸਰਕਾਰ ਗਰਾਂਟ ਦਿੰਦੀ ਹੈ। ਇਤਨੀਆਂ ਗਰਾਂਟਾਂ ਦੇਣ ਦੇ ਬਾਵਜੂਦ ਵੀ ਧਰਮ-ਸ਼ਾਲਾਵਾਂ ਦਾ ਕੰਟਰੋਲ ਸਰਕਾਰ ਦੇ ਆਦਮੀਆਂ ਦੇ ਹੱਥ ਵਿਚ ਹੈ। ਇਹ ਚਾਬੀਆਂ ਸਾਡੇ ਹੱਥ ਵਿਚ ਹੋਣੀਆਂ ਚਾਹੀਦੀਆਂ ਹਨ। ਗਰੀਬਾਂ ਲਈ ਧਰਮਸ਼ਾਲਾ ਹੋਵੇ ਪਰ ਜੰਜਘਰ ਵਿਚ ਹੋਰ ਹੀ ਜੰਞ ਬੈਠੀ ਹੋਵੇ। ਇਹ ਸਾਡੇ ਨਾਲ ਧੋਖਾ ਹੈ, ਫਰੇਬ ਹੈ। ਅਸੀਂ ਇਥੇ, ਸਪੀਕਰ ਸਾਹਿਬ, ਗਰੀਬਾਂ ਦੇ ਹੱਕਾਂ ਦੀ ਗੱਲ ਕਰਨ ਵਾਸਤੇ ਆਏ ਹਾਂ। ਇਕ ਗੱਲ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੇਲੇ ਦੀ ਕਰਨਾ ਚਾਹੁੰਦਾ ਹਾਂ ਜਦੋਂ ਉਹ ਚੀਫ ਮਨਿਸਟਰ ਸਨ। ਇਹ ਗੱਲ ਕਹਿਣ ਤੋਂ ਨਹੀਂ ਰੁਕ ਸਕਦਾ। ਸ਼ਡੂਲਡ ਕਾਸਟ ਦੀ ਬਿਜਲੀ ਦੀ ਸਿਕਿਉਰਿਟੀ ਦੀ ਗੱਲ ਹੈ। (ਵਿਘਨ) ਸਪੀਕਰ ਸਾਹਿਬ, ਪਹਿਲਾਂ ਇਹ ਸਿਕਿਉਰਿਟੀ 12 ਰੁਪਏ ਸੀ। ਲੇਕਿਨ ਅੱਜ ਦੀ ਸਰਕਾਰ ਨੇ ਗਰੀਬਾਂ ਲਈ ਸਿਕਿਉਰਿਟੀ ਵਧਾ ਦਿਤੀ ਹੈ ਇਹ ਚੀਜ਼ ਗਲਤ ਕੀਤੀ ਗਈ ਹੈ।ਇਹ ਸਿਕਿਉਰਿਟੀ ਉਤਨੀ ਹੀ ਕੀਤੀ ਜਾਵੇ ਜਿਤਨੀ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੇ ਮੁੱਖ ਮੰਤਰੀ ਵੇਲੇ ਸੀ। (ਥੰਪਿੰਗ) ਦੂਸਰੀ ਗੱਲ ਮੈਂ, ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜ਼ਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਬਚਿਆਂ ਨੂੰ ਫਰੀ ਬੁਕਸ ਦਿਤੀਆਂ ਜਾਣਗੀਆਂ ਪਰ ਅਸਲੀਅਤ ਵਿਚ ਕਿਤਾਬਾਂ ਬਹੁਤ ਹੀ ਲੇਟ ਬਚਿਆਂ ਨੂੰ ਮਿਲਦੀਆਂ ਹਨ। ਸਪੀਕਰ ਸਾਹਿਬ, ਬੱਚੇ ਨਾ ਹੀ ਕਿਤਾਬਾਂ ਬਜ਼ਾਰਾਂ ਵਿਚੋਂ ਖਰੀਦ ਸਕਦੇ ਹਨ ਔਰ ਨਾ ਹੀ ਸਕੂਲਾਂ ਵਿਚ ਟਾਈਮ ਸਿਰ ਮਿਲਦੀਆਂ ਹਨ। ਜਦੋਂ ਬੱਚੇ ਪੁੱਛਦੇ ਹਨ ਕਿ ਕਿਤਾਬਾਂ ਸਾਨੂੰ ਕਦੋਂ ਮਿਲਣਗੀਆਂ ਤਾਂ ਉਨ੍ਹਾਂ ਨੂੰ ਜਵਾਬ ਦਿਤਾ ਜਾਂਦਾ ਹੈ ਕਿ ਹੁਣੇ ਹੀ ਮਿਲਣਗੀਆਂ । ਜਿਸ ਕਰਕੇ ਬਚਿਆਂ ਦੀ ਤਿੰਨ ਮਹੀਨੇ ਦੀ ਪੜ੍ਹਾਈ ਖਰਾਬ ਹੋ ਜਾਂਦੀ ਹੈ। ਸਰਕਾਰੀ ਕਰਮਚਾਰੀ ਕਹਿੰਦੇ ਹਨ ਕਿ ਤੁਸੀਂ ਕੋਈ ਚਿੰਤਾ ਨਾ ਕਰੋ, ਤੁਹਾਨੂੰ ਕਿਤਾਬਾਂ ਜ਼ਰੂਰ ਮਿਲਣਗੀਆਂ।

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਪੈਸਾ ਰਖਿਆ ਹੈ, ਸਾਨੂੰ ਇਸ ਗੱਲ ਦੀ ਖੁਸ਼ੀ ਹੈ। ਕਾਂਗਰਸ ਵਾਲੇ ਵੀ ਕਹਿੰਦੇ ਸਨ ਕਿ ਗਰੀਬਾਂ ਨੂੰ ਉਪਰ ਚੁਕਾਂਗੇ। ਇਨ੍ਹਾਂ ਨੇ ਗਰੀਬਾਂ ਨੂੰ ਉਪਰ ਚੁਕਿਆ ਸੀ। ਗਰੀਬਾਂ ਉਪਰ ਤਸ਼ੱਦਦ ਕੀਤਾ ਅਤੇ ਵੱਢ ਵੱਢ ਕੇ ਸੁਟਿਆ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਅੱਜ ਤੁਸੀਂ ਗਰੀਬਾਂ ਦੇ ਘਰ ਜਾ ਕੇ ਵੇਖੋ, ਗਰੀਬਾਂ ਦੇ ਮੰਜਿਆਂ ਉਪਰ ਚਾਦਰਾਂ ਜੋ ਵਿਛਾਉਂਦੇ ਹਨ, ਉਹ ਕਿਸ ਤਰ੍ਹਾਂ ਦੀਆਂ ਹਨ। ਕੀ ਇਹ ਗਰੀਬਾਂ ਨੂੰ ਉਪਰ ਚੁਕਣ ਦੇ ਢੰਗ ਹਨ ? ਇਹ ਤਾਂ ਖਿਆਲੀ ਪੁਲਾੜ ਹੀ ਹਨ। ਕੀ ਇਹ ਸਾਰੀ ਉਮਰ ਇਸ ਤਰ੍ਹਾਂ ਹੀ ਚਲਦੇ ਰਹਿਣਗੇ ? ਇਹ ਚੀਜ਼ ਮੈਂ ਹਾਊਸ ਦੇ ਸਾਹਮਣੇ ਰੱਖਣੀ ਚਾਹੁੰਦਾ ਹਾਂ। ਵਿੱਤ ਮੰਤਰੀ ਜੀ ਨੇ ਵਾਅਦਾ ਤਾਂ ਬੜਾ ਕੀਤਾ ਹੈ। ਸਾਨੂੰ ਬਹੁਤ ਖੁਸ਼ੀ ਹੈ, ਮੈਂ ਇਸ ਲਈ ਵਧਾਈ ਦੇਣਾ ਚਾਹੁੰਦਾ ਹਾਂ। ਜਿਥੇ ਵਧਾਈ ਦਾ ਹੱਕ ਬਣੇ ਉਥੇ ਦੇਣੀ ਚਾਹੀਦੀ ਹੈ। ਮੈਂ ਮੁੱਖ-ਮੰਤਰੀ ਜੀ ਦਾ ਵੀ ਬੜਾ ਮਸ਼ਕੂਰ ਹਾਂ। ਮੈਂ ਇਨ੍ਹਾਂ ਨੂੰ ਐਪਲੀਕੇਸ਼ਨ ਲਿਖੀ ਸੀ ਕਿ ਮੇਰੇ ਇਲਾਕੇ ਦੇ ਅੰਦਰ ਟੁਟੇ-ਫੁਟੇ ਮਕਾਨ ਹਨ, ਟੁਟੀਆਂ ਛੱਤਾਂ ਹਨ, ਲੋਕਾਂ ਦਾ ਕਮਾਦ, ਜਵਾਰ ਸਾਰਾ ਢਹਿ ਗਏ ਹਨ, ਇਸ ਲਈ ਕੁਝ ਰਿਲੀਫ ਦਿੱਤੀ ਜਾਵੇ। ਇਨ੍ਹਾਂ ਨੇ ਸਾਢੇ ਸੱਤ ਲੱਖ ਰੁਪਏ ਦੀ ਗਰਾਂਟ ਭੇਜੀ ਹੈ। ਇਸ ਲਈ ਮੈਂ ਮੁੱਖ-ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਮੈਂ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਵੀ ਬਰਤਨਾਂ ਦੀ ਗਰਾਂਟ ਵਾਸਤੇ ਲਿਖਿਆ ਸੀ। ਇਸ ਲਈ ਮੈਂ ਵਿੱਤ ਮੰਤਰੀ ਜੀ ਨੂੰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪਿੱਤਲ ਦਾ ਭਾਅ ਕੀ ਹੈ ? 2000 ਰੁਪਏ ਨਾਲ ਤਾਂ ਉਹ ਬਰਤਨ ਨਹੀਂ ਆਉਂਦੇ। ਉਹ ਆਉਂਦੇ ਹਨ, ਜਿਹੜੇ ਦੂਜੇ ਦਿਨ ਟੁੱਟ ਜਾਂਦੇ ਹਨ। ਇਸ ਲਈ ਇਹ ਗਰਾਂਟ ਵਧਾ ਕੇ 5,000 ਰੁਪਏ ਕਰ ਦਿੱਤੀ ਜਾਵੇ। (ਘੰਟੀ) ਮੈਂ ਪਾਂਧੀ ਸਾਹਿਬ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਦੇ ਸਾਡੇ 7 ਪਿੰਡਾਂ ਨੂੰ ਭਾਂਡਿਆਂ ਲਈ ਗਰਾਂਟ ਦਿੱਤੀ ਹੈ। ਬੜੀ ਖੁਸ਼ੀ ਦੀ ਗੱਲ ਹੈ। ਜੰਜਘਰਾਂ ਦੀ ਮੁਰੰਮਤ ਕਰਨ ਲਈ ਦਿੱਤੀ ਹੈ। ਪੁਰੀ ਸਾਹਿਬ ਦਾ ਵੀ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਸਕੂਲਾਂ ਨੂੰ ਠੀਕ ਕਰਨ ਵਾਸਤੇ ਗਰਾਂਟ ਦਿੱਤੀ ਹੈ। ਸਰਦਾਰ ਨੱਥਾ ਸਿੰਘ ਦਾਲਮ ਨੇ ਵੀ ਗਲੀਆਂ ਨਾਲੀਆਂ ਅਤੇ ਖੂਹਾਂ ਵਾਸਤੇ ਗ੍ਰਾਂਟਾਂ ਭੇਜੀਆਂ ਹਨ! ਇਸ ਲਈ ਮੈਂ ਧੰਨਵਾਦੀ ਹਾਂ।

**ਸਰਦਾਰ ਸੁਜਾਨ ਸਿੰਘ** : ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਦਾ ਟਾਈਮ ਦਿਓ।

**ਸ੍ਰੀ ਸਪੀਕਰ** : ਤੁਹਾਨੂੰ ਵੀ ਟਾਈਮ ਮਿਲੇਗਾ। ਸ੍ਰੀ ਅਸ਼ਵਨੀ ਸੇਖੜੀ।

**ਸ੍ਰੀ ਅਸ਼ਵਨੀ ਸੇਖੜੀ** (ਬਟਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਪਹਿਲੀ ਵਾਰੀ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। (ਥੰਪਿੰਗ) ਇਹ ਮੇਰੀ ਅੱਛੀ ਕਿਸਮਤ ਹੈ ਕਿ ਇਸ ਸਮੇਂ ਹਾਊਸ ਵਿੱਚ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਵੀ ਮੌਜੂਦ ਹਨ। ਕੱਲ ਰਾਤ ਮੈਂ ਪੰਜਾਬ ਦਾ ਬਜਟ ਸਟੱਡੀ ਕੀਤਾ ਹੈ। ਇਸ ਵਿੱਚ ਬਹੁਤੀਆਂ ਚੀਜ਼ਾਂ ਗੌਰ ਕਰਨ ਵਾਲੀਆਂ ਹਨ। ਅਗਰ ਅਸੀਂ ਇਸ ਬਜਟ ਨੂੰ ਗੌਰ ਨਾਲ ਦੇਖੀਏ ਅਤੇ ਇੰਡਸਟਰੀ ਤੇ ਐਗਰੀਕਲਚਰ ਨੂੰ ਕੰਪੇਅਰ ਕਰੀਏ ਤਾਂ ਐਫ.ਐਮ. ਸਾਹਿਬ ਬਜਟ ਦੇ ਸਫਾ 4 ਤੇ ਬੜਾ ਕਲੀਅਰਲੀ ਕਹਿੰਦੇ ਹਨ :—

**"The fact of the matter is that industrial production in Punjab contributes less than twelve per cent to the total Not State Domestic Product......."**

ਇਸ ਦਾ ਮਤਲਬ ਹੋਇਆ ਕਿ ਇੰਡਸਟਰੀ 12% ਟੋਟਲ ਪ੍ਰੋਡਕਟਸ ਵਿੱਚ ਹਿੱਸਾ ਦਿੰਦੀ ਹੈ ਅਤੇ ਐਗਰੀਕਲਚਰ ਜ਼ਿਆਦਾ ਕੰਟਰੀਬਿਊਟ ਕਰਦੀ ਹੈ। ਐਫ.ਐਮ. ਸਾਹਿਬ ਨੇ 45 ਪੇਜਿਜ਼ ਵਿਚੋਂ 21 ਪੇਜਿਜ਼ ਤੇ ਤਾਂ ਇੰਡਸਟਰੀ ਦੀ ਡਿਸਕਸ਼ਨ ਕੀਤੀ ਹੈ ਅਤੇ ਐਗਰੀਕਲਚਰ ਇਕ ਸਫੇ ਤੇ ਹੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਅਸ਼ਵਨੀ ਸੇਖੜੀ]

ਡਿਸਕਸ ਕੀਤੀ ਹੈ। ਜਦੋਂ ਇਹ ਆਪ ਸਪੀਚ ਕਰ ਰਹੇ ਸਨ, ਉਦੋਂ ਮੈਂ ਵੀ ਮੌਜੂਦ ਸੀ, ਇਨ੍ਹਾਂ ਨੇ ਇਕੋ ਲਾਈਨ ਐਗਰੀਕਲਚਰ ਬਾਰੇ ਬੋਲੀ ਹੈ ਕਿ ਐਗਰੀਕਲਚਰ ਦੇ ਆਉਣ ਵਾਲੇ 5 ਸਾਲਾਂ ਦੇ ਟਾਰਗੇਟਸ ਪਿਛਲੇ ਸਾਲ ਹੀ ਅਚੀਵ ਕਰ ਲਏ ਗਏ ਸਨ। ਬੜਾ ਅੱਛਾ ਕਿਹਾ ਹੈ। ਇਹ ਸੋਚਣਾ ਚਾਹੀਦਾ ਹੈ। ਇਸ ਵਿੱਚ ਜਿਹੜਾ ਕਿਸਾਨ ਹੈ, ਜਿਹੜਾ ਸਾਡਾ ਰੂਰਲ ਨੌਜਵਾਨ ਮਿਹਨਤ ਕਰਦਾ ਹੈ, ਜਿਸ ਨੇ ਮਿਹਨਤ ਨਾਲ ਪੰਜਾਬ ਦੀ ਪਰ ਕੈਪੀਟਾ ਇਨਕਮ ਨੰਬਰ ਇਕ ਤੇ ਲਿਆਂਦੀ ਇੰਡਸਟਰੀ ਨੇ ਨਹੀਂ ਲਿਆਂਦੀ, ਉਹ ਅੱਜ ਵੀ ਗੰਨੇ ਦੀ ਪਰਚੀ ਦੇ ਚੱਕਰ ਵਿੱਚ ਫਿਰਦਾ ਰਹਿੰਦਾ ਹੈ। ਉਸ ਨੂੰ ਪਤਾ ਹੀ ਨਹੀਂ ਲਗਾ ਕਿ ਕਿਥੇ ਜਾਵੇ ਕਿਥੇ ਨਾ ਜਾਵੇ। ਐਗਰੀਕਲਚਰ ਦੀ ਸੇਲ ਦੀ ਪਰਾਬਲਮ ਬਹੁਤ ਵੱਡੀ ਹੈ। ਐਗਰੀਕਲਚਰ ਸਾਡੀ ਇਕਾਨੋਮੀ ਦਾ ਮੇਜਰ ਫੈਕਟਰ ਹੈ। ਇਸ ਵੱਲ ਜ਼ਿਆਦਾ ਧਿਆਨ ਇਸ ਬਜਟ ਵਿੱਚ ਲਿਆਂਦਾ ਜਾਵੇ।

ਦੂਸਰਾ ਜੋ ਮੈਂ ਬਜਟ ਵਿਚ ਨੋਟ ਕੀਤਾ ਹੈ ਰਿਲੀਫ ਐਂਡ ਸੈਟਲਮੈਂਟ। ਐਫ.ਐਮ. ਸਾਹਿਬ ਨੇ ਬੜਾ ਅੱਛਾ ਕੀਤਾ, ਵਧੀਆ ਸਕੀਮਾਂ ਬਣਾਈਆਂ ਰੀਹੈਬਲੀਟੇਸ਼ਨ ਵਾਸਤੇ, ਮਾਈਗਰੈਂਟਸ ਵਾਸਤੇ, ਰਾਇਟਸ ਅਫੈਕਟਿਡ ਵਾਸਤੇ, ਆਰਮੀ ਡਿਜ਼ਰਟਰਜ਼ ਵਾਸਤੇ ਕਰੋੜਾਂ ਰੁਪਏ ਦੀਆਂ ਗਰਾਂਟਸ ਦਿੱਤੀਆਂ। ਇਹ ਬਹੁਤ ਵਧੀਆ ਪ੍ਰੋਗਰਾਮ ਹੈ ਔਰ ਮੈਂ ਇਸ ਨੂੰ ਐਪਰੀਸ਼ਿਏਟ ਕਰਦਾ ਹਾਂ। ਪਰ ਜੇ ਇਸ ਦੀ ਇੰਪਲੀਮੈਂਟੇਸ਼ਨ ਦੇਖੀਏ ਤਾਂ ਮੈਨੂੰ ਬੜੇ ਦਰਦ ਨਾਲ ਕਹਿਣਾ ਪੈਂਦਾ ਹੈ। ਮੈਂ ਵੀ ਸਾਈਨ ਕਰ ਦਿੰਦਾ ਹਾਂ ਕਿਉਂਕਿ ਐਮ.ਐਲ.ਏ. ਵੈਰੀਫਾਈ ਕਰਦਾ ਹੈ।ਪਰ ਉਹ ਬੰਦਾ ਥੋੜ੍ਹੇ ਜਿਹੇ ਪੈਸੇ ਲੈਣ ਵਾਸਤੇ ਕਿੰਨੇ ਦਫਤਰਾਂ ਵਿਚ ਧੱਕੇ ਖਾਂਦਾ ਹੈ। ਇਸ ਲਈ ਮੈਂ ਰਿਕੁਐਸਟ ਕਰਾਂਗਾ ਕਿ ਜਿਹੜੀ ਇਹ ਗਰਾਂਟ ਦੇਣੀ ਹੈ ਇੱਕ ਤਾਂ ਇਸ ਨੂੰ ਵਧਾਇਆ ਜਾਏ ਦੂਸਰੇ ਇਸ ਲਈ ਪ੍ਰੋਸੀਜਰ ਸਿੰਪਲੀ-ਫਾਈ ਕੀਤਾ ਜਾਏ। ਇਨ੍ਹਾਂ ਨੇ ਬੜਾ ਅੱਛਾ ਕੀਤਾ ਹੈ ਔਰ ਪੰਜ ਪੇਜਿਜ਼ ਰਿਲੀਫ ਔਰ ਰੀਹੈਬਲੀਟੇਸ਼ਨ ਬਾਰੇ ਹੀ ਡਿਸਕਸ ਕੀਤਾ ਹੈ। ਪਰ ਮੇਜਰ ਪ੍ਰਾਬਲਮ ਮੈਂ ਸਮਝਦਾ ਹਾਂ ਕਿ ਲਾਅ ਐਂਡ ਆਰਡਰ ਵਾਸਤੇ ਹੈ। ਇਸ ਲਈ ਇਕ ਲਾਈਨ ਵੀ ਇਸ ਬਜਟ ਵਿਚ ਡਿਸਕਸ ਨਹੀਂ ਕੀਤੀ ਗਈ। ਕਿੰਨਾ ਪੈਸਾ ਰਖਿਆ ਜਾਏਗਾ ਪੁਲਿਸ ਵਾਸਤੇ, ਸੈਮੀ ਪੁਲਿਸ ਸਰਵਿਸਿਜ਼ ਵਾਸਤੇ, ਇਸ ਦੀ ਇੰਪਰੂਵਮੈਂਟ ਵਾਸਤੇ ਕਿੰਨਾ ਪੈਸਾ ਰਖਿਆ ਗਿਆ ਹੈ, ਉਸ ਬਾਰੇ ਬਿਲਕੁਲ ਇਸ ਵਿਚ ਨਹੀਂ ਦਸਿਆ ਗਿਆ ਹੈ। ਜਦੋਂ ਇਹ ਫਿਨਾਂਸ ਮਨਿਸਟਰ ਸਾਹਿਬ ਆਪਣੀ ਸਪੀਚ ਦੇਣਗੇ ਤਾਂ ਮੈਂ ਆਸ ਰਖਦਾ ਹਾਂ ਕਿ ਲਾਅ ਐਂਡ ਆਰਡਰ ਕਿਵੇਂ ਇੰਪਰੂਵ ਕਰਾਂਗੇ ਇਸ ਲਈ ਜ਼ਰੂਰ ਇਹ ਆਖਣਗੇ।

ਇੰਡਸਟਰੀ ਦੇ ਸਿਲਸਿਲੇ ਵਿਚ ਮੈਂ ਹੁਣ ਕਹਿਣਾ ਚਾਹੁੰਦਾ ਹਾਂ। ਮੈਂ ਬਟਾਲੇ ਦਾ ਹਾਂ ਔਰ ਮੇਰਾ ਜ਼ਿਆਦਾ ਇੰਟ੍ਰੱਸਟ ਇੰਡਸਟਰੀਜ਼ ਵਿਚ ਹੈ। ਬੜੀ ਇੰਪਾਰਟੈਂਟ ਗਲ ਮੈਂ ਨੋਟ ਕੀਤੀ ਹੈ ਸਾਡੇ ਦੇਸ਼ ਦੀ ਇਕਾਨੋਮੀ ਸੋਸ਼ਲਿਜ਼ਮ ਵਲ ਜਾ ਰਹੀ ਹੈ ਜਦ ਕਿ ਪੰਜਾਬ ਦੀ ਇਕਾਨੋਮੀ ਕੈਪੀਟਲਿਜ਼ਮ ਵੱਲ ਤੁਰ ਪਈ ਹੈ। 30 ਸਾਲ ਇਥੇ ਲੋਕਾਂ ਦੀ ਸਰਕਾਰ ਰਹੀ ਹੈ ਔਰ ਸੋਸ਼ਲਿਜ਼ਮ ਵਲ ਰੁਝਾਨ ਰਿਹਾ ਹੈ। ਪਰ ਹੁਣ ਇਹ ਨਵਾਂ ਮੋੜ ਦੇ ਦਿੱਤਾ ਗਿਆ ਹੈ। ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਇਸ ਲਈ ਨਹੀਂ ਦਿੱਤੀਆਂ ਕਿ ਇਕਨਾਮਿਕ ਗੈਪ ਵਧਾਇਆ ਜਾਏ। ਬਜਟ ਦੇ ਪੇਜ-4 ਤੇ ਇਨ੍ਹਾਂ ਨੇ ਕਿਹਾ ਹੈ ਜਿਹੜਾ ਕਿ ਮੇਰੀ ਆਰਗੂਮੈਂਟ ਨੂੰ ਫੇਵਰ ਕਰਦਾ ਹੈ; ਉਨ੍ਹਾਂ ਨੇ ਕਿਹਾ ਹੈ :--

"At the end of 1985-86, the small industry employed 3·5 times as many persons (5,90,000 as against 1,68,000) as the large and medium industry..."

In Punjab we need small scale industries and not large scale industries.

Original with;
Punjab Vidhan Sabha
Digitized by;
Panjab Digital Library

ਸਮਾਲ ਸਕੇਲ ਇੰਡਸਟਰੀ ਦੀ ਕੀ ਹਾਲਤ ਹੈ ? ਇਕ ਅਪ੍ਰੈਲ ਤੋਂ ਪੰਜਾਬ ਦੀ ਨਵੀਂ ਇੰਡਸ-ਟਰੀਅਲ ਪਾਲਿਸੀ ਲਿਆ ਰਹੇ ਹੋ । ਇਸ ਬਜਟ ਦੇ ਪੇਜ 30 ਤੇ ਲਿਖਿਆ ਹੈ ਕਿ ਇਨਸੈਂਟਿਵਜ਼ ਦਿਆਂਗੇ ।

At page 31 of the Budget Speech, it is stated :

"The incentive of interest free loan has been replaced by a levy of a nominal State/Central sales tax at one per cent for a period ranging from four to six years depending upon the location of the unit."

ਇਕ ਬੜਾ ਇੰਸੈਂਟਿਵ ਸੀ ਇੰਟਰਸਟ ਫਰੀ ਲੋਨ ਦੇਣ ਦਾ ਇੰਡਸਟਰੀਅਲ ਪਾਲਿਸੀ ਦੇ ਵਿਚ, ਪਰ ਉਸ ਨੂੰ ਇਨ੍ਹਾਂ ਨੇ ਗਾਇਬ ਕਰ ਦਿੱਤਾ ਹੈ। ਇਹ ਜਿਹੜਾ ਇੰਟਰੈਸਟ ਫ਼ਰੀ ਲੋਨ ਹੈ ਇਸ ਇੰਸੈਂਟਿਵ ਨਾਲ ਜਿਹੜੀਆਂ ਸਮਾਲ ਸਕੇਲ ਇੰਡਸਟਰੀਅਲ ਯੂਨਿਟਸ ਹਨ ਉਨ੍ਹਾਂ ਨੂੰ ਫਾਇਦਾ ਹੋਣਾ ਹੈ। ਪਹਿਲੇ ਸਮਾਲ ਸਕੇਲ ਇੰਡਸਟਰੀਅਲ ਯੂਨਿਟਸ ਨੂੰ ਸੇਲ ਦੇ ਉਤੇ 6% ਇੰਟਰੈਸਟ ਫਰੀ ਲੋਨ ਦਿੱਤਾ ਜਾਂਦਾ ਸੀ। 6% or 35% on capital investment whichever is less we used to give that means ਕਿ ਜਿਹੜੀਆਂ ਸਮਾਲ ਸਕੇਲ ਇੰਡਸਟਰੀਅਲ ਯੂਨਿਟਸ ਹਨ ਉਨ੍ਹਾਂ ਨੂੰ 6% ਸੇਲ ਦੇ ਉਤੇ ਇੰਟਰੈਸਟ ਫਰੀ ਲੋਨ ਦਿਤਾ ਜਾਂਦਾ ਸੀ। ਇਹ ਕਈ ਸਾਲ ਲਗਾਤਾਰ ਦਿਤਾ ਜਾਂਦਾ ਸੀ। ਇਹ ਬਹੁਤ ਅੱਛੀ ਸਕੀਮ ਸੀ। ਇਹ ਇੰਸੈਂਟਿਵ ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀਅਲ ਯੂਨਿਟਸ ਵਾਸਤੇ ਬਹੁਤ ਅੱਛਾ ਸੀ ਪਰ ਐਫ.ਐਮ. ਨੇ ਕਿਹਾ ਕਿ ਅਸੀਂ ਇਸ ਇੰਸੈਂਟਿਵ ਨੂੰ ਬਦਲ ਕੇ ਇਕ ਨਵੀਂ ਚੀਜ਼ ਲਿਆਂਦੀ ਹੈ।

**ਵਿੱਤ ਮੰਤਰੀ (ਬੈਠੇ, ਬੈਠੇ):** ਨਵੀਂ ਵਿਚ ਤੁਹਾਨੂੰ ਫਾਇਦਾ ਹੋਵੇਗਾ। I am giving you upto 100% on capital investment.

**ਸ਼੍ਰੀ ਅਸ਼ਵਨੀ ਸੇਖੜੀ:** ਹੁਣ ਇਹ ਇੰਸੈਂਟਿਵ ਜਿਹੜਾ 6% ਦੀ ਸੇਲ ਤੇ ਦਿੱਤਾ ਜਾਂਦਾ ਸੀ ਉਹ ਘਟਕੇ 3% ਰਹਿ ਗਿਆ ਹੈ। ਇਹ ਗੈਪ ਘੱਟ ਹੈ। ਮੈਂ ਐਫ.ਐਮ. ਸਾਹਿਬ ਅਤੇ ਸੀ.ਐਮ ਸਾਹਿਬ ਨੂੰ ਕਹਾਂਗਾ ਕਿ ਉਹ ਦੇਖਣ ਡੈਫੀਨਿਟਲੀ ਇਸ ਤਰ੍ਹਾਂ ਸਮਾਲ ਸਕੇਲ ਇੰਡਸਟਰੀਅਲ ਯੂਨਿਟਸ ਨੂੰ ਨੁਕਸਾਨ ਹੋਵੇਗਾ ਅਤੇ ਇਸ ਤਰ੍ਹਾਂ ਇਹ ਯੂਨਿਟਸ ਡਿਸਕਰੇਜ ਹੋਣਗੇ।

ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਨੇ ਕੈਸ਼ ਅਵਾਰਡ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਕੈਸ਼ ਅਵਾਰਡ ਉਨ੍ਹਾਂ ਨੂੰ ਦੇਣਾ ਹੈ ਜਿਹੜੇ ਅੱਛਾ ਕੰਮ ਕਰਨਗੇ, ਅਤੇ ਉਨ੍ਹਾਂ ਨੂੰ 20 ਹਜ਼ਾਰ ਰੁਪਿਆ ਕੈਸ਼ ਅਵਾਰਡ ਦਿੱਤਾ ਜਾਵੇਗਾ। ਇਹ ਬਹੁਤ ਅੱਛੀ ਸਕੀਮ ਹੈ। ਪਰ ਜਿਸ ਤਰ੍ਹਾਂ ਮੈਂ ਉਪਰ ਕਿਹਾ ਸੀ ਕਿ ਇੰਟਰੈਸਟ ਫਰੀ ਲੋਨ ਵਾਲੀ ਗੱਲ ਨੂੰ ਇਹ ਦੁਬਾਰਾ ਰਿਵਿਊ ਕਰਨ ਅਤੇ ਸਮਾਲ ਸਕੇਲ ਇੰਡਸਟਰੀ ਨੂੰ ਅੱਗੇ ਲਿਜਾਣ ਦੀ ਕੋਸ਼ਿਸ਼ ਕਰਨ। ਇਸ ਬੈਕਵਰਡ ਏਰੀਆ ਵਿਚ ਇਸ ਇੰਸੈਂਟਿਵ ਦੀ ਪਾਲਿਸੀ ਨੂੰ ਕੰਟੀਨਿਊ ਰੱਖਣਾ ਚਾਹੀਦਾ ਹੈ। ਇਸ ਨਾਲ ਇੰਡਸਟਰੀ ਨੂੰ ਫਾਇਦਾ ਹੋਵੇਗਾ।

ਸਪੀਕਰ ਸਾਹਿਬ, ਇਸ ਦੇ ਪੇਜ 34 ਦੇ ਉਤੇ ਮੈਨੂੰ ਬੜੀ ਖੁਸ਼ੀ ਹੈ ਕਿ ਐਫ.ਐਮ. ਸਾਹਿਬ ਨੇ ਬਟਾਲੇ ਵਿਚ ਜਿਹੜੇ ਇੰਡਸਟਰੀਅਲ ਯੂਨਿਟਸ ਹਨ ਜੋ ਕਿ ਬਾਰਡਰ ਦੇ ਉਤੇ ਪੈਂਦਾ ਹੈ, ਉਸ ਵਲ ਧਿਆਨ ਦਿੱਤਾ ਹੈ। ਉਥੇ ਪੂਰੇ ਦਾ ਪੂਰਾ ਪੈਰਾ ਬਟਾਲੇ ਬਾਰੇ ਲਿਖਿਆ ਹੈ। ਇਨ੍ਹਾਂ ਨੇ ਲਿਖਿਆ ਹੈ :—

"Among all the places in the State, trade and industry at Batala are the worst hit........"

He has admitted that. We are the worst sufferers,

Original with;
Punjab Vidhan Sabha
Digitized by;
Panjab Digital Library

[ਸ੍ਰੀ ਅਸ਼ਵਨੀ ਸੇਖੜੀ]

ਮੈਂ ਸਮਝਦਾ ਹਾਂ ਕਿ ਇਹ ਮੌਕਾ ਹੈ, ਇਸ ਲਈ ਮੈਂ 2-3 ਮਿੰਟ ਬਟਾਲਾ ਦੇ ਬਾਰੇ ਜ਼ਰੂਰ ਅਰਜ਼ ਕਰਨੀ ਚਾਹੁੰਦਾ ਹਾਂ । ਬਟਾਲਾ ਮੇਰੀ ਕੰਸਟੀਚਿਊਐਂਸੀ ਹੈ। ਸਪੀਕਰ ਸਾਹਿਬ, ਬਟਾਲਾ ਇਕ ਛੋਟਾ ਜਿਹਾ ਇੰਡਸਟਰੀਅਲ ਟਾਊਨ ਹੈ। ਇਸ ਇੰਡਸਟਰੀਅਲ ਟਾਊਨ ਦੀ ਸੌ ਸਾਲ ਪੁਰਾਣੀ ਹਿਸਟਰੀ ਹੈ। ਹਿੰਦੁਸਤਾਨ ਵਿਚ ਸਭ ਤੋਂ ਪਹਿਲਾਂ ਬਟਾਲੇ ਵਿਚ ਸੌ ਸਾਲ ਪਹਿਲਾਂ ਫਾਊਂਡਰੀ ਲਗੀ। ਪਾਰਟੀਸ਼ਨ ਤੋਂ ਪਹਿਲਾਂ ਲੁਧਿਆਣਾ ਅਤੇ ਜਲੰਧਰ ਵਿਚ ਇੰਡਸਟਰੀਅਲ ਯੂਨਿਟਸ ਨਹੀਂ ਸਨ। ਬਟਾਲਾਂ ਵਿਚ ਸਭ ਤੋਂ ਪਹਿਲਾਂ ਫਾਊਂਡਰੀ ਲੱਗੀ। ਉਥੋਂ ਦੇ ਬਣੇ ਲੇਥ ਬਾਹਰ ਜਾਂਦੇ ਹਨ ਅਤੇ ਬੜੀ ਦੂਰ ਦੂਰ ਜਾਂਦੇ ਹਨ। ਜਿਹੜੇ ਬਾਹਰ ਲੇਥ ਜਾ ਰਹੇ ਹਨ ਉਨ੍ਹਾਂ ਵਿਚ 80% ਬਟਾਲਾ ਦੇ ਬਣੇ ਹੋਏ ਹਨ। ਬਟਾਲਾ ਵਿਚ 1200 ਸਮਾਲ ਸਕੇਲ ਇੰਡਸਟਰੀਅਲ ਯੂਨਿਟਸ ਹਨ ਅਤੇ ਉਥੇ ਕਈ ਹਜ਼ਾਰ ਲੇਬਰ ਕੰਮ ਕਰਦੀ ਹੈ। ਉਥੋਂ ਦੀ ਟੋਟਲ ਪਰੋਡਕਸ਼ਨ 2 ਸੌ ਕਰੋੜ ਰੁਪਏ ਦੀ ਹੈ ਜਿਸ ਵਿਚੋਂ 95% ਆਊਟ ਆਫ ਪੰਜਾਬ ਜਾਂਦਾ ਹੈ। ਪ੍ਰਾਈਵੇਟ ਸੈਕਟਰ ਵਿਚ ਜਾਂਦਾ ਹੈ। ਹੁਣ ਐਫ.ਐਮ. ਨੇ ਐਡਮਿਟ ਕੀਤਾ ਹੈ ਕਿ **Batala is the worst hit.** ਪਿਛਲੇ ਦੋ ਸਾਲਾਂ ਤੋਂ ਬੜੀ ਮਾੜੀ ਹਾਲਤ ਰਹੀ ਹੈ। ਤੁਹਾਨੂੰ ਯਾਦ ਹੋਵੇਗੀ ਕਿ ਪਿਛਲੇ ਸਾਲ ਫਰਵਰੀ, ਮਾਰਚ ਵਿੱਚ ਬਟਾਲੇ ਵਿੱਚ ਇਕ ਐਸਾ ਇੰਸੀਡੈਂਟ ਹੋਇਆ ਜਿਹੜਾ ਸ਼ਾਇਦ ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦਾ ਇੰਸੀਡੈਂਟ ਸਾਰੀ ਦੁਨੀਆਂ ਵਿਚ ਕਿਧਰੇ ਨਹੀਂ ਹੋਇਆ। ਇਨ੍ਹਾਂ ਨੇ ਨਾਨ-ਮਿਲਟਰੀ ਫੋਰਸਿਜ਼ ਤੇ ਹੋਰ ਦੂਸਰੇ ਕਰੀਬਨ 30 ਹਜ਼ਾਰ ਲੋਕਾਂ ਦਾ ਘੇਰਾਓ ਕੀਤਾ ਔਰ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਕਿ ਛੋਟੇ ਛੋਟੇ ਮਾਸੂਮ ਬਚਿਆਂ ਨੂੰ ਪੀਣ ਵਾਸਤੇ ਦੁੱਧ ਨਹੀਂ ਮਿਲਿਆ, ਪਸ਼ੂਆਂ ਨੂੰ ਖਾਣ ਲਈ ਚਾਰਾ ਨਹੀਂ ਮਿਲਿਆ। ਬਟਾਲੇ ਦੀ ਬੜੀ ਵਰਸਟ ਪੋਜ਼ੀਸ਼ਨ ਸੀ। **I hope that law and order will be impreved.** ਉਸ ਵੇਲੇ ਉਥੇ ਫਿਰ ਕਰਫਿਊ ਲਗਿਆ ਰਿਹਾ ਅਤੇ ਅਸੀਂ ਬੈਠੇ ਰਹੇ। ਬਟਾਲੇ ਵਿੱਚ ਐਸੀ ਹਾਲਤ ਹੋਣ ਕਾਰਨ ਉਥੇ ਦੀ ਇੰਡਸਟਰੀ ਤੇ ਅਸਰ ਪਿਆ, ਉਥੇ ਦੀ ਇੰਡਸਟਰੀ ਨੇ ਸਫਰ ਕੀਤਾ। ਅਸੀਂ ਦੇਖਿਆ ਹੈ ਕਿ ਕਰੀਬਨ 1200 ਯੂਨਿਟਸ ਦੇ ਵਿਚੋਂ 800 ਯੂਨਿਟਸ ਸਿੱਕ ਹਨ, ਜਾਂ ਤਾਂ ਉਹ ਬੰਦ ਹੋ ਗਏ ਹਨ ਜਾਂ ਉਨ੍ਹਾਂ ਨੂੰ ਮਾਲ ਨਹੀਂ ਮਿਲਿਆ। ਜਦੋਂ ਇੰਡਸਟਰੀਜ਼ ਵਾਲੇ ਦੌੜ ਰਹੇ ਸੀ ਤਾਂ ਫਿਰ ਅਸੀਂ ਸਾਰੇ ਇੰਡਸਟਰੀਆਲਿਸਟਸ ਇਕੱਠੇ ਹੋ ਕੇ ਮਤਾ ਕੀਤਾ, ਅਸੀਂ ਇੰਡਸਟਰੀਜ਼ ਵਾਲਿਆਂ ਨੇ ਜੋ ਐਸੋਸੀਏਸ਼ਨ ਬਣਾਈ ਹੈ ਉਸ ਐਸੋਸੀਏਸ਼ਨ ਨੇ ਫੈਸਲਾ ਕੀਤਾ ਕਿ ਜੇ ਅਸੀਂ ਇਸ ਵੇਲੇ ਬਾਰਡਰ ਪੁਆਇੰਟ ਤੋਂ ਉਠ ਗਏ ਤਾਂ ਇਹ ਦੇਸ਼ ਨਾਲ ਧਰੋਹ ਹੋਵੇਗਾ । ਅਸੀਂ 30-35 ਸਾਲ ਹੋ ਗਏ ਹਨ ਉਥੇ ਰਹਿ ਰਹੇ ਹਾਂ, ਇਥੇ ਅਸੀਂ ਇਤਨਾ ਚਿਰ ਖਾਧਾ ਪੀਤਾ ਹੈ, ਸਾਨੂੰ ਇਥੋਂ ਦੌੜਨਾ ਨਹੀਂ ਚਾਹੀਦਾ। ਅਸੀਂ ਇਸ ਸਬੰਧ ਵਿੱਚ ਫਿਰ ਸੈਂਟਰ ਵਿਚ ਸਭ ਨੂੰ ਮਿਲੇ, ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲੇ, ਹੋਮ ਮਨਿਸਟਰ ਸਾਹਿਬ ਨੂੰ ਵੀ ਮਿਲੇ ਔਰ ਫਿਰ ਸੀ.ਐਮ. ਸਾਹਿਬ ਨੂੰ ਵੀ ਮਿਲੇ। ਮਈ ਵਿੱਚ ਉਨ੍ਹਾਂ ਨਾਲ ਮੀਟਿੰਗ ਹੋਈ ਸੀ.ਐਮ. ਸਾਹਿਬ ਨੇ ਪੈਕੇਜ ਆਫ ਇਨਸੈਂਟਿਵਜ਼ ਅਨਾਊਂਸ ਕੀਤੇ। ਇਹ ਪੈਕੇਜ ਆਫ ਇਨਸੈਂਟਿਵਜ਼ ਅੱਛੇ ਹਨ। ਇਸ ਦੇ ਵਿੱਚ ਹੈ ਕਿ **Sales tax 2% after one year. Power connection within two months. 15% to 25% subsidy.** ਗੌਰਮਿੰਟ ਡਿਪਾਰਟਮੈਂਟ ਪ੍ਰਚੇਜਿਜ਼ ਕਰਨ । ਇਹ ਸਾਰੇ ਇਨਸੈਂਟਿਵਜ਼ ਅਨਾਊਂਸ ਕੀਤੇ ਹਨ। ਦਿੱਲੀ ਵਿੱਚ ਇਕ ਇਨ੍ਹਾਂ ਨੇ ਸਪੈਸ਼ਲ ਬਟਾਲੇ ਵਾਸਤੇ ਜਗ੍ਹਾ ਬਣਾਈ ਹੈ। ਇਹ ਬੜੇ ਅੱਛੇ ਪੈਕੇਜ ਆਫ ਇਨਸੈਂਟਿਵਜ਼ ਹਨ. **but when we see the practical part of it, as date** ਬਟਾਲੇ ਦਾ 200 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਜੇ ਇਹ ਸਕੀਮਾਂ ਇੰਪਲੀਮੈਂਟ ਨਹੀਂ ਹੋਣਗੀਆਂ ਤਾਂ ਫਿਰ ਇਸ ਦਾ

Original with;
Punjab Vidhan Sabha
Digitized by;
Panjab Digital Library

ਕੋਈ ਫਾਇਦਾ ਨਹੀਂ। Although these schemes are very good ਬਟਾਲੇ ਵਿੱਚ ਐਫ.ਐਮ. ਸਾਹਿਬ ਵੀ ਗਏ, ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ ਕਿ ਇਨ੍ਹਾਂ ਨੇ ਉਥੇਂ ਕਿਹਾ ਕਿ ਅਸੀਂ ਬਟਾਲੇ ਵਿੱਚ ਇਹ ਕੁਝ ਕਰ ਰਹੇ ਹਾਂ। ਪਰ ਜੇ ਪ੍ਰੈਕਟੀਕਲੀ ਦੇਖਿਆ ਜਾਵੇ ਤਾਂ ਕੁਝ ਨਹੀਂ ਹੋਇਆ। ਕਿਸੇ ਡਿਪਾਰਟਮੈਂਟ ਨੇ ਕੁਝ ਨਹੀਂ ਕੀਤਾ except one or two. The Chairman of Punjab State Electricity Board went to Batala. The Managing Director of Punjab Small Industries Corporation also went to Batala. These two departments have helped.

ਮੈਂ ਇਹ ਰਿਕੁਐਸਟ ਕਰਾਂਗਾ ਕਿ ਇਸ ਤੇ ਗੌਰ ਕੀਤਾ ਜਾਵੇ ਜੇ ਤੁਸੀਂ ਇਸ ਇੰਡਸਟ੍ਰੀਅਲ ਟਾਊਨ ਨੂੰ ਬਚਾਉਣਾ ਹੈ, ਜੋ 45% ਰੂਰਲ ਲੇਬਰ ਨੂੰ ਬਚਾਉਣਾ ਹੈ। (ਘੰਟੀ) ਬਟਾਲੇ ਵੱਲ ਧਿਆਨ ਦਿੱਤਾ ਜਾਵੇ। ਇਹ ਮੇਰੀ ਰਿਕੁਐਸਟ ਹੈ।

ਇਸ ਤੋਂ ਬਾਅਦ ਇਕ ਚੀਜ਼ ਜਿਹੜੀ ਬਜਟ ਵਿੱਚ ਰੀਹੈਬਿਲੀਟੇਸ਼ਨ ਬਾਰੇ ਆਉਂਦੀ ਹੈ ਇਸ ਦੇ ਲਈ ਮੈਂ ਬਿਓਰੋਕਰੇਸੀ ਨੂੰ ਕਹਿਣਾ ਚਾਹੁੰਦਾ ਹਾਂ। I have one example with me. ਸੀ.ਐਮ. ਸਾਹਿਬ ਦਾ ਸ਼ਾਇਦ ਡਿਪਾਰਟਮੈਂਟ ਹੈ ਪਾਵਰ ਦਾ। ਬਟਾਲੇ ਵਿਚ ਜਨਵਰੀ ਮਹੀਨੇ ਵਿਚ ਜਿਹੜਾ ਮਰਡਰ ਹੋਇਆ ਸੀ ਇਲੈਕਟ੍ਰਿਸਿਟੀ ਬੋਰਡ ਦੇ ਵਰਕਰ ਦਾ, ਜਿਹੜਾ ਕਿ ਸ਼ਾਇਦ ਲਾਈਨਮੈਨ ਸੀ, ਉਥੇ ਇਲੈਕਟ੍ਰਿਸਿਟੀ ਬੋਰਡ ਦੇ ਚੇਅਰਮੈਨ ਸਾਹਿਬ ਖੁਦ ਬਟਾਲੇ ਆਏ, ਬਾਵਜੂਦ ਕਰਫਿਊ ਦੇ ਉਸ ਲਾਈਨਮੈਨ ਦੇ ਘਰ ਗਏ ਅਤੇ ਜਾ ਕੇ ਅਨਾਊਂਸਮੈਂਟ ਕੀਤੀ ਅਤੇ ਕਿਹਾ ਕਿ ਜੋ ਵੀ ਕੰਪਨਸੇਸ਼ਨ ਬਣਦਾ ਹੈ, ਹਾਊਸ ਬਿਲਡਿੰਗ ਐਡਵਾਂਸ ਦੀ ਮਾਫੀ ਹੈ ਜਾਂ ਉਸ ਦੇ ਬੱਚੇ ਨੂੰ ਨੌਕਰੀ ਦੇਣੀ ਹੈ ਜੋ ਕੁਝ ਵੀ ਬਣਦਾ ਹੈ ਦਿਤਾ ਜਾਏ। Next day every thing was done ਪਰ ਗੌਰਮੈਂਟ ਡਿਪਾਰਟਮੈਂਟ ਦੇ ਜਿਹੜੇ ਹਨ ਚਾਹੇ ਹਾਈਐਸਟ ਲੈਵਲ ਦਾ ਅਫਸਰ ਹੋਵੇ ਛੇ ਛੇ ਮਹੀਨੇ ਤਨਖਾਹ ਨਹੀਂ ਪਹੁੰਚਦੀ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਲਈ ਇਕ ਸੈਲ ਬਣਾਉਣਾ ਚਾਹੀਦਾ ਹੈ ਤਾਕਿ ਰਿਹੈਬੀਲੀਟੇਸ਼ਨ ਫੌਰੀ ਤੌਰ ਤੇ ਹੋ ਸਕੇ।

ਆਖਰ ਵਿਚ ਮੈਂ ਸਰਕਾਰ ਨੂੰ ਇਕ ਵਾਰੀ ਫਿਰ, ਸਪੀਕਰ ਸਾਹਿਬ, ਤੁਹਾਡੇ ਥਰੂ ਇਹ ਕਹਿਣਾ ਚਾਹਵਾਂਗਾ ਕਿ ਅੱਜ ਲੋੜ ਹੈ ਪੰਜਾਬ ਨੂੰ ਸਮਾਲ ਸਕੇਲ ਇੰਡਸਟਰੀ ਦੀ, ਅਤੇ ਜੋ ਪੰਜਾਬ ਦਾ ਛੋਟਾ ਵਰਕ ਕਰਨ ਵਾਲੇ ਹਨ ਉਨ੍ਹਾਂ ਨੂੰ ਉਪਰ ਉਠਾਉਣ ਦੀ, ਸਰਕਾਰ ਦੇ ਫੰਡਜ਼ ਚੈਨਾਲਾਈਜ਼ ਹੋਣੇ ਚਾਹੀਦੇ ਹਨ। ਸਮਾਲ ਸਕੇਲ ਇੰਡਸਟਰੀ ਤੇ ਨਾ ਕਿ ਪੈਪਸੀ ਕੋਲਾ ਆਦਿ ਤੇ ਜਿਸ ਨਾਲ ਇਹ ਜਿਹੜਾ ਗੈਪ ਹੈ ਇਹ ਵੀ ਵੱਧ ਜਾਵੇਗਾ ਔਰ ਜਿਸ ਦੇ ਨਾਲ poor will become the poor and the poorest.

**ਸਰਦਾਰ ਸੁਜਾਨ ਸਿੰਘ** (ਪੱਕਾ ਕਲਾਂ, ਐਸ.ਸੀ.) : ਆਨਰੇਬਲ ਸਪੀਕਰ ਸਾਹਿਬ, ਮਾਨਯੋਗ ਵਿੱਤ ਮੰਤਰੀ ਸਾਹਿਬ ਨੇ 20 ਮਾਰਚ ਨੂੰ 1987-88 ਦਾ ਜੋ ਬਜਟ ਹਾਊਸ ਦੇ ਵਿਚ ਪੇਸ਼ ਕੀਤਾ ਹੈ ਉਹ ਨਿਰਾਸ਼ਾਜਨਕ ਹੈ ਅਤੇ ਇੰਬੈਲੈਂਸਡ ਹੈ। ਪੰਜਾਬ ਦੀ ਆਰਥਿਕ ਸਥਿਤੀ ਪਿਛਲੇ ਪੰਜ ਛੇ ਸਾਲਾਂ ਤੋਂ ਇਨੀ ਭਿਆਨਕ ਹੈ, ਇਸ ਸਾਲ ਉਮੀਦ ਸੀ ਕਿ ਬਰਨਾਲਾ ਸਾਹਿਬ ਦੀ ਸਰਕਾਰ ਸੈਂਟਰ ਦੀ ਗੌਰਮਿੰਟ ਤੋਂ ਕੋਈ ਸਪੈਸ਼ਲ ਫਾਈਨਾਂਸ਼ਲ ਅਸਿਸਟੈਂਸ ਲੈ ਕੇ ਕੁਝ ਪੰਜਾਬ ਦੇ ਵਾਸੀਆਂ ਲਈ ਰਾਹਤ ਲਿਆਏਗੀ, ਪਰ ਇਹ ਨਹੀਂ ਹੋਇਆ ਬਲਕਿ ਨਵੇਂ ਸਾਲ ਵਿਚ 40 ਕਰੋੜ ਰੁਪਏ ਦੇ ਜੋ ਨਵੇਂ ਟੈਕਸ ਲਾਉਣੇ ਹਨ, ਇਸ ਦੇ ਨਾਲ 185 ਕਰੋੜ ਰੁਪਏ ਦਾ ਜੋ ਘਾਟਾ ਹੈ ਉਹ ਅਨਪੂਰਿਆ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਜਾਨ ਸਿੰਘ]
ਸਾਲ ਦੇ ਵਿਚ 225 ਕਰੋੜ ਰੁਪਏ ਦਾ ਬੋਝ ਹੈ ਜੋ ਪੰਜਾਬ ਵਾਸੀਆਂ ਤੇ ਪੈਣਾ ਹੈ ਔਰ ਇਸ ਦੇ ਨਾਲ ਜੋ ਨਵੇਂ ਟੈਕਸ ਲੱਗੇ ਹਨ ਉਸ ਤੋਂ 20 ਕਰੋੜ ਰੁਪਏ ਦਾ ਬੋਝ ਕਿਸਾਨ ਤੇ ਪਾ ਦਿੱਤਾ ਹੈ ਇੰਡਾਇਰੈਕਟਲੀ। ਅਨਾਜ ਦੀ ਫ਼ਸਲ ਜੋ ਮੰਡੀਆਂ ਵਿਚ ਆਉਣੀ ਹੈ ਉਸ ਫ਼ਸਲ ਤੇ ਸੈਸ ਲੱਗਣਾ ਹੈ, ਜਿਥੇ ਖਰੀਦਾਰ ਨੂੰ ਦੇਣਾ ਪੈਣਾ ਹੈ ਉਥੇ ਅਸਿਧੇ ਤੌਰ ਤੇ ਕਿਸਾਨ ਤੇ ਪੈਣਾ ਹੈ, ਸਿਧੇ ਤੌਰ ਤੇ ਖੱਪਤਕਾਰ ਤੇ ਪੈਣਾ ਹੈ ਜਿਸ ਨਾਲ ਆਟਾ , ਦਾਲਾਂ, ਮਿਰਚਾਂ ਅਤੇ ਤੇਲ ਸਭ ਦੀਆਂ ਕੀਮਤਾਂ ਵੱਧ ਜਾਣੀਆਂ ਹਨ। ਇਸ ਤਰ੍ਹਾਂ ਵਿੱਤ ਮੰਤਰੀ ਸਾਹਿਬ ਨੇ ਵਿਕਰੀ ਢਾਂਚੇ ਵਿਚ ਸੋਧ ਕਰਨ ਦਾ ਜ਼ਿਕਰ ਕੀਤਾ ਹੈ ਇਹ ਜੋ ਸਿਧਾ ਹੀ ਸੇਲਜ਼ ਟੈਕਸ ਵਿਚ ਵਾਧਾ ਹੋ ਜਾਣਾ ਹੈ ਔਰ ਇਸ ਦਾ ਵੀ ਪੰਜਾਬੀਆਂ ਤੇ ਬੜਾ ਭਾਰੀ ਅਸਰ ਪੈਣਾ ਹੈ। ਪੰਜਾਬ ਦਾ ਕਿਸਾਨ ਜੋ ਕੇਂਦਰ ਪੂਲ ਵਿਚ 60% ਕਣਕ ਅਤੇ 40% ਚਾਵਲ ਦਾ ਯੋਗਦਾਨ ਪਾਉਂਦਾ ਹੈ ਪਰ ਇਸ ਨੂੰ ਕਦੇ ਵੀ ਇਸ ਦੀ ਜਿਨਸ ਦਾ ਲਾਹੇਵੰਦ ਭਾਅ ਨਹੀਂ ਦਿਤਾ ਗਿਆ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਤਜਵੀਜ਼ ਕਰਦਾ ਹਾਂ ਕਿ ਜੇਕਰ ਸੱਚੇ ਦਿਲੋਂ ਸਰਕਾਰ ਇਮਾਨਦਾਰੀ ਨਾਲ ਕਿਸਾਨ ਦੀ ਹਮਦਰਦ ਹੈ ਤਾਂ ਐਗਰੀਕਲਚਰ ਨੂੰ ਇੰਡਸਟਰੀ ਡਿਕਲੇਅਰ ਕਰਨ ਤਾਕਿ ਜਿਸ ਤਰ੍ਹਾਂ ਇੰਡਸਟਰੀ ਨੂੰ ਘਾਟਾ ਨਹੀਂ ਪੈਂਦਾ ਇਸ ਤਰ੍ਹਾਂ ਖੇਤੀ-ਬਾੜੀ ਨੂੰ ਘਾਟਾ ਨਾ ਪਵੇ।

ਸਪੀਕਰ ਸਾਹਿਬ, ਬਜਟ ਵਿਚ ਅਨੁਸੂਚਿਤ ਜਾਤੀਆਂ ਦੇ ਲਈ ਜੋ ਰਕਮ ਰੱਖੀ ਗਈ ਹੈ ਇਹ ਥੋੜ੍ਹੀ ਹੈ। ਸਰਕਾਰ ਨੇ ਯਤਨ ਕੀਤਾ ਕਿ 10 ਹਜ਼ਾਰ ਦੀ ਬਜਾਏ 15 ਹਜ਼ਾਰ ਰੁਪਏ ਧਰਮ-ਸ਼ਾਲਾਵਾਂ ਬਣਾਉਣ ਲਈ ਕਰ ਦਿੱਤੇ ਪਰ 15 ਹਜ਼ਾਰ ਨਾਲ ਨਾ ਅੱਜ ਚਾਰ ਦੀਵਾਰੀ ਹੀ ਬਣਦੀ ਹੈ ਅਤੇ ਨਾ ਹੀ ਇਕ ਕਮਰਾ। ਬਿਲਡਿੰਗ ਕੰਪਲੀਟ ਨਹੀਂ ਹੁੰਦੀ। ਫਿਰ ਬਰਤਨਾਂ ਵਾਸਤੇ 2 ਹਜ਼ਾਰ ਰੁਪਏ ਰੱਖੇ ਹਨ। ਤੁਹਾਨੂੰ ਪਤਾ ਹੈ ਕਿ ਸਟੀਲ ਬਹੁਤ ਮਹਿੰਗਾ ਹੈ, ਆਨਰੇਬਲ ਮਨਿਸਟਰ ਸਾਹਿਬ ਨੂੰ ਵੀ ਪਤਾ ਹੈ। ਇਹ ਰਕਮ ਘੱਟ ਤੋਂ ਘੱਟ ਪੰਜ ਹਜ਼ਾਰ ਰੁਪਏ ਹੋਣੀ ਚਾਹੀਦੀ ਹੈ ਤਾ-ਕਿ ਅਨੁਸੂਚਿਤ ਜਾਤੀਆਂ ਦੇ ਜੋ ਲੋਕ ਹਨ ਉਨ੍ਹਾਂ ਨੂੰ ਘੱਟ ਤੋਂ ਘੱਟ ਅੱਧ ਪਚੱਧਾ ਫ਼ਾਇਦਾ ਤਾ ਪਹੁੰਚ ਸਕੇ।

ਜਿਥੋਂ ਤਕ ਸਰਵਿਸਿਜ਼ ਵਿਚ ਰਾਖਵੇਂ ਪੁਆਇੰਟਾਂ ਦਾ ਸੁਆਲ ਹੈ ਲਗਭਗ ਕਿਸੇ ਵੀ ਮਹਿਕਮੇ ਵਿਚ ਇਹ ਪੂਰੀ ਨਹੀਂ ਹੈ। ਪਿਛੇ ਜਿਹੇ ਮਾਰਕਫੈਡ ਦਾ ਮਸਲਾ ਆਇਆ। ਉਨ੍ਹਾਂ ਨੇ ਚਾਰ ਮੈਨੇਜ-ਮੈਂਟ ਟਰੇਨੀਜ਼ ਰੱਖਣੇ ਸਨ ਉਨ੍ਹਾਂ ਦੀਆਂ ਕੁਆਲੀਫਿਕੇਸ਼ਨਜ਼ ਸੀ.ਏ. ਔਰ ਐਮ.ਬੀ.ਏ. ਰਖੀ ਸੀ। ਇਕ ਸ਼ਡਿਊਲਡ ਕਾਸਟਸ ਕੈਂਡੀਡੇਟ ਮੈਰਿਟ ਤੇ ਆਉਂਦਾ ਸੀ, ਹਾਈਲੀ ਐਜੂਕੇਟਿਡ ਸੀ ਉਸ ਨੂੰ ਨਹੀਂ ਰੱਖਿਆ, ਸਗੋਂ ਜੋ ਘੱਟ ਐਕਸਪੀਰੀਐਂਸ ਵਾਲਾ ਸੀ ਉਸ ਨੂੰ ਰਖਿਆ ਗਿਆ ਔਰ ਰੱਖੇ ਵੀ ਕਿਹੜੇ ਗਏ ਹਨ, ਦੋ ਹਰਿਆਣੇ ਦੇ, ਇਕ ਚੰਡੀਗੜ੍ਹ ਦਾ ਔਰ ਇਕ ਜਲੰਧਰ ਦਾ। ਅਸੀਂ ਸਮਝਦੇ ਹਾਂ ਕਿ ਜਿਥੋਂ ਤੱਕ ਅਨਇੰਪਲਾਇਮੈਂਟ ਦਾ ਮਸਲਾ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਧਿਆਨ ਦੇਵੇ। ਪੰਜਾਬ ਦੇ ਨੌਜਵਾਨਾਂ ਵਿਚ ਜੋ ਵਧ ਰਹੀ ਬੇਰੁਜ਼ਗਾਰੀ ਹੈ, ਉਸ ਨਾਲ ਅਸੰਤੁਸ਼ਟਤਾ ਵਧ ਰਹੀ ਹੈ, ਉਸ ਨੂੰ ਦੂਰ ਕਰਨ ਲਈ ਬਜਟ ਵਿਚ ਕਿਸੇ ਪ੍ਰਕਾਰ ਦਾ ਪ੍ਰੋਵੀਜ਼ਨ ਨਹੀਂ ਕੀਤਾ। ਪਿਛੇ ਜਿਹੇ ਸਪੀਚ ਕਰ ਰਹੇ ਸਨ ਸਰਦਾਰ ਦਲੀਪ ਸਿੰਘ ਪਾਂਧੀ ਜੀ। ਉਨ੍ਹਾਂ ਨੇ ਇਕ ਬੜੀ ਅੱਛੀ ਮਿਸਾਲ ਦਿੱਤੀ ਸੀ ਔਰ ਇਧਰਲੇ ਵੀਰਾਂ ਤੋਂ ਮੰਗ ਕੀਤੀ ਸੀ ਕਿ ਉਹ ਕੇਂਦਰ ਦੀ ਸਰਕਾਰ ਨੂੰ ਕਹਿਣ ਤੇ ਸਾਡਾ ਸੀ.ਆਰ. ਪੀ.ਐਫ. ਤੇ ਬੀ.ਐਸ.ਐਫ. ਤੋਂ ਪਿੱਛਾ ਛਡਾਉਣ। ਮੈਂ ਵੀ ਇਹ ਹੀ ਕਹਿੰਦਾ ਹਾਂ ਕਿ ਜੇਕਰ ਪੰਜਾਬ ਵਿਚੋਂ ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਹਟਾਈ ਜਾਵੇ ਤਾਂ ਘਟੋ ਘੱਟ 10 ਹਜ਼ਾਰ ਪੰਜਾਬੀਆਂ ਦੇ ਮੁੰਡਿਆਂ ਨੂੰ ਪੁਲਿਸ ਵਿਚ ਨੌਕਰੀਆਂ ਮਿਲ ਸਕਦੀਆਂ ਹਨ। ਇਸ ਸਕਰਾਰ ਦੀ ਜ਼ਿਮੇਵਾਰੀ ਵੀ ਹੈ। ਐਡਮ-

Original with;
Punjab Vidhan Sabha
Digitized by;
Panjab Digital Library

ਨਿਸਟਰੇਸ਼ਨ ਚਲਾਉਣ ਵਾਲੇ ਕਾਬਲ ਹੁੰਦੇ ਹਨ ਪਰ ਅਫਸੋਸ ਹੈ ਕਿ ਪੁਲੀਟੀਕਲ ਇੰਟਰਫੀਅਰੇਂਸ ਦੀ ਵਜ੍ਹਾ ਨਾਲ ਸਾਰੀਆਂ ਦੀਆਂ ਸਾਰੀਆਂ ਸਰਵਿਸਿਜ਼ ਕਮਿਉਨੇਲਾਈਜ਼ ਹੋ ਗਈਆਂ ਹਨ। ਜਿਸ ਤਰ੍ਹਾਂ ਡੇਰਾ ਬਾਬਾ ਨਾਨਕ ਔਰ ਬਰਹਮਪੁਰਾ ਕਾਂਡ ਹੋਏ ਹਨ, ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਪੰਜਾਬ ਪੁਲਿਸ ਜਿਹੜੀ ਕਿ ਨਾਮਵਰ ਪੁਲਿਸ ਸੀ, ਉਸ ਨੂੰ ਸੀ.ਆਰ.ਪੀ.ਐਫ. ਔਰ ਬੀ.ਐਸ.ਐਫ. ਦੀ ਸਰਵ ਉਚਤਾ ਨੇ ਏਨਾ ਡੀਮਾਰੇਲਾਈਜ਼ ਕੀਤਾ ਹੈ ਕਿ ਉਹ ਮੁਸ਼ਕਲ ਨਾਲ ਆਪਣੀ ਸੇਵਾ ਨਿਭਾ ਰਹੇ ਹਨ। ਇਸ ਲਈ ਮੈਂ ਸਰਕਾਰ ਨੂੰ ਸੁਜੈਸਟ ਕਰਾਂਗਾ ਕਿ ਸੀ.ਆਰ.ਪੀ.ਐਫ. ਔਰ ਬੀ.ਐਸ.ਐਫ. ਨੂੰ ਪੰਜਾਬ ਵਿਚੋਂ ਕੱਢ ਕੇ ਪੀ.ਏ.ਪੀ. ਔਰ ਪੰਜਾਬ ਪੁਲਿਸ ਦੀ ਯੂਨੀਫਿਕੇਸ਼ਨ ਕੀਤੀ ਜਾਵੇ ਔਰ ਨਵੀਂ ਭਰਤੀ ਕੀਤੀ ਜਾਵੇ ਤਾਂ ਜੋ ਪੰਜਾਬ ਦਾ ਮਾਹੌਲ ਜੋ ਪਿਛਲੇ ਸਾਲਾਂ ਤੋਂ ਵਿਗੜਿਆ ਹੋਇਆ ਹੈ, ਉਸ ਨੂੰ ਕੁਝ ਠਲ ਪਏ। ਉਹ ਠੀਕ ਹੋ ਸਕੇ ਔਰ ਲੋਕ ਅਮਨ ਨਾਲ ਜ਼ਿੰਦਗੀ ਬਤੀਤ ਕਰ ਸਕਣ। ਹਾਉਸ ਵਿਚ ਔਰ ਹਾਉਸ ਤੋਂ ਬਾਹਰ ਜਿਹੜੀ ਗੱਲ ਚਲ ਰਹੀ ਹੈ ਉਹ ਹੈ ਕਿ ਧਰਮ ਨੂੰ ਔਰ ਸਿਆਸਤ ਨੂੰ ਵੱਖ ਵੱਖ ਕੀਤਾ ਜਾਵੇ। ਭਾਰਤੀ ਸੰਸਕਰਿਤੀ ਵਿਚ ਧਰਮ ਦਾ ਸਥਾਨ ਜੋ ਹੈ ਉਹ ਬਹੁਤ ਹੀ ਅਹਿਮ ਹੈ, ਮਹਾਨ ਹੈ। ਧਰਮ ਨੂੰ ਜੀਵਨ ਦੀ ਨੀਂਹ ਕਿਹਾ ਗਿਆ ਹੈ। ਵਿਅਕਤੀ, ਸਮਾਜ ਅਤੇ ਸੰਸਾਰ ਦੀ ਸ਼ਕਤੀ ਧਰਮ ਸਦਕਾ ਹੀ ਕਾਇਮ ਰਹਿੰਦੀ ਹੈ। ਧਰਮ ਨਾਲ ਵਿਕਾਸ ਹੁੰਦਾ ਹੈ ਅਤੇ ਅਧਰਮ ਨਾਲ ਵਿਨਾਸ਼। ਇਸ ਕਰਕੇ ਧਰਮ ਨੂੰ ਕਦੇ ਵੀ ਹੰਕਾਰੀ ਅੱਖਾਂ, ਝੂਠ ਬੋਲਣ ਵਾਲੀ ਜੀਭ, ਝੂਠੀਆਂ ਗਵਾਹੀਆਂ ਦੇਣ ਵਾਲਾ ਮੂੰਹ, ਬੁਰਾਈ ਦੇ ਰਸਤੇ ਤੇ ਚਲਣ ਵਾਲੇ ਪੈਰ, ਦੁਸ਼ਟਤਾ ਭਰੀਆਂ ਵਿਉਂਤ ਬਣਾਉਣ ਵਾਲੇ ਸਨ, ਮਾਸੂਮਾਂ ਦਾ ਕਤਲ ਕਰਨ ਵਾਲੇ ਹੱਥ ਅਤੇ ਮਿਤਰਾਂ ਵਿਚ ਫੁਟ ਪਾਉਣ ਵਾਲਾ ਮਨੁੱਖ ਧਰਮ ਨੂੰ ਕਦੇ ਵੀ ਚੰਗੇ ਨਹੀਂ ਲਗਦੇ। 17ਵੀਂ ਸਦੀ ਦੇ ਸ਼ੁਰੂ ਵਿਚ ਜਹਾਂਗੀਰ ਬਾਦਸ਼ਾਹ ਨੇ ਦੇਸ਼ ਦੇ ਘੱਟ ਗਿਣਤੀ ਦੇ ਧਰਮ, ਭਾਸ਼ਾ ਅਤੇ ਸਭਿਆਚਾਰਕ ਜੀਵਨ ਉਤੇ ਫਿਰਕੂ ਨੀਤੀ ਦਾ ਹਮਲਾ ਕੀਤਾ। ਜਿਸ ਦੇ ਸਿੱਟੇ ਵਜੋਂ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਮਹਾਰਾਜ ਸਰਕਾਰੀ ਦਹਿਸ਼ਤਵਾਦ ਦਾ ਸ਼ਿਕਾਰ ਬਣੇ। ਉਨ੍ਹਾਂ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਤੱਤੀਆਂ ਤਵੀਆਂ ਤੇ ਬਿਠਾ ਕੇ ਸ਼ਹੀਦ ਕਰਵਾਇਆ ਗਿਆ। ਇਸ ਘਟਨਾ ਦੇ ਕਾਰਨ ਗੁਰੂ ਘਰ ਦੇ ਸ਼ਰਧਾਲੂਆਂ ਦੇ ਮਨ ਤੇ ਅਸਰ ਪਿਆ। ਗੁਰੂ ਹਰਗੋਬਿੰਦ ਜੀ ਨੇ ਨਵੀਂ ਸੋਚ ਅਤੇ ਸੇਧ ਦਿਤੀ। ਛੇਵੇਂ ਗੁਰੂ ਸਾਹਿਬ ਨੇ ਗੁਰਗੱਦੀ ਦੀ ਜ਼ਿਮੇਵਾਰੀ ਸੰਭਾਲਣ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ; ਭਾਵ ਇਕ ਮੀਰੀ ਦੀ ਔਰ ਇਕ ਪੀਰੀ ਦੀ। ਭਗਤੀ ਔਰ ਸ਼ਕਤੀ ਦਾ ਸੁਮੇਲ ਕਰਵਾਇਆ। ਧਰਮ ਔਰ ਸਿਆਸਤ ਨੂੰ ਇਕ ਥਾਂ ਇਕਠਿਆਂ ਕਰਕੇ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ ਅਤੇ ਦੋ ਨਿਸ਼ਾਨ ਸਾਹਿਬ ਅੱਜ ਵੀ ਝੂਲ ਰਹੇ ਹਨ। ਇਕ ਮੀਰੀ ਦਾ ਅਤੇ ਇਕ ਪੀਰੀ ਦਾ। ਇਹ ਜਿਹੜੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਵਾਲੇ ਹਨ ਉਹ ਲਖਸ਼ਮਣ ਰੇਖਾ ਦੁਆਰਾ ਧਰਮ ਔਰ ਸਿਆਸਤ ਨੂੰ ਵੱਖ ਕਰਕੇ ਫਿਰਕਾਪ੍ਰਸਤੀ ਅਤੇ ਸਿਆਸਤ ਨੂੰ ਇਕੱਠਾ ਕਰਦੇ ਹਨ, ਜਿਹੜੀ ਕਿ ਨਾ ਦੇਸ਼ ਲਈ ਅਤੇ ਨਾ ਦੇਸ਼ ਵਾਸੀਆਂ ਲਈ ਲਾਹੇਵੰਦ ਹੈ। ਹੁਣ ਮੈਂ ਦੇਸ਼ ਦੀ ਆਜ਼ਾਦੀ, ਏਕਤਾ ਅਤੇ ਅਖੰਡਤਾ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਜੋ ਬਜਟ ਨਾਲ ਸਬੰਧਤ ਹੈ। ਦੇਸ਼ ਦੀ ਆਜ਼ਾਦੀ ਲਈ ਜਿਥੇ ਸਾਰਾ ਦੇਸ਼ ਲੜਿਆ ਉਥੇ ਘੱਟ ਗਿਣਤੀਆਂ ਨੇ ਵੀ ਵੱਧ ਤੋਂ ਵੱਧ ਹਿੱਸਾ ਪਾਇਆ ਹੈ। ਘੱਟ ਗਿਣਤੀਆਂ ਦੀਆਂ ਕੁਰ-ਬਾਨੀਆਂ ਵੱਧ ਹਨ। ਆਜ਼ਾਦੀ ਤੋਂ ਬਾਦ ਜਦੋਂ ਵੀ ਦੇਸ਼ ਨੂੰ ਖਤਰਾ ਪਿਆ ਤਾਂ ਘੱਟ ਗਿਣਤੀ ਨੇ ਵੱਧ ਚੜ੍ਹ ਕੇ ਹੌਂਸਲੇ ਨਾਲ ਦੇਸ਼ ਦੀ ਰਖਿਆ ਕੀਤੀ ਅਤੇ ਕਰਦੇ ਰਹਿਣਗੇ। ਜਿਥੋਂ ਤੱਕ ਰਾਸ਼ਟਰੀ ਏਕਤਾ ਦੀ ਗਲ ਹੈ ਕਹਿੰਦੇ ਹਨ ਕਿ ਖ਼ਤਰਾ ਹੈ। ਸਾਡਾ ਇਕ ਰਾਸ਼ਟਰ ਹੈ, ਇਸ ਦੇ ਲੋਕਾਂ ਦੀ ਇਕ ਰਾਸ਼ਟਰੀਅਤਾ ਹੈ, ਇਥੇ ਦੇ ਲੋਕਾਂ ਦਾ ਇਕ ਰਾਸ਼ਟਰਪਤੀ ਹੈ ਔਰ ਇਕ ਹੀ ਰਾਸ਼ਟਰੀ ਗੀਤ ਹੈ। ਇਕ ਰਾਸ਼ਟਰੀ ਝੰਡਾ ਹੈ, ਇਕ ਸੰਵਿਧਾਨ ਹੈ, ਇਕ ਕਾਨੂੰਨ ਵਿਚ ਵਿਸ਼ਵਾਸ ਹੈ, ਇਕ ਪਾਰਲੀਮੈਂਟ ਹੈ ਅਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਜਾਨ ਸਿੰਘ]

ਇਕ ਹੀ ਸੁਪਰੀਮ ਕੋਰਟ ਦਾ ਸਤਿਕਾਰ ਕਰਦੇ ਹਨ। ਇਸ ਤੋਂ ਇਲਾਵਾ ਭਾਰਤ ਵਪਾਰਕ ਤੌਰ ਤੇ ਅਤੇ ਵਿਦਿਅਕ ਤੌਰ ਤੇ ਵੀ ਇਕ ਹੈ। ਸਿੱਕਾ ਤੇ ਸੰਚਾਰ ਸਾਧਨ ਵੀ ਇਕ ਹਨ। ਜੇ ਆਜ਼ਾਦੀ ਅਤੇ ਏਕਤਾ ਨੂੰ ਕੋਈ ਖ਼ਤਰਾ ਨਹੀਂ ਤਾਂ ਸਾਨੂੰ ਸਮਝ ਨਹੀਂ ਆਉਂਦੀ ਕਿ ਅਖੰਡਤਾ ਨੂੰ ਕੀ ਖ਼ਤਰਾ ਹੈ? ਭਾਰਤ ਵਰਸ਼ ਦਾ ਇਹ ਖਾਸਾ ਹੈ ਕਿ ਇਹ ਬਹੁ ਭਾਸ਼ਾਈ, ਬਹੁ ਧਰਮੀ, ਬਹੁ ਕੌਮੀ ਅਤੇ ਬਹੁ-ਸਭਿਆਚਾਰਕ ਦੇਸ਼ ਹੈ। ਇਹੋ ਕਾਰਨ ਹੈ ਕਿ ਅਸੀਂ ਅਨੇਕਤਾ ਵਿਚ ਏਕਤਾ ਦੇਖਦੇ ਹਾਂ। ਮੈਂ ਸਮਝਦਾ ਹਾਂ ਕਿ ਅੱਜ ਜੇਕਰ ਖਤਰਾ ਹੈ ਤਾਂ ਉਹ ਕਮਜ਼ੋਰ ਹੋ ਰਹੀ ਇਮੋਸ਼ਨਲ ਡਿਸਇੰਟੇਗ-ਰੇਸ਼ਨ ਤੋਂ ਹੈ। ਭਾਵਨਾਤਮਕ ਤੌਰ ਤੇ ਕਮਜ਼ੋਰ ਹੋਣ ਕਰਕੇ ਭਾਰਤ ਕਮਜ਼ੋਰ ਹੋ ਰਿਹਾ ਹੈ। ਕੇਂਦਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਸਾਡੇ ਬੁਲਾਰਿਆਂ ਔਰ ਲੀਡਰਾਂ ਵਿਚ ਸਰਕਾਰੀ ਮੀਡੀਆ ਰਾਹੀਂ ਜੋ ਭਾਵਨਾਤਮਕ ਏਕਤਾ ਕਮਜ਼ੋਰ ਹੋ ਰਹੀ ਹੈ ਉਸ ਨੂੰ ਮਜ਼ਬੂਤ ਕਰਨ ਲਈ ਪੂਰਾ ਯੋਗਦਾਨ ਦੇਵੇ ਤਾਂ ਕਿ ਸਾਰਾ ਦੇਸ਼ ਮਜ਼ਬੂਤ ਰਹਿ ਸਕੇ। ਇਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਜੋ ਪੰਜਾਬ ਵਿਚ ਤੂਫ਼ਾਨ ਉਠ ਰਿਹਾ ਹੈ, ਇਹ ਨਾ ਕੋਈ ਲਾਅ ਐਂਡ ਆਰਡਰ ਦੀ ਸਮੱਸਿਆ ਹੈ, ਨਾ ਬਲਿਊ ਸਟਾਰ ਐਕਸ਼ਨ ਦੀ ਸਮੱਸਿਆ ਹੈ, ਨਾ ਮਿਲਟਰੀ ਐਕਸ਼ਨ ਦੀ ਸਮੱਸਿਆ ਹੈ। ਇਸ ਦਾ ਸਲੂਸ਼ਨ ਪੁਲੀਟੀਕਲ ਹੋ ਸਕਦਾ ਹੈ ਜੇ ਇਮਾਨਦਾਰੀ ਨਾਲ ਸਮਝੌਤੇ ਨੂੰ ਹੀ ਲਾਗੂ ਕਰ ਦਿੱਤਾ ਜਾਵੇ, ਸਗੋਂ ਪਿਛਲੇ ਸਾਲਾਂ ਤੋਂ ਜੋ ਦੇਸ਼ ਦੇ ਇਕ ਹੀ ਫਿਰਕੇ ਦੀ ਜੋ ਮਾਨਸਿਕ ਪੀੜਾ ਹੈ ਉਸ ਨੂੰ ਸਮਝ ਕੇ ਬਜਾਏ ਸਬਕ ਸ਼ਿਖਾਉਣ ਦੇ ਮਰਹਮ-ਪੱਟੀ ਕੀਤੀ ਜਾਵੇ। ਅਸੀਂ ਸਾਰੇ ਇਸ ਦੇਸ਼ ਦੇ ਰਹਿਣ ਵਾਲੇ ਹਾਂ, ਇਸ ਦੇਸ਼ ਦੀ ਸੇਵਾ ਕਰ ਰਹੇ ਹਾਂ ਅਤੇ ਕਰਦੇ ਰਹਾਂਗੇ।

ਹੁਣ ਮੈਂ ਇਸ ਬਜਟ ਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਬਜਟ ਅਨੁਸੂਚਿਤ ਜਾਤੀਆਂ ਲਈ ਜ਼ਿਕਰ ਨਹੀਂ ਕਰਦਾ ਉਥੇ ਇਹ ਕਿਸਾਨਾਂ ਲਈ ਵੀ ਉਤਸ਼ਾਹਜਨਕ ਨਹੀਂ ਹੈ। ਇਸ ਲਈ ਮੈਂ ਲੀਡਰ ਆਫ਼ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ ਕੇਂਦਰ ਦੀ ਸਰਕਾਰ ਤੋਂ ਵੱਧ ਤੋਂ ਵੱਧ ਮਦਦ ਲਈ ਜਾਵੇ। ਲਾਅ ਐਂਡ ਆਰਡਰ ਦੀ ਸਿਚੂਏਸ਼ਨ ਠੀਕ ਕਰਨ ਲਈ ਸਮਝੌਤਾ ਜਲਦੀ ਲਾਗੂ ਕਰਾਉਣ ਔਰ ਪੰਜਾਬ ਦੇ ਵਿਗੜਦੇ ਹਾਲਾਤ ਨੂੰ ਸੁਧਾਰਣ। ਜਿਥੋਂ ਤਕ ਇਸ ਬਜਟ ਦਾ ਸਵਾਲ ਹੈ, ਇਹ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ ਅਤੇ ਮੁਲਾਜ਼ਮ ਵਿਰੋਧੀ ਹੈ। ਅਨੁਸੂਚਿਤ ਜਾਤੀਆਂ ਲਈ ਵੀ ਜੋ ਜ਼ਿਕਰ ਕੀਤਾ ਗਿਆ ਹੈ ਉਸ ਬਾਰੇ ਮੇਰੇ ਤੋਂ ਪਹਿਲਾਂ ਸ੍ਰੀ ਰਾਮ ਲਾਲ ਜੀ ਨੇ ਦਸਿਆ ਹੈ ਔਰ ਮੈਂ ਵੀ ਇਹ ਕਹਿੰਦਾ ਹਾਂ ਕਿ ਇਹ ਅਨੁਸੂਚਿਤ ਜਾਤੀਆਂ ਲਈ ਵੀ ਵਿਰੋਧੀ ਹੈ। ਇਸ ਲਈ ਮੈਂ ਇਸ ਬਜਟ ਦੀ ਵਿਰੋਧਤਾ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ।

(ਇਸ ਵੇਲੇ ਸ੍ਰੀ ਸਪੀਕਰ ਨੇ ਸਰਦਾਰ ਬਲਵੰਤ ਸਿੰਘ ਸਰਹਾਲ ਜੀ ਨੂੰ ਬੋਲਣ ਲਈ ਕਾਲ ਅਪਾਨ ਕੀਤਾ ਪਰ ਉਹ ਬੋਲਣ ਲਈ ਖੜੇ ਨਹੀਂ ਹੋਏ। ਇਸ ਤੋਂ ਬਾਅਦ ਸ੍ਰੀ ਸਪੀਕਰ ਨੇ ਸਰਦਾਰ ਰਣਜੀਤ ਸਿੰਘ ਜੰਡਿਆਲਾ ਨੂੰ ਬੋਲਣ ਲਈ ਕਿਹਾ।)

**ਸਰਦਾਰਨੀ ਗੁਰਬਿੰਦਰ ਕੌਰ ਬਰਾੜ** : ਸਪੀਕਰ ਸਾਹਿਬ, ਹਾਊਸ ਵਿਚ 4-5 ਲੇਡੀਜ਼ ਹਨ। ਇਨ੍ਹਾਂ ਨੂੰ ਟਾਈਮ ਦਿਓ। ਸੁਸ਼ੀਲ ਮਹਾਜਨ ਬੋਲਣ ਲਈ ਕਈ ਵਾਰ ਖੜੀ ਹੋਈ ਹੈ ਪਰ ਉਨ੍ਹਾਂ ਨੂੰ ਟਾਈਮ ਨਹੀਂ ਮਿਲਿਆ।

**ਸ੍ਰੀ ਸਪੀਕਰ** : ਜੋ ਤੁਸੀਂ ਲਿਸਟ ਭੇਜੀ ਹੈ ਉਸ ਦੇ ਮੁਤਾਬਿਕ ਟਾਈਮ ਦਿੱਤਾ ਹੈ। **She will surely get time.**

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਦੇਵ ਸਿੰਘ ਸੰਧੂ :** ਸਪੀਕਰ ਸਾਹਿਬ, ਤੁਸੀਂ ਕਿਸ ਨੂੰ ਕਾਲ ਅਪਾਨ ਕੀਤਾ ਹੈ ਬੋਲਣ ਲਈ ?

**ਸ਼੍ਰੀ ਸਪੀਕਰ :** ਮੈਂ ਸਰਦਾਰ ਰਣਜੀਤ ਸਿੰਘ ਜੰਡਿਆਲਾ ਨੂੰ ਕਾਲ ਕੀਤਾ ਸੀ।

**ਸਰਦਾਰ ਜਸਦੇਵ ਸਿੰਘ ਸੰਧੂ :** ਪਹਿਲੇ ਤੁਸੀਂ ਸਰਦਾਰ ਬਲਵੰਤ ਸਿੰਘ ਸਰਹਾਲ ਨੂੰ ਕਾਲ ਅਪਾਨ ਕੀਤਾ ਸੀ।

**Mr. Speaker :** He was reluctant to speak. So I gave time to Sardar Ranjit Singh Jandiala.

**ਸਰਦਾਰ ਰਣਜੀਤ ਸਿੰਘ** (ਜੰਡਿਆਲਾ, ਐਸ.ਸੀ.) : ਸਪੀਕਰ ਸਾਹਿਬ, ਇਹ ਜੋ ਬਜਟ ਸਾਡੇ ਵਿੱਤ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਇਹ ਮੈਂ ਸਮਝਦਾ ਹਾਂ ਕਿ ਪੰਜਾਬ ਲਈ ਔਰ ਖਾਸ ਕਰਕੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਇਕ ਮੂੰਹ ਬੋਲਦੀ ਤਸਵੀਰ ਹੈ। ਜਦੋਂ ਅਕਾਲੀ ਸਰਕਾਰ ਆਈ ਸੀ ਤਾਂ ਇਸ ਨੇ ਪਛੜੀਆਂ ਸ਼੍ਰੇਣੀਆਂ ਦੀ ਉਨਤੀ ਵਾਸਤੇ ਬੜੇ ਕੰਮ ਕੀਤੇ। ਇਸ ਤੋਂ ਬਾਅਦ ਹੁਣ ਫਿਰ ਅਕਾਲੀ ਸਰਕਾਰ ਨੇ ਉਨ੍ਹਾਂ ਵਾਸਤੇ ਧਰਮਸ਼ਾਲਾਵਾਂ ਦੀ ਗ੍ਰਾਂਟ 10,000 ਰੁਪਏ ਤੋਂ ਵਧਾ ਕੇ 15,000 ਰੁਪਏ ਕਰਕੇ ਪੱਛੜੀਆਂ ਸ਼੍ਰੇਣੀਆਂ ਲਈ ਇਹ ਚੰਗਾ ਕੰਮ ਕੀਤਾ ਹੈ। ਇਹ ਹਰੀਜਨ ਭਰਾ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਕਿਸੇ ਅੱਛੀ ਥਾਂ ਤੇ ਕਾਰਜ ਕਰ ਸਕਣ। ਇਹ ਕਾਂਗਰਸੀ ਮੈਂਬਰ ਪਿਛਲੇ 40 ਸਾਲਾਂ ਤੋਂ ਇਨ੍ਹਾਂ ਤੋਂ ਵੋਟਾਂ ਲੈਂਦੇ ਰਹੇ ਹਨ ਅਤੇ ਇਥੇ ਰਾਜ ਕਰਦੇ ਰਹੇ ਹਨ ਪਰ ਇਨ੍ਹਾਂ ਨੇ ਕਦੇ ਇਨ੍ਹਾਂ ਦੇ ਭਲੇ ਵਾਸਤੇ ਕੁਝ ਨਹੀਂ ਸੀ ਕੀਤਾ। ਇਨ੍ਹਾਂ ਕਾਂਗਰਸੀਆਂ ਸਿਵਾਏ ਸਰਮਾਏਦਾਰੀ, ਜਗੀਰਦਾਰੀ ਅਤੇ ਕੁਨਬਾਪਰਵਰੀ ਦੀ ਭਲਾਈ ਕਰਨ ਤੋਂ ਇਲਾਵਾ ਇਨ੍ਹਾਂ ਨੇ ਕਦੇ ਪਿਛਲੇ 40 ਸਾਲਾਂ ਵਿਚ ਸਾਡਾ ਖਿਆਲ ਨਹੀਂ ਰਖਿਆ। ਜਦੋਂ ਅਕਾਲੀ ਪਾਰਟੀ ਦੀ ਸਰਕਾਰ ਇਥੇ ਆਉਂਦੀ ਹੈ ਅਤੇ ਹੁਣ ਵੀ ਸਾਡੀ ਸਰਕਾਰ ਨੇ ਹਰੀਜਨਾਂ ਦੇ ਬੱਚਿਆਂ ਨੂੰ 6 ਰੁਪਏ ਵਜ਼ੀਫੇ ਤੋਂ 20 ਰੁਪਏ ਵਜ਼ੀਫਾ ਕਰ ਦਿੱਤਾ ਹੈ (ਥੰਪਿੰਗ) ਤਾਕਿ ਇਹ ਬੱਚੇ ਆਪਣੀ ਪੜ੍ਹਾਈ ਕਰ ਸਕਣ ਅਤੇ ਅੱਛੇ ਤਰੀਕੇ ਨਾਲ ਵਿਦਿਆ ਪ੍ਰਾਪਤ ਕਰ ਸਕਣ ਔਰ ਸਰਕਾਰ ਨੇ ਇਨ੍ਹਾਂ ਦੇ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਦਸਵੀਂ ਤੱਕ ਬੁਕਸ ਮੁਫਤ ਦਿੱਤੀਆਂ ਹਨ ਜਦ ਕਿ ਕਾਂਗਰਸ ਵਾਲੇ ਇਸ ਤਰ੍ਹਾਂ ਨਹੀਂ ਕਰ ਸਕੇ। ਇਨ੍ਹਾਂ ਨੂੰ ਡਰ ਸੀ ਕਿ ਕਦੇ ਇਹ ਪੜ੍ਹ ਲਿਖ ਗਏ ਤਾਂ ਇਹ ਸਾਨੂੰ ਵੋਟਾਂ ਨਹੀਂ ਦੇਣਗੇ ਅਤੇ ਸਾਡੇ ਹੱਥੋਂ ਨਿਕਲ ਜਾਣਗੇ। ਪਰ ਹੁਣ ਸਾਡੀ ਸਰਕਾਰ ਨੇ ਇਨ੍ਹਾਂ ਨੂੰ ਪਹਿਲੀ ਤੋਂ 10ਵੀਂ ਤੱਕ ਮੁਫਤ ਵਿਦਿਆ ਦਾ ਪ੍ਰਬੰਧ ਕੀਤਾ ਹੈ ਅਤੇ ਕਿਤਾਬਾਂ ਮੁਫਤ ਦੇ ਰਹੀ ਹੈ। ਇਸ ਲਈ ਸਰਕਾਰ ਵਧਾਈ ਦੀ ਪਾਤਰ ਹੈ (ਥੰਪਿੰਗ) ਇਸ ਤੋਂ ਇਲਾਵਾ ਸਰਕਾਰ ਨੇ ਗਰੀਬ ਹਰੀਜਨਾਂ ਦੇ ਘਰਾਂ ਵਿਚ ਰੌਸ਼ਨੀ ਦੇਣ ਦਾ ਫੈਸਲਾ ਕੀਤਾ ਹੈ ਤਾਕਿ ਹਰ ਹਰੀਜਨ ਦੇ ਘਰ ਫਰੀ ਇਕ ਲਾਟੂ ਲਗਾਇਆ ਜਾਵੇਗਾ ਤਾਕਿ ਉਸ ਨੂੰ ਵੀ ਬਿਜਲੀ ਦਾ ਫਾਇਦਾ ਹੋ ਸਕੇ ਅਤੇ ਉਨ੍ਹਾਂ ਦੇ ਬੱਚੇ ਦਿਨ ਨੂੰ ਕੰਮ ਕਰ ਸਕਦੇ ਹਨ ਅਤੇ ਰਾਤ ਨੂੰ ਪੜ੍ਹਾਈ ਕਰ ਸਕਦੇ ਹਨ। ਲਾਈਟ ਦਾ ਪ੍ਰਬੰਧ ਕਰਕੇ ਸਰਕਾਰ ਵਧਾਈ ਦੀ ਪਾਤਰ ਹੈ। (ਥੰਪਿੰਗ) ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਭਾਂਡਿਆਂ ਦੇ ਵਾਸਤੇ ਪ੍ਰਬੰਧ ਕੀਤਾ ਹੈ। ਕਿਉਂਕਿ ਇਹ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਭਾਂਡੇ ਲੈ ਨਹੀਂ ਸਕਦੇ ਸਨ ਪਰ ਸਾਡੀ ਸਰਕਾਰ ਨੇ ਨਵੀਂ ਸਕੀਮ ਬਣਾ ਕੇ ਇਹ ਭਾਂਡੇ ਦੇਣ ਦਾ ਪ੍ਰਬੰਧ ਕੀਤਾ ਹੈ। ਇਸ ਲਈ ਇਹ ਵਧਾਈ ਦੇ ਪਾਤਰ ਹਨ। ਇਸ ਤੋਂ ਇਲਾਵਾ, ਆਈ.ਪੀ.ਐਸ. ਅਤੇ ਪੀ.ਸੀ.ਐਸ. ਅਤੇ ਆਈ.ਏ.ਐਸ. ਦੇ ਲਈ ਜਿਹੜੇ ਹਰੀਜਨਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ]

ਦੇ ਬੱਚੇ ਪੜ੍ਹਾਈ ਨਹੀਂ ਕਰ ਸਕਦੇ ਸਨ ਉਨ੍ਹਾਂ ਦੇ ਲਈ ਯੂਨੀਵਰਸਿਟੀ ਵਿਚ ਫਰੀ ਸੈਂਟਰ ਖੋਲ੍ਹ ਦਿੱਤੇ ਹਨ। ਇਹ ਨਵੇਂ ਸੈਂਟਰ ਉਨ੍ਹਾਂ ਹਰੀਜਨਾਂ ਦੇ ਬੱਚਿਆਂ ਲਈ ਖੋਲ੍ਹ ਕੇ ਸਰਕਾਰ ਨੇ ਬਹੁਤ ਅੱਛਾ ਕੰਮ ਕੀਤਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਧਰਮਸ਼ਾਲਾਵਾਂ ਲਈ 10 ਹਜ਼ਾਰ ਰੁਪਏ ਤੋਂ ਗ੍ਰਾਂਟ ਵਧਾ ਕੇ 15 ਹਜ਼ਾਰ ਕਰ ਦਿੱਤੀ ਹੈ ਕਿਉਂਕਿ ਸਰਕਾਰ ਸਮਝਦੀ ਹੈ ਕਿ ਮਹਿੰਗਾਈ ਹੋ ਗਈ ਹੈ ਅਤੇ 10 ਹਜ਼ਾਰ ਰੁਪਿਆ ਥੋੜ੍ਹਾ ਹੈ। ਇਸ ਦੇ ਲਈ ਸਰਕਾਰ ਵਧਾਈ ਦੀ ਪਾਤਰ ਹੈ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦੀ ਹਾਂ।

**Mr. Speaker :** The House stands adjourned till 9.00 A.M. on Thursday, the 26th March, 1987.

***1.30 P.M.** | *(The Sabha then adjourned* till 9.00 A.M. on Thursday, the 26th March, 1987).*

26251 PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1987

Published under the authority of the Punjab Vidhan Sabha and printed by the Controller, Printing and Stationery Department, U.T., Chandigarh.

Original with;
Punjab Vidhan Sabha
Digitized by;
Panjab Digital Library